# ਸ਼ਬਦਾਂ ਦੇ ਸ਼ਿਲਪੀ

**ਇਸੇ ਕਲਮ ਤੋਂ...**

1. ਭਾਰਤ ਦੇ ਉੱਘੇ ਸੁਤੰਤਰਤਾ ਸੰਗਰਾਮੀ (2010)
2. ਗ਼ਦਰ ਲਹਿਰ ਦੇ ਸ਼ਹੀਦ (2019)
3. ਉੱਘੇ ਗ਼ਦਰੀ ਸੂਰਬੀਰ (2024)

**ਸੰਪਾਦਨਾ**

1. ਪੰਡਤ ਰਾਮ ਚੰਦ ਪੰਡੋਰੀ ਦੀ ਕਵੀਸ਼ਰੀ (2010)
2. ਮਹਿਕ ਸ਼ਬਦਾਂ ਦੀ (ਸਾਂਝਾ ਕਾਵਿ-ਸੰਗ੍ਰਹਿ) (2019)
3. ਸੋਚਾਂ ਦੀ ਦਹਿਲੀਜ਼ (ਸਾਂਝਾ ਕਾਵਿ-ਸੰਗ੍ਰਹਿ) (2025)

# ਸ਼ਬਦਾਂ ਦੇ ਸ਼ਿਲਪੀ

ਦਲਜੀਤ ਰਾਏ ਕਾਲੀਆ

**Shabdan De Shilpi**

*by*

**Daljit Rai Kalia**
Ward No. 15, Old Talwandi Road, Zira - 142047.
Distt. Ferozepur
Mob. 94174-55968, 97812-00168
Email: daljitkalia6@gmail.com

©Daljit Rai Kalia

**First Edition : 2026**

**ISBN : 978-81-**

**Price : 300/-**

*Distributor*

**Insta: @Kitab_Expo_Canada**
Mb. 82839-49757 (India), +1(647)-470-4630
Website: KitabExpoCanada.Com

*Laser Type Setting:*

**PATIALA COMPUTERS**
Opp. Punjabi University, Patiala
M. 98557-08204, 99159-79774
E-mail: patialacomposer@gmail.com

**URHA PUBLICATION**
Moga (Punjab) - 152028
Mob. 98147-93108, +1(647) 923-3722
E-mail: publicationuda@gmail.com
Insta: @uda_publication

# ਸਮਰਪਣ

ਪੂਜਨੀਕ ਮਾਤਾ-ਪਿਤਾ ਜੀ ਦੀ
ਨਿੱਘੀ ਮਿੱਠੀ ਯਾਦ ਨੂੰ

# ਤਤਕਰਾ


- *ਭੂਮਿਕਾ – ਡਾ. ਚਰਨਜੀਤ ਸਿੰਘ ਗੁਮਟਾਲਾ* *9*
- *ਦੋ ਸ਼ਬਦ – ਦਲਜੀਤ ਰਾਏ ਕਾਲੀਆ* *21*

1. ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ 23
2. ਅਮਰੀਕ ਸਿੰਘ ਤਲਵੰਡੀ 35
3. ਇਕਬਾਲ ਘਾਰੂ 40
4. ਸੁਖਵਿੰਦਰ ਅੰਮ੍ਰਿਤ 46
5. ਡਾ. ਸੁਰਜੀਤ ਚੰਦਰ 54
6. ਸੁਰਿੰਦਰ ਸਿੰਘ ਨੇਕੀ 59
7. ਸੁਲੱਖਣ ਸਰਹੱਦੀ 62
8. ਗੁਰਚਰਨ ਸਿੰਘ ਨੂਰਪੁਰ 71
9. ਡਾ. ਗੁਰਚਰਨ ਕੌਰ ਕੋਚਰ 77
10. ਗੁਰਮੀਤ ਕੜਿਆਲਵੀ 84
11. ਗੁਰਮੇਲ ਸਿੰਘ ਬੌਡੇ 88
12. ਜਗਦੀਸ਼ ਰਾਏ ਕੁਲਰੀਆਂ 93
13. ਡਾ. ਜੋਗਿੰਦਰ ਸਿੰਘ ਨਿਰਾਲਾ 99
14. ਜੋਗਿੰਦਰ ਕੌਰ ਅਗਨੀਹੋਤਰੀ 105
15. ਡਾ. ਦਰਸ਼ਨ ਸਿੰਘ ਆਸ਼ਟ 108
16. ਨਵਰਾਹੀ ਘੁਗਿਆਣਵੀ 113
17. ਪਾਲ ਗੁਰਦਾਸਪੁਰੀ 120

18. ਪ੍ਰਿੰਸੀਪਲ ਬਹਾਦਰ ਸਿੰਘ ਗੋਸਲ 125

19. ਡਾ. ਬਲਦੇਵ ਸਿੰਘ ਬੱਦਨ 128

20. ਡਾ. ਬਿਕਰਮ ਸਿੰਘ ਘੁੰਮਣ 136

21. ਭੋਲਾ ਸਿੰਘ ਸੰਘੇੜਾ 141

22. ਮਾਲਵਿੰਦਰ ਸ਼ਾਇਰ 145

23. ਲਾਲ ਸਿੰਘ ਕਲਸੀ 149

24. ਲਾਲ ਸਿੰਘ ਦਸੂਹਾ 154

25. ਦਲਜੀਤ ਰਾਏ ਕਾਲੀਆ : ਇੱਕ ਕਵੀ-ਚਿੱਤ ਵਾਰਤਕਕਾਰ 160
— ਜਸਬੀਰ ਕਲਸੀ ਧਰਮਕੋਟ

# ਭੂਮਿਕਾ

'ਸ਼ਬਦਾਂ ਦੇ ਸ਼ਿਲਪੀ' ਦਲਜੀਤ ਰਾਏ ਕਾਲੀਆ ਦੀ ਇਹ ਸੱਤਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ 6 ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਤਿੰਨ ਪੁਸਤਕਾਂ ਉਸ ਦੀਆਂ ਮੌਲਿਕ ਹਨ, ਤਿੰਨ ਪੁਸਤਕਾਂ ਦੀ ਉਨ੍ਹਾਂ ਸੰਪਾਦਨਾ ਕੀਤੀ ਹੈ।

ਇਸ ਪੁਸਤਕ ਵਿੱਚ 25 ਲੇਖਕਾਂ ਦੀਆਂ ਜੀਵਨੀਆਂ ਸ਼ਾਮਲ ਹਨ। 166 ਪੰਨਿਆਂ ਵਾਲੀ ਇਸ ਪੁਸਤਕ ਵਿੱਚ ਕਾਲੀਆ ਜੀ ਨੇ ਕੁੱਜੇ ਵਿੱਚ ਸਮੁੰਦਰ ਭਰ ਦਿੱਤਾ ਹੈ। ਰੰਗ ਬਰੰਗੇ ਬਗੀਚੇ ਵਾਂਗ ਹਰੇਕ ਲੇਖਕ ਦਾ ਆਪਣਾ ਆਪਣਾ ਰੰਗ ਹੈ।

ਜਦ ਅਸੀਂ ਸਾਰੀ ਕਿਤਾਬ ਪੜ੍ਹਕੇ ਸੋਚਦੇ ਹਾਂ ਕਿ ਬਹੁਤੇ ਲੇਖਕਾਂ ਦੀ ਜ਼ਿੰਦਗੀ ਛੋਟੇ ਮੋਟੇ ਕਾਰੋਬਾਰ ਨਾਲ ਸ਼ੁਰੂ ਹੁੰਦੀ ਹੈ। ਉਨ੍ਹਾਂ ਅੰਦਰ ਪੜ੍ਹਾਈ ਕਰਨ ਦੀ ਚਿਣਗ ਪੈਦਾ ਹੁੰਦੀ ਹੈ। ਪੜ੍ਹਾਈ ਕਰਨ ਦੇ ਨਾਲ ਨਾਲ ਉਨ੍ਹਾਂ ਅੰਦਰ ਲਿਖਣ ਦਾ ਸ਼ੌਂਕ ਪੈਦਾ ਹੁੰਦਾ ਹੈ। ਉਹ ਕੋਈ ਨਾ ਕੋਈ ਰਚਨਾ ਕਿਸੇ ਅਖ਼ਬਾਰ ਨੂੰ ਭੇਜਦੇ ਹਨ। ਜਦ ਰਚਨਾ ਪ੍ਰਕਾਸ਼ਿਤ ਹੁੰਦੀ ਹੈ ਤੇ ਹੋਰ ਲਿਖਤ ਲਈ ਮਨ ਉਤਾਵਲਾ ਹੁੰਦਾ ਹੈ। ਜਦ ਕਾਫੀ ਲੇਖ ਛੱਪ ਜਾਂਦੇ ਹਨ ਤਾਂ ਉਨ੍ਹਾਂ ਅੰਦਰ ਪੁਸਤਕ ਛਪਵਾਉਣ ਲਈ ਮਨ ਕਰਦਾ ਹੈ। ਜਦ ਕਿਤਾਬ ਛੱਪ ਜਾਂਦੀ ਹੈ ਤਾਂ ਉਸ ਨੂੰ ਲੋਕ ਅਰਪਣ ਕਰਨ ਦੀ ਤਿਆਰੀ ਹੋ ਜਾਂਦੀ ਹੈ। ਲੇਖਕਾਂ ਨੂੰ ਸਮਾਗਮ ਵਿਚ ਇਕੱਠੇ ਹੋਣ ਦਾ ਮੌਕਾ ਮਿਲ ਜਾਂਦਾ ਹੈ। ਕਿਤਾਬ ਰਲੀਜ਼ ਕਰਨ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਲਗਦੀਆਂ ਹਨ। ਰਿਸ਼ਤੇਦਾਰ, ਸੱਜਣ ਮਿੱਤਰ ਵਧਾਈਆਂ ਦੇਂਦੇ ਹਨ। ਕਿਤਾਬ ਦੇ ਰੀਵਿਊ ਅਖ਼ਬਾਰਾਂ ਵਿਚ ਛਪਦੇ ਹਨ। ਇਹੋ ਕਾਰਨ ਹੈ ਕਿ ਵੱਖ ਵੱਖ ਵਿਸ਼ਿਆਂ ਸਬੰਧੀ ਪੁਸਤਕਾਂ ਕਿਤਾਬਾਂ ਲਿਖੀਆਂ ਜਾ ਰਹੀਆਂ ਹਨ। ਬੜੀ ਖ਼ੁਸ਼ੀ ਦੀ ਗੱਲ ਹੈ ਕਿ ਸਾਹਿਤਕ ਸਭਾਵਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

ਹੱਥਲੀ ਕਿਤਾਬ ਦੇ ਪਹਿਲੇ ਅਧਿਆਇ ਵਿੱਚ ਲੇਖਕ, **ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ** ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੇ ਜੀਵਨ ਵਿੱਚ ਆਏ ਉਤਰਾਵਾਂ ਚੜ੍ਹਾਵਾਂ ਨੂੰ ਵੇਖਣ 'ਤੇ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਪਿਤਾ ਪੰਡਿਤ ਗੋਪਾਲ ਦਾਸ ਭਾਵੇਂ ਸਕੂਲ ਅਧਿਆਪਕ ਸਨ, ਪਰ ਪਰਿਵਾਰ ਗਾਸੋ ਨੂੰ ਜਜ਼ਮਾਨੀ-ਪੁਰੋਹਿਤੀ ਦੇ ਕਿੱਤੇ ਵਿੱਚ ਪਾਉਣਾ ਚਾਹੁੰਦਾ ਸੀ। ਇਸ ਲਈ ਛੋਟਿਆਂ ਹੁੰਦਿਆਂ ਹੀ ਉਸ ਨੂੰ ਹੰਡਿਆਇਆ ਕਸਬੇ ਦੇ ਸਾਧ ਪਰਮਾਨੰਦ ਅਤੇ ਉੱਤਮ ਗਿਰੀ

ਦੇ ਡੇਰੇ ਛੱਡ ਆਇਆ। ਬਾਅਦ ਵਿੱਚ ਬਰਨਾਲੇ ਦੇ ਰਿਸ਼ੀਕੁਲ ਵਿੱਚ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਉਨ੍ਹਾਂ ਨੇ 13 ਵਰ੍ਹੇ ਸਾਧਾਂ ਦੇ ਡੇਰਿਆਂ, ਰਿਸ਼ੀਕੁਲਾਂ ਅਤੇ ਪਾਠਸ਼ਾਲਾਵਾਂ ਵਿੱਚ ਧੱਕੇ ਖਾਧੇ। ਮਾਤਾ ਨੇ ਉਸ ਨੂੰ ਸਕੂਲ ਭੇਜਣਾ ਸ਼ੁਰੂ ਕੀਤਾ। ਉਨ੍ਹਾਂ ਨੇ ਕੁਝ ਹੀ ਸਮੇਂ ਵਿੱਚ ਹਿੰਦੀ ਰਤਨ, ਮੈਟ੍ਰਿਕ ਕਰਕੇ ਮਦਰਾਸ ਦੇ ਇੱਕ ਕਾਲਜ ਫਾਰ ਫਿਜੀਕਲ ਐਜ਼ੂਕੇਸ਼ਨ ਤੋਂ ਸੀ.ਪੀ.ਐਡ. ਦਾ ਕੋਰਸ ਕਰ ਲਿਆ। ਪਹਿਲੀ ਦਸੰਬਰ 1954 ਨੂੰ ਸਰਕਾਰੀ ਮਿਡਲ ਸਕੂਲ ਮੌੜ (ਤਪਾ) ਵਿੱਚ ਉਨ੍ਹਾਂ ਦੀ ਸਰੀਰਿਕ ਸਿੱਖਿਆ ਅਧਿਆਪਕ ਵਜੋਂ ਨਿਯੁਕਤੀ ਹੋਈ। ਉਹ 30 ਅਪ੍ਰੈਲ 1991 ਨੂੰ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਏ।

ਆਪਣੇ ਅਧਿਆਪਕ ਕਾਲ ਸਮੇਂ ਉਨ੍ਹਾਂ ਪ੍ਰਭਾਕਰ, ਬੀ.ਏ., ਪੰਜਾਬੀ ਅਤੇ ਹਿੰਦੀ ਦੀ ਐਮ.ਏ. ਪ੍ਰਾਈਵੇਟ ਉਮੀਦਵਾਰ ਦੇ ਤੌਰ ’ਤੇ ਪਾਸ ਕੀਤੀ। ਐਮ.ਫਿਲ. ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹਾਸਲ ਕਰਕੇ ਪ੍ਰਾਈਵੇਟ ਕਾਲਜਾਂ ਵਿੱਚ ਪ੍ਰੋਫ਼ੈਸਰ ਵਜੋਂ ਸੇਵਾ ਕੀਤੀ। 1966 ਵਿੱਚ ਉਨ੍ਹਾਂ ਦਾ ਪਹਿਲਾ ਨਾਵਲ ‘ਸੁਪਨੇ ਤੋਂ ਸੰਸਕਾਰ’ ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ, ਪ੍ਰਾਪਤ ਕੀਤੇ ਪੁਰਸਕਾਰਾਂ ਬਾਰੇ ਲੇਖਕ ਨੇ ਇਸ ਪੁਸਤਕ ਵਿਚ ਵਰਨਣ ਕੀਤਾ ਹੈ। ਖ਼ੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦੇ ਘਰ ਵਿੱਚ ਚਾਰ ਵਿਅਕਤੀ ਪੀ.ਐੱਚ.ਡੀ ਵਾਲੇ ਹਨ।

ਦੂਸਰੇ ਅਧਿਆਇ ਵਿਚ **ਅਮਰੀਕ ਸਿੰਘ ਤਲਵੰਡੀ** ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਉਹ ਸ਼੍ਰੋਮਣੀ ਬਾਲ ਸਾਹਿਤਕਾਰ, ਗੀਤਾਂ ਦਾ ਸਫ਼ਲ ਰਚੇਤਾ, ਮਿੰਨੀ ਕਹਾਣੀ ਦਾ ਮਹਾਂਰਥੀ, ਆਕਾਸ਼ਵਾਣੀ ਤੇ ਦੂਰਦਰਸ਼ਨ ਤੋਂ ਪ੍ਰਮਾਣਿਤ ਸ਼ਾਇਰ ਅਤੇ ਸਟੇਜ ਦਾ ਧਨੀ ਪ੍ਰਭਾਵਸ਼ਾਲੀ ਬੁਲਾਰਾ ਹੈ। ਪੇਸ਼ੇ ਵਜੋਂ ਅਧਿਆਪਕ ਜਿਸ ਨੂੰ ਮਿਲਣ ਦਾ ਮੈਨੂੰ ਸੁਭਾਗ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਜੋ ਕਿ ਹਵਾਈ ਜਹਾਜਾਂ ਦਾ ਜਨਮਦਾਤਾ ਕਰਕੇ ਜਾਣਿਆ ਜਾਂਦਾ ਸ਼ਹਿਰ ਡੇਟਨ (ਓਹਇਹ) ਵਿਖੇ ਪ੍ਰਾਪਤ ਹੋਇਆ। ਇਸ ਪੁਸਤਕ ਵਿੱਚ ਕਾਲੀਆ ਜੀ ਨੇ ਉਨ੍ਹਾਂ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ਹੈ ਜਿਸ ’ਤੇ ਸਭ ਪੰਜਾਬੀਆਂ ਨੂੰ ਮਾਣ ਹੈ। ਉਨ੍ਹਾਂ ਨਾ ਕੇਵਲ ਪੰਜਾਬ ਬਲਕਿ ਵਿਦੇਸ਼ਾਂ ਵਿੱਚ ਵੀ ਆਪਣੀ ਪਛਾਣ ਬਣਾਈ ਹੈ। ਉਸ ਨੂੰ ਪੰਜਾਬ ਸਰਕਾਰ ਵੱਲੋਂ 1988 ਵਿੱਚ ਅਧਿਆਪਕ ਪੁਰਸਕਾਰ ਤੇ 1993 ਵਿੱਚ ਭਾਰਤ ਸਰਕਾਰ ਵੱਲੋਂ ਕੌਮੀ ਪੁਰਸਕਾਰ ਨਾਲ ਨਿਵਾਜਿਆ ਗਿਆ। ਉਸ ਨੇ ਪਹਿਲੀ ਰਚਨਾ 17 ਸਾਲ ਦੀ ਉਮਰ ਵਿੱਚ ਲਿਖੀ। ਉਨ੍ਹਾਂ ਦਾ ਪਲੇਠਾ ਗੀਤ ਸੰਗ੍ਰਹਿ ‘ਕੁਆਰੇ ਬੋਲ’ 1975 ਵਿੱਚ ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੇ ਲਿਖੇ 50 ਦੇ ਕਰੀਬ ਗੀਤਾਂ ਨੂੰ ਨਾਮਵਰ ਗਾਇਕ ਆਪਣੀ ਆਵਾਜ਼ ਵਿੱਚ ਰਿਕਾਰਡ ਕਰਵਾ ਚੁੱਕੇ। ਉਹ ਹੁਣ ਤੀਕ ਪੰਜਾਬੀ ਸਾਹਿਤ ਦੀ ਝੋਲੀ 36 ਕਿਤਾਬਾਂ ਦਾ ਯੋਗਦਾਨ

ਪਾ ਚੁੱਕਾ ਹੈ। ਉਨ੍ਹਾਂ ਦੀਆਂ ਰਚਨਾਵਾਂ ਤੇ ਹੋਰ ਜਾਣਕਾਰੀ ਪੁਸਤਕ ਵਿੱਚ ਦਿੱਤੀ ਗਈ ਹੈ।

ਪੁਸਤਕ ਦਾ ਤੀਸਰਾ ਅਧਿਆਇ **ਇਕਬਾਲ ਘਾਰੂ** ਨੂੰ ਸਮਰਪਤਿ ਹੈ, ਜਿਸ ਨੂੰ ਪੰਜਾਬੀ ਸਾਹਿਤ ਸਭਾ (ਰਜਿ.) ਫ਼ਰੀਦਕੋਟ ਅਤੇ ਦੀਪਕ ਗ਼ਜ਼ਲ ਸਕੂਲ ਦੇ ਸਿਖਿਆਰਥੀ ਹੋਣ ਦਾ ਮਾਣ ਹੈ। ਉਸਨੇ 1974 ਵਿੱਚ ਸਰਕਾਰੀ ਬਰਜਿੰਦਰਾ ਕਾਲਜ ਫ਼ਰੀਦਕੋਟ ਤੋਂ ਬੀ.ਏ ਤੇ ਇੱਥੋਂ ਹੀ ਐਮ.ਏ ਪੰਜਾਬੀ ਕੀਤੀ। ਉਹ ਬਚਪਨ ਤੋਂ ਕਲਾਤਮਕ ਰੁਚੀਆ ਰੱਖਦਾ ਸੀ। ਰਾਮਲੀਲਾ ਦੀਆਂ ਸਟੇਜਾਂ 'ਤੇ ਛੋਟੇ ਹੁੰਦਿਆਂ ਹੀ ਭਾਗ ਲੈਣ ਲੱਗ ਪਿਆ। ਬਰਜਿੰਦਰਾ ਕਾਲਜ ਦੇ ਇੱਕ ਸਮਾਗਮ ਵਿੱਚ ਉਸ ਦੀ ਮੁਲਾਕਾਤ ਲੋਕ-ਪੱਖੀ ਕਵੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਨਾਲ ਹੋਈ ਜੋ ਕਿ ਉਸ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣੀ। ਉਸ ਨੇ ਵੱਖ-ਵੱਖ ਕਾਲਜਾਂ ਵਿੱਚ ਕਵਿਤਾ ਗਾਇਨ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਤੇ ਇਨ੍ਹਾਂ ਮੁਕਾਬਲਿਆਂ ਵਿੱਚ ਉਸ ਨੂੰ ਮਾਨ ਸਨਮਾਨ ਮਿਲਣੇ ਸ਼ੁਰੂ ਹੋ ਗਏ। ਖਾਲਸਾ ਕਾਲਜ ਸਰਹਾਲੀ ਵਿਖੇ ਕਵਿਤਾ ਗਾਇਨ ਮੁਕਾਬਲੇ ਵਿੱਚ ਭਾਈ ਵੀਰ ਸਿੰਘ ਟਰਾਫ਼ੀ ਪ੍ਰਾਪਤ ਕਰਕੇ ਆਪਣੇ ਕਾਲਜ ਦੀ ਸ਼ੁਹਰਤ ਵਧਾਈ। ਉਸਨੇ ਗਜ਼ਲ ਦੀਆਂ ਬਾਰੀਕੀਆਂ ਨੂੰ ਜਾਨਣ ਲਈ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਦੀਪਕ ਜੈਤੋਈ ਨੂੰ ਉਸਤਾਦ ਧਾਰਨ ਕੀਤਾ, ਜਿਨ੍ਹਾਂ ਦੇ 400 ਵੱਧ ਸ਼ਗਿਰਦ ਹਨ। ਉਸ ਦੀਆਂ ਵੱਖ-ਵੱਖ ਵਿਧਾਵਾਂ 'ਤੇ ਹੁਣ ਤੀਕ 17 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਪੁਸਤਕ ਵਿੱਚ ਉਸ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ਗਈ ਹੈ, ਜਿਸ ਨੂੰ ਪੜ੍ਹ ਕੇ ਪਾਠਕ ਆਪਣੇ ਆਪ ਨੂੰ ਮਾਣ ਮੱਤਾ ਮਹਿਸੂਸ ਕਰਨਗੇ।

ਵੀਹਵਾਂ ਅਧਿਆਇ **ਡਾ. ਬਿਕਰਮ ਸਿੰਘ ਘੁੰਮਣ** ਨੂੰ ਸਮਰਪਿਤ ਹੈ,ਜਿਨ੍ਹਾਂ ਨੂੰ ਮੈਂ ਬੜੇ ਨੇੜੇ ਹੋ ਕਿ ਵੇਖਿਆ ਤੇ ਉਨ੍ਹਾਂ ਦੀ ਨਿਗਰਾਨੀ ਵਿੱਚ 1992 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਡਾਕਟਰ ਸਾਹਿਬ ਬਾਰੇ ਵਿਸਥਾਰ ਵਿੱਚ ਕਾਲੀਆ ਜੀ ਨੇ ਚਾਨਣਾ ਪਾਇਆ ਹੈ। ਉਹ ਪਹਿਲੇ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੂੰ ਪੰਜਾਬੀ ਸਾਹਿਤ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਹਿਲੇ ਰੀਸਰਚ ਸਕਾਲਰ ਵਜੋਂ ਪੀ.ਐੱਚ.ਡੀ ਦੀ ਡਿਗਰੀ ਮਿਲੀ। ਉਹ ਏਨੇ ਹਰਮਨ ਪਿਆਰੇ ਸਨ ਕਿ 8 ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ, ਦੋ ਸਾਲ ਮੀਤ ਪ੍ਰਧਾਨ, ਦੋ ਸਾਲ ਜਨਰਲ ਸਕੱਤਰ ਤੇ ਚੇਅਰਮੈਨ ਰਹੇ। ਉਹ ਤਿੰਨ ਸਾਲ ਪੰਜਾਬ ਫੈਡਰੇਸ਼ਨ ਆਫ਼ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੇ ਚੇਅਰਮੈਨ ਰਹੇ। ਉਨ੍ਹਾਂ ਨੇ ਪੰਜਾਬ ਫੈਡਰੇਸ਼ਨ ਆਫ਼

ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਤੇ ਨਾਨ-ਟੀਚਿੰਗ ਐਸੋਸੀਏਸ਼ਨ ਨਾਲ ਮਿਲ ਕੇ ਪੈਨਸ਼ਨਾਂ ਲਈ ਸੰਘਰਸ਼ ਕੀਤਾ ਤੇ ਜਿੱਤ ਪ੍ਰਾਪਤ ਕੀਤੀ।

ਉਨ੍ਹਾਂ ਦਾ ਜਨਮ 10 ਅਪ੍ਰੈਲ 1943 ਵਿੱਚ ਇੱਕ ਛੋਟੇ ਜਿਹੇ ਪਿੰਡ ਛੱਜਾਂ ਵਾਲੀ ਤਹਿਸੀਲ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਕਿਸਾਨੀ ਪਰਿਵਾਰ ਵਿੱਚ ਸ. ਨਾਜਰ ਸਿੰਘ ਤੇ ਮਾਤਾ ਸ੍ਰੀਮਤੀ ਜਰਨੈਲ ਕੌਰ ਦੇ ਗ੍ਰਹਿ ਵਿਖੇ ਹੋਇਆ। ਉਹ ਡੇਢ ਦੋ ਸਾਲ ਦੇ ਸਨ ਕਿ ਮਾਤਾ ਜੀ ਅਕਾਲ ਚਲਾਣਾ ਕਰ ਗਏ। ਉਹ ਪ੍ਰਾਇਮਰੀ ਸਕੂਲ ਵਿੱਚ ਹੀ ਪੜ੍ਹਦੇ ਸਨ ਕਿ ਪਹਿਲਾਂ ਨਾਨਾ ਜੀ, ਫਿਰ ਨਾਨੀ ਜੀ ਤੇ ਫਿਰ ਪਿਤਾ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ1959 ਵਿੱਚ 57 ਰੁਪਏ ਮਹੀਨੇ ’ਤੇ ਨਹਿਰੀ ਵਿਭਾਗ ਵਿੱਚ ਸੇਵਾ ਆਰੰਭੀ। ਮੈਟ੍ਰਿਕ ਕਰਨ ਪਿੱਛੋਂ ਗਿਆਨੀ, ਜੇ.ਬੀ.ਟੀ. ਕਰਕੇ ਪੰਜਾਬੀ ਟੀਚਰ ਲੱਗ ਗਏ। ਬੀ.ਐਡ. ਕਰਨ ਪਿੱਛੋਂ ਸ.ਸ. ਮਾਸਟਰ ਪੱਦ ਉੱਨਤ ਹੋ ਗਏ। ਫਿਰ ਐਮ.ਏ ਪੰਜਾਬੀ ਪਹਿਲੇ ਦਰਜੇ ਵਿੱਚ ਕਰਕੇ 1971 ਵਿੱਚ 450 ਰੁਪਏ ਦੀ ਤਨਖਾਹ ਵਾਲੀ ਨੌਕਰੀ ਛੱਡ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ 250 ਰੁਪਏ ਮਹੀਨੇ ਵਾਲੀ ਰਿਸਰਚ ਫੈਲੋਸ਼ਿਪ ਜੁਆਇੰਨ ਕਰ ਲਈ। 1975 ਵਿੱਚ ਡਾ. ਦੀਵਾਨ ਸਿੰਘ ਦੀ ਨਿਗਰਾਨੀ ਹੇਠ ਪੀ.ਐੱਚ.ਡੀ ਦੀ ਡਿਗਰੀ ਹਾਸਲ ਕੀਤੀ। ਕਿਸੇ ਤੋਂ ਵੀ ਆਰਥਿਕ ਸਹਾਇਤਾ ਨਾ ਮਿਲਣ ਕਰਕੇ ਉਨ੍ਹਾਂ ਜੇ.ਬੀ.ਟੀ, ਬੀ.ਐਡ. ਤੇ ਪੀ-ਐੱਚ.ਡੀ ਪੜ੍ਹਾਈ ਦੇ ਨਾਲ ਉਨ੍ਹਾਂ ਘਰ ਘਰ ਜਾ ਕੇ ਟਿਊਸ਼ਨਾਂ ਪੜ੍ਹਾਉਣਾ ਸ਼ੁਰੂ ਕੀਤਾ।

ਡਾ. ਘੁੰਮਣ 1973-85 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਖੋਜ ਸਹਾਇਕ/ਲੈਕਚਰਾਰ, 1985-93 ਦੌਰਾਨ ਰੀਡਰ ਤੇ 1993 ਤੋਂ 2003 ਤੀਕ ਪ੍ਰੋਫ਼ੈਸਰ ਵਜੋਂ ਨਿਯੁਕਤ ਰਹੇ। 1995-98 ਦੌਰਾਨ ਗੁਰੂ ਨਾਨਕ ਯੂਨੀਵਰਸਿਟੀ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ ਬਣੇ।

ਉਨ੍ਹਾਂ ਦੀ ਨਿਗਰਾਨੀ ਵਿੱਚ 36 ਦੇ ਕਰੀਬ ਵਿਦਿਆਰਥੀਆਂ ਨੇ ਪੀ.ਐੱਚ.ਡੀ. ਕੀਤੀ। ਉਨ੍ਹਾਂ 50 ਮੌਲਿਕ ਪੁਸਤਕਾਂ ਦੇ ਕਰੀਬ ਅਤੇ 25 ਦੇ ਕਰੀਬ ਸੰਪਾਦਿਤ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ। ਇਨ੍ਹਾਂ ਪੁਸਤਕਾਂ ਤੇ ਉਨ੍ਹਾਂ ਦੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਬਾਰੇ ਜਾਣਕਾਰੀ ਇਸ ਪੁਸਤਕ ਵਿਚ ਦਿੱਤੀ ਗਈ ਹੈ।

**ਸੁਖਵਿੰਦਰ ਅੰਮ੍ਰਿਤ** ਬਾਰੇ ਚੌਥੇ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਸਾਡੇ ਸਮਾਜ ਵਿਚ ਛੋਟੀ ਉਮਰ ਵਿੱਚ ਲੜਕੀਆਂ ਨੂੰ ਲਿਖਣ ਸਮੇਂ ਮਾਪਿਆਂ ਦੀ ਨਕਾਰਾਤਮਿਕ ਪਹੁੰਚ ਉਨ੍ਹਾਂ ਦੀ ਹੱਡ ਬੀਤੀ ਤੋਂ ਮਿਲਦੀ ਹੈ। ਅੱਠਵੀਂ-ਨੌਵੀਂ ਵਿੱਚ ਪੜ੍ਹਦਿਆਂ ਉਹ ਤੁਕਬੰਦੀ ਕਰਨ ਲੱਗੀ। ਨੌਵੀਂ ਜਮਾਤ ਵਿੱਚ ਪੜ੍ਹਦੀ ਸੀ ਤਾਂ ਉਸ ਸਮੇਂ ਸੁਖਵਿੰਦਰ ਦੇ ਲਿਖੇ ਗੀਤਾਂ ਦੀ ਕਾਪੀ ਉਸ ਦੀ ਮਾਂ ਦੇ ਹੱਥ ਲੱਗੀ ਤਾਂ ਉਸ ਨੇ

ਕਾਪੀ ਪਾੜ ਕੇ ਚੁੱਲ੍ਹੇ ਵਿੱਚ ਸਾੜ ਦਿੱਤੀ, ਪਰ ਉਸਨੇ ਹੌਂਸਲਾ ਨਾ ਛੱਡਿਆ। 2006-07 ਦੇ ਸੈਸ਼ਨ ਵਿੱਚ ਸਰਕਾਰੀ ਕਾਲਜ (ਲੜਕੇ) ਲੁਧਿਆਣਾ ਵਿਖੇ ਅਧਿਆਪਕ ਦਾ ਕਾਰਜ ਕੀਤਾ। ਉਸ ਦੀਆਂ ਲਿਖਤਾਂ ਤੇ ਪੁਰਸਕਾਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਲੇਖ ਵਿਚ ਦਿੱਤੀ ਗਈ ਹੈ।

**ਡਾ. ਸੁਰਜੀਤ ਚੰਦਰ** ਬਾਰੇ ਪੰਜਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਜਦ ਸੁਰਜੀਤ ਚੰਦਰ ਸਿੱਖਿਆ ਵਿਭਾਗ ਵਿੱਚ ਜੇ.ਬੀ.ਟੀ ਅਧਿਆਪਕ ਸੀ ਕਿ ਉਨ੍ਹਾਂ ਅੰਦਰਲਾ ਸਾਹਿਤਕਾਰ ਜਾਗ ਉੱਠਿਆ। ਉਨ੍ਹਾਂ ਦੀ ਕਹਾਣੀ 'ਬੋਝਲ ਪੰਡ' 1965 ਵਿੱਚ ਅਜੀਤ ਵਿੱਚ ਛਪੀ ਤਾਂ ਉਸ ਪਿੱਛੋਂ ਉਨ੍ਹਾਂ ਵੱਖ ਵੱਖ ਅਖ਼ਬਾਰਾਂ ਵਿੱਚ ਕਹਾਣੀਆਂ ਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਅਧਿਆਪਕ ਦੇ ਨਾਲ ਪੜ੍ਹਾਈ ਵੀ ਜਾਰੀ ਰੱਖੀ ਤੇ 1973 ਵਿੱਚ ਅਰਜਨ ਦਾਸ ਕਾਲਜ ਧਰਮਕੋਟ ਵਿੱਚ ਪ੍ਰਾਅਧਿਆਪਕ (ਲੈਕਚਰਾਰ) ਤੇ 2000 ਵਿੱਚ ਪ੍ਰਿੰਸੀਪਲ ਬਣੇ। ਉਨ੍ਹਾਂ ਦੀ ਲਿਖਤਾਂ ਤੇ ਹੋਰ ਜਾਣਕਾਰੀ ਇਸ ਅਧਿਆਇ ਵਿਚ ਦਿੱਤੀ ਗਈ ਹੈ।

**ਸੁਰਿੰਦਰ ਸਿੰਘ ਨੇਕੀ** ਬਾਰੇ ਛੇਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਸ ਦੀ ਪਹਿਲਾਂ ਬਤੌਰ ਐਸ.ਐਸ., ਮਾਸਟਰ ਨਿਯੁਕਤੀ ਤੇ ਫਿਰ 2008 ਵਿੱਚ ਬਤੌਰ ਲੈਕਚਰਾਰ ਰਾਜਨੀਤੀ ਸ਼ਾਸਤਰ ਦੇ ਸਰਕਾਰੀ ਸੀ.ਸੈ.ਸਕੂਲ ਤੇਲੀ ਚੱਕ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ, ਜਿੱਥੋਂ ਉਹ 31 ਅਕਤੂਬਰ 2011 ਨੂੰ ਸੇਵਾ ਮੁਕਤ ਹੋਏ। ਉਨ੍ਹਾਂ ਨੇ ਪਹਿਲਾ ਨਾਵਲ 'ਰੁੱਤ ਨਵਿਆਂ ਦੀ ਆਈ' 1984 ਵਿੱਚ ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੀਆਂ ਰਚਨਾਵਾਂ ਤੇ ਪੁਰਸਕਾਰਾਂ ਬਾਰੇ ਇਸ ਲੇਖ ਵਿਚ ਵਿਸਥਾਰ ਨਾਲ ਦਿੱਤਾ ਗਿਆ ਹੈ।

**ਸੁਲੱਖਣ ਸਰਹੱਦੀ** ਬਾਰੇ ਸੱਤਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੂੰ ਪੰਜਾਬੀ ਦਾ ਉਸਤਾਦ ਗ਼ਜ਼ਲਗੋ ਹੋਣ ਦਾ ਮਾਣ ਹਾਸਲ ਹੈ। ਸਾਹਿਤਕ ਸਭਾਵਾਂ ਵਲੋਂ ਉਸ ਨੂੰ ਗ਼ਜ਼ਲ ਸਮਰਾਟ, ਗ਼ਜ਼ਲ ਦਾ ਸ਼ਹਿਨਸ਼ਾਹ, ਪੰਜਾਬੀ ਗ਼ਜ਼ਲ ਦਾ ਧਰੂ ਤਾਰਾ, ਪੰਜਾਬੀ ਗ਼ਜ਼ਲ ਦਾ ਬੇਤਾਜ ਬਾਦਸ਼ਾਹ ਸਮੇਤ ਅਣਗਿਣਤ ਲਕਬਾਂ ਨਾਲ ਨਿਵਾਜਿਆ ਗਿਆ ਹੈ। ਪੁਸਤਕ ਦੇ ਲੇਖਕ ਨੇ ਉਸ ਦੇ ਬਾਰੇ ਪੰਨਾ 62 ਤੋਂ 70 ਤੀਕ ਵਿਸਥਾਰ ਨਾਲ ਚਾਨਣਾ ਪਾਇਆ ਹੈ।

**ਗੁਰਚਰਨ ਸਿੰਘ ਨੂਰਪੁਰ** ਬਾਰੇ ਅੱਠਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਨੂਰਪੁਰ ਇੱਕ ਐਸਾ ਅਨਮੋਲ ਹੀਰਾ ਹੈ, ਜਿਸ ਦੇ ਲੇਖ ਵੱਖ ਵੱਖ ਵਿਸ਼ਿਆਂ ਬਾਰੇ ਅਕਸਰ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਉਸ ਦੀ ਪਲੇਠੀ ਪੁਸਤਕ ਕੀ ਸੱਚ ਕੀ ਝੂਠ 2003 ਵਿੱਚ ਪ੍ਰਕਾਸ਼ਿਤ ਹੋਈ। ਜਿਸ ਦੇ ਕਈ ਐਡੀਸ਼ਨ ਛੱਪ ਚੁੱਕੇ ਹਨ। ਉਸ

ਬਾਰੇ ਦਲਜੀਤ ਰਾਏ ਕਾਲੀਆ ਨੇ ਇਸ ਪੁਸਤਕ ਵਿੱਚ ਪੰਨਾ 71 ਤੋਂ 76 ਤੀਕ ਚਾਨਣਾ ਪਾਇਆ ਹੈ।

**ਡਾ. ਗੁਰਚਰਨ ਕੌਰ ਕੋਚਰ** ਬਾਰੇ ਨੌਂਵੇ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਹ ਪੰਜਾਬ ਦੀ ਗ਼ਜ਼ਲਗੋ, ਗੀਤਕਾਰ, ਨਾਵਲਕਾਰ, ਸਿੱਖਿਆ ਸ਼ਾਸਤਰੀ ਅਤੇ ਸਮਾਜ ਸੇਵਿਕਾ ਹੈ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਮੀਤ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦੀ ਸੀਨੀਅਰ ਮੀਤ ਪ੍ਰਧਾਨ, ਸਿਰਜਣਹਾਰਾ ਸਾਹਿਤਕ ਸੰਸਥਾ ਲੁਧਿਆਣਾ ਅਤੇ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ ਦੀ ਪ੍ਰਧਾਨ ਤੇ ਹੋਰ ਕਈ ਸੰਸਥਾਵਾਂ ਨਾਲ ਜੁੜੀ ਹੋਈ ਹੈ। ਉਸਦੀਆਂ ਲਿਖਤਾਂ ਤੇ ਪੁਰਸਕਾਰਾਂ ਬਾਰੇ ਇਸ ਪੁਸਤਕ ਵਿੱਚ ਵਿਸਥਾਰ ਵਿੱਚ ਪੰਨਾ 77 ਤੋਂ 83 ਤੀਕ ਦੱਸਿਆ ਗਿਆ ਹੈ।

**ਗੁਰਮੀਤ ਕੜਿਆਲਵੀ** ਬਾਰੇ ਦਸਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ।ਉਹ ਕਹਾਣੀਕਾਰ, ਨਾਟਕਕਾਰ, ਨਾਵਲਕਾਰ, ਬਾਲ ਸਾਹਿਤਕਾਰ ਤੇ ਕਵੀ ਹੈ। ਇਸ ਸਮੇਂ ਉਹ ਜ਼ਿਲ੍ਹਾ-ਭਲਾਈ ਅਫ਼ਸਰ ਜ਼ਿਲ੍ਹਾ ਫਰੀਦਕੋਟ ਹੈ। ਉਸਦੀ ਜੀਵਨ ਸਾਥਣ ਸਿਮਰਜੀਤ ਸਿੰਮੀ ਵੀ ਲੇਖਿਕਾ ਹੈ। ਉਸਨੇ ਕਾਵਿ ਸੰਗ੍ਰਹਿ 'ਮੈਂ ਗੈਰ ਹਾਜ਼ਰ ਨਹੀਂ' ਤੇ 'ਵਣਜ' ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਕੜਿਆਲਵੀ ਦੀਆਂ ਲਿਖਤਾਂ ਤੋਂ ਹੋਰ ਗਤੀਵਿਧੀਆਂ ਬਾਰੇ ਇਸ ਪੁਸਤਕ ਵਿੱਚ ਪੰਨਾ 84 ਤੋਂ 87 ਤੀਕ ਚਾਨਣਾ ਪਾਇਆ ਗਿਆ ਹੈ।

**ਗੁਰਮੇਲ ਸਿੰਘ ਬੌਡੇ** ਬਾਰੇ 11ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਹ ਬਹੁਵਿਧਾਵੀ ਮਾਰਕਸਵਾਦੀ ਸਮਾਜਵਾਦੀ ਸੋਚ ਦਾ ਧਾਰਨੀ ਲੇਖਕ ਹੈ। ਉਹ ਭਾਵੇਂ 80% ਅਪਾਹਿਜ ਹੈ, ਪਰ ਉਹ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਉਸ ਦੇ 25 ਪ੍ਰਤੀਸ਼ਤ ਕੰਮ ਕਰਦੇ ਦਿਲ ਦਾ ਵੀ ਦੋ ਵਾਰ ਓਪਰੇਸ਼ਨ ਹੋ ਚੁੱਕਾ ਹੈ। ਪੰਜਾਬੀਆਂ ਲਈ ਮਾਣਵਾਲੀ ਗੱਲ ਹੈ ਕਿ ਉਹ 27 ਪੁਸਤਕਾਂ ਦਾ ਲੇਖਕ ਹੈ। ਉਸਦੀ ਪੁਸਤਕ 'ਧਰੂ ਤਾਰੇ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਨਾਲ ਨਿਵਾਜਿਆ ਜਾ ਚੁੱਕਾ ਹੈ। ਉਸ ਦੇ ਜੀਵਨ, ਲਿਖਤਾਂ ਤੇ ਹੋਰ ਜਾਣਕਾਰੀ ਇਸ ਪੁਸਤਕ ਵਿਚ ਪੰਨਾ 88 ਤੋਂ 92 'ਤੇ ਦਿੱਤੀ ਗਈ ਹੈ।

**ਜਗਦੀਸ਼ ਰਾਏ ਕੁਲਰੀਆਂ** ਬਾਰੇ 12ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ ।ਉਹ 1995 ਤੋਂ ਕਲਮ ਚਲਾ ਰਿਹਾ ਹੈ। ਉਸ ਦੀ ਜ਼ਿੰਦਗੀ, ਪੁਸਤਕਾਂ ਤੇ ਪੁਰਸਕਾਰਾਂ ਬਾਰੇ ਜਾਣਕਾਰੀ ਇਸ ਪੁਸਤਕ ਵਿੱਚ ਪੰਨਾ 93 ਤੋਂ 98 'ਤੇ ਦਿੱਤੀ ਗਈ ਹੈ।

**ਡਾ. ਜੋਗਿੰਦਰ ਸਿੰਘ ਨਿਰਾਲਾ** ਬਾਰੇ 13ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਸ ਦੇ ਵੱਡੇ ਭਰਾ ਵੈਦ ਪ੍ਰੀਤਮ ਸਿੰਘ ਰਾਹੀ ਉੱਘੇ ਕਵੀ ਸਨ। ਲਿਖਾਰੀ ਸਭਾ ਬਰਨਾਲਾ ਦਾ ਦਫ਼ਤਰ ਆਪ ਦੇ ਘਰ ਸੀ। ਇਸ ਦਾ ਪ੍ਰਭਾਵ ਵੀ ਆਪ ਦੇ ਮਨ ਵਿੱਚ ਪਿਆ। ਉਨ੍ਹਾਂ ਨੇ 1987 ਵਿੱਚ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੀ.ਐਚ.ਡੀ ਕੀਤੀ ਤੇ ਉਨ੍ਹਾਂ ਦਾ ਵਿਸ਼ਾ ਸੀ, ਪੰਜਾਬੀ ਕਹਾਣੀ ਵਿੱਚ ਗ੍ਰਾਮੀਣ ਸਮਾਜਿਕ ਸਭਿਆਚਾਰ ਤਨਾਉ।ਉਨ੍ਹਾਂ ਦਾ ਕਾਰਜ ਖੇਤਰ ਕਹਾਣੀ ਰਿਹਾ ਤੇ ਉਹ 20 ਦੇ ਕਰੀਬ ਪੁਸਤਕਾਂ ਤੇ 200 ਤੋਂ ਵੱਧ ਖੋਜ ਪੱਤਰ ਲਿਖੇ। ਇਸ ਪੁਸਤਕ ਵਿੱਚ ਉਨ੍ਹਾਂ ਦੀਆਂ ਕਹਾਣੀਆਂ ਦੇ ਵੱਖ ਵੱਖ ਪਹਿਲੂਆਂ ਬਾਰੇ ਵੇਰਵਾ ਦਿੱਤਾ ਗਿਆ ਹੈ। ਉਨ੍ਹਾਂ ਉਪਰ ਯੂਨੀਵਰਸਿਟੀਆਂ ਦੇ ਪੱਧਰ ’ਤੇ ਬਹੁਤ ਖੋਜ ਕਾਰਜ ਹੋਇਆ। ਉਹ 1966 ਵਿੱਚ ਬਣੀ ਲਿਖਾਰੀ ਸਭਾ ਬਰਨਾਲਾ ਦੇ ਮੋਢੀਆਂ ਵਿੱਚੋਂ ਸਨ। 1987 ਵਿੱਚ ਬਰਨਾਲਾ ਦੀ ਧਰਤੀ ਤੋਂ ਸਾਹਿਤਕ ਮੈਗਜ਼ੀਨ ਮੁਹਾਂਦਰਾ ਸ਼ੁਰੂ ਕਰਨ ਵਿੱਚ ਉਨ੍ਹਾਂ ਵੱਡਮੁਲਾ ਯੋਗਦਾਨ ਪਾਇਆ। ਉਨ੍ਹਾਂ 2005 ਵਿੱਚ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਸੇਵਾ ਮੁਕਤ ਹੋ ਕੇ ਤਾਰਿਕ ਕਾਲਜ ਆਫ਼ ਐਜੂਕੇਸ਼ਨ ਰਾਜੌਰੀ (ਜੰਮੂ ਕਸ਼ਮੀਰ) ਵਿਖੇ 9 ਸਾਲ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ।

**ਜੋਗਿੰਦਰ ਕੌਰ ਅਗਨੀਹੋਤਰੀ** ਬਾਰੇ 14ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਹ ਇਕ ਅਜਿਹੀ ਲੇਖਿਕਾ ਹੈ ਜਿਸ ਨੇ ਪੰਜਵੀਂ ਜਮਾਤ ਵਿੱਚ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਪੜ੍ਹਦਿਆਂ ‘ਪਾਰੋ’ ਲਿਖੀ। ਉਨ੍ਹਾਂ ਦੀ ਪਹਿਲੀ ਨਿਯੁਕਤੀ 1966 ਵਿੱਚ ਹਰਿਆਣਾ ਰਾਜ ਦੇ ਸਿੱਖਿਆ ਵਿਭਾਗ ਵਿੱਚ ਸਰਕਾਰੀ ਸੀ.ਸੈ. ਸਕੂਲ ਅਸੰਧ ਜ਼ਿਲ੍ਹਾ ਕਰਨਾਲ ਵਿੱਚ ਹੋਈ। ਉਨ੍ਹਾਂ ਨੇ ਹਰਿਆਣਾ ਰਾਜ ਵਿੱਚ ਪੰਜਾਬੀ ਭਾਸ਼ਾ ਤੇ ਬਾਲ ਸਾਹਿਤ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਜਿਸ ਦਾ ਵਰਣਨ ਇਸ ਲੇਖ ਵਿੱਚ ਦਿੱਤਾ ਗਿਆ ਹੈ।

**ਡਾ. ਦਰਸ਼ਨ ਸਿੰਘ ਆਸ਼ਟ** ਬਾਰੇ 15ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ।ਉਸ ਨੇ ਬਤੌਰ ਦਿਹਾੜੀਦਾਰ ਕਾਮੇ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਤੋਂ ਰੁਜ਼ਗਾਰ ਦੀ ਸ਼ੁਰੂਆਤ ਕੀਤੀ। 13 ਅਕਤੂਬਰ 1986 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਉਨ੍ਹਾਂ ਦੀ ਪੱਕੇ ਤੌਰ ’ਤੇ ਸਟੈਨੋ ਟਾਈਪਿਸਟ ਵਜੋਂ ਨਿਯੁਕਤੀ ਹੋਈ। 26 ਦਸੰਬਰ 2025 ਨੂੰ ਉਸ ਦੀ ਤਰੱਕੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਹਾਇਕ ਰਜਿਸਟਰਾਰ ਵਜੋਂ ਹੋ ਗਈ। ਉਨ੍ਹਾਂ ਦੀਆਂ 125 ਤੋਂ ਵੱਧ ਬਾਲ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਦੀਆਂ ਹਿੰਦੀ ਤੇ ਪੰਜਾਬੀ ਵਿੱਚ ਸੰਪਾਦਿਤ ਪੁਸਤਕਾਂ, ਸਾਹਿਤ ਅਕਾਦਮੀ ਦਿੱਲੀ ਵਲੋਂ ਪ੍ਰਕਾਸ਼ਿਤ

ਪੁਸਤਕਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਹੋਰ ਵੇਰਵੇ ਤੇ ਮਿਲੇ ਪੁਰਸਕਾਰ ਆਦਿ ਦਾ ਵੇਰਵਾ ਇਸ ਲੇਖ ਵਿੱਚ ਦਿੱਤਾ ਗਿਆ ਹੈ।

**ਨਵਰਾਹੀ ਘੁਗਿਆਣਵੀ** ਬਾਰੇ 16 ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਮਾਲਵੇ ਦੀ ਸਾਹਿਤਕ ਲਹਿਰ ਨੂੰ ਪ੍ਰਫੁਲਤ ਕਰਨ ਵਾਲੇ ਨਵਰਾਹੀ ਘੁਗਿਆਣਵੀ ਨੂੰ ਵਿੱਚ ਇਸ ਪੁਸਤਕ ਵਿੱਚ ਸ਼ਾਮਲ ਕਰਕੇ ਸ੍ਰੀ ਦਲਜੀਤ ਰਾਏ ਕਾਲੀਆ ਨੇ ਇੱਕ ਸ਼ਲਾਘਾਯੋਗ ਕੰਮ ਕੀਤਾ ਹੈ। 1967 ਵਿੱਚ ਪੰਜਾਬ ਦੇ ਮੁਲਾਜ਼ਮਾਂ ਦੀ ਪਹਿਲੀ ਹੜਤਾਲ ਹੋਈ, ਜਿਸ ਵਿਚ ਆਪ ਵੀ ਸਰਗਰਮ ਸਨ। ਉਹ 1969 ਵਿੱਚ ਅੰਗਰੇਜ਼ੀ ਲੈਕਚਰਾਰ ਪੱਕੇ ਤੌਰ ’ਤੇ ਨਿਯੁਕਤ ਹੋਏ। 1991 ਵਿੱਚ ਸਰਕਾਰੀ ਸੀ.ਸੈ. ਸਕੂਲ ਜੈਤੋ ਵਿਖੇ ਪ੍ਰਿੰਸੀਪਲ ਲੱਗੇ, ਜਿੱਥੋਂ ਉਹ 31 ਅਗਸਤ 1991 ਨੂੰ ਸੇਵਾ ਮੁਕਤ ਹੋਏ। ਉਨ੍ਹਾਂ ਦੀਆਂ ਕੁਝ ਕਾਵਿ-ਰਚਨਾਵਾਂ 1956 ਵਿੱਚ ਸੈਨਿਕ ਸਮਾਚਾਰ ਦਿੱਲੀ ਵਿੱਚ ਛਪੀਆਂ ਜੋ ਕਿ ਫੌਜਾ ਸਿੰਘ ਰਾਹੀ ਦੇ ਨਾਂ ’ਤੇ ਸਨ। ਬਾਅਦ ਵਿੱਚ ਉਨ੍ਹਾਂ ਨੇ ਆਪਣਾ ਤਖੱਲਸ ਰਾਹੀ ਤੋਂ ਨਵਰਾਹੀ ਰੱਖ ਲਿਆ। ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ ‘ਆਲ੍ਹਣਾ’ 1971 ਵਿੱਚ ਛੱਪਿਆ। ਉਨ੍ਹਾਂ ਦੀਆਂ ਲਿਖਤਾਂ ਤੇ ਹੋਰ ਜਾਣਕਾਰੀ ਪਾਠਕ ਇਸ ਪੁਸਤਕ ਤੋਂ ਪ੍ਰਾਪਤ ਕਰ ਸਕਦੇ ਹਨ।

**ਪਾਲ ਗੁਰਦਾਸਪੁਰੀ** ਜਿਨ੍ਹਾਂ ਦਾ ਅਸਲ ਨਾਮ ਮਹਿੰਦਰ ਪਾਲ ਹੈ, ਬਾਰੇ 17ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਸਵਾ ਕੁ ਸਾਲ ਪ੍ਰਾਇਮਰੀ ਸਕੂਲ ਵਿਚ ਬਤੌਰ ਅਧਿਆਪਕ ਵਜੋਂ ਨੌਕਰੀ ਕੀਤੀ। ਬਾਅਦ ਵਿੱਚ ਸਟੇਟ ਬੈਂਕ ਆਫ਼ ਇੰਡੀਆ ਵਿੱਚ ਕਲਰਕ-ਕਮ-ਕੈਸ਼ੀਅਰ ਚੁਣੇ ਗਏ। ਉਨ੍ਹਾਂ ਦੀ ਪਹਿਲੀ ਕਾਵਿ ਰਚਨਾ 1977 ਵਿੱਚ ਰੋਜ਼ਾਨਾ ਅਜੀਤ ਜਲੰਧਰ ਵਿੱਚ ਛਪੀ। ਦਿੱਲੀ ਰਹਿੰਦਿਆਂ ਉਨ੍ਹਾਂ ਦੀਆਂ ਨੌਕਰੀ ਕਾਲ ਸਮੇਂ ਕਈ ਮੁਲਾਕਾਤਾਂ ਅੰਮ੍ਰਿਤਾ ਪ੍ਰੀਤਮ ਨਾਲ ਹੋਈਆਂ ਤੇ ਉਨ੍ਹਾਂ ਦੇ ਪ੍ਰਭਾਵ ਕਰਕੇ ਉਨ੍ਹਾਂ ਨੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਦੀ ਲਿਖਤਾਂ ਤੇ ਹੋਰ ਜਾਣਕਾਰੀ ਇਸ ਪੁਸਤਕ ਵਿੱਚ ਦਿੱਤੀ ਗਈ ਹੈ।

**ਪ੍ਰਿੰਸੀਪਲ ਬਹਾਦਰ ਸਿੰਘ ਗੋਸਲ** ਬਾਰੇ 18ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੀ ਨਿਯੁਕਤੀ ਬਤੌਰ ਸਾਇੰਸ ਮਾਸਟਰ ਸਰਕਾਰੀ ਮਿਡਲ ਸਕੂਲ ਬਡਹੇੜੀ ਚੰਡੀਗੜ੍ਹ ਵਿੱਚ ਹੋਈ। ਉਹ ਦਸ ਸਾਲ ਯੂ.ਟੀ. ਅਧਿਆਪਕ ਭਲਾਈ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਅਧਿਆਪਨ ਦੇ ਕਿੱਤੇ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਦਾ ਅੰਦਰਲਾ ਸਾਹਿਤਕਾਰ ਜਾਗ ਪਿਆ ਤੇ ਉਨ੍ਹਾਂ ਨੇ ਪਹਿਲੀ ਕਵਿਤਾ ‘ਹਿੰਦ ਪਾਕਿ ਜੰਗ 1971’ ਲਿਖੀ। ਫਿਰ ਕੀ ਸੀ ਲਿਖਣਾ ਲਗਾਤਾਰ ਜਾਰੀ ਰੱਖਿਆ। ਬਾਲ ਸਾਹਿਤ ਦੀ ਝੋਲੀ 72 ਦੇ ਕਰੀਬ ਪੁਸਤਕਾਂ ਪਾਈਆ। ਉਨ੍ਹਾਂ ਨੇ ਵਿਰਸੇ ਬਾਰੇ, ਗੁਰੂ

ਸਾਹਿਬਾਨ ਬਾਰੇ, ਕਿਤਾਬਾਂ ਲਿਖੀਆਂ ਜਿਨ੍ਹਾਂ ਦਾ ਵੇਰਵਾ ਤੇ ਉਨ੍ਹਾਂ ਨੂੰ ਮਿਲੇ ਪੁਰਸਕਾਰਾਂ ਬਾਰੇ ਇਸ ਲੇਖ ਵਿੱਚ ਜਾਣਕਾਰੀ ਦਿੱਤੀ ਗਈ ਹੈ।

**ਡਾ. ਬਲਦੇਵ ਸਿੰਘ ਬੱਦਨ** ਬਾਰੇ 19 ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੀਆਂ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਸਿਰਜੀਆਂ ਪੁਸਤਕਾਂ ਦੀ ਗਿਣਤੀ 275 ਹੈ। ਉਨ੍ਹਾਂ ਦੀ ਅਗਵਾਈ ਵਿੱਚ ਨੈਸ਼ਨਲ ਬੁੱਕ ਟਰੱਸਟ ਇੰਡੀਆ ਨੇ 750 ਪੁਸਤਕਾਂ ਦੀ ਪ੍ਰਕਾਸ਼ਨਾ ਕੀਤੀ। ਉਨ੍ਹਾਂ ’ਤੇ ਜਿਨ੍ਹਾਂ ਵੀ ਮਾਣ ਕੀਤਾ ਜਾਵੇ ਉਨ੍ਹਾਂ ਹੀ ਥੋੜ੍ਹਾ ਹੈ। ਉਨ੍ਹਾਂ ਨੇ 1981 ਵਿੱਚ ਐਮ.ਫਿਲ. ਤੇ 1991 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ ਪੀ.ਐਚ.ਡੀ ਡਿਗਰੀ ਪ੍ਰਾਪਤ ਕੀਤੀ। ‘ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ’ ਸਿਰਲੇਖ ਹੇਠ ਪਹਿਲਾ ਲੇਖ 14 ਸਤੰਬਰ 1981 ਨੂੰ ਅਕਾਲੀ ਪਤ੍ਰਿਕਾ ਵਿੱਚ ਛਪਿਆ। ਉਨ੍ਹਾਂ ਦੀਆਂ ਗੁਰਮੁੱਖੀ ਤੇ ਹਿੰਦੀ ਵਿੱਚ ਪ੍ਰਕਾਸ਼ਿਤ ਪੁਸਤਕਾਂ ਦੇ ਵੇਰਵੇ ਦਿੱਤੇ ਗਏ ਹਨ। ਉਨ੍ਹਾਂ ਦਾ ਦੂਜੀਆਂ ਭਾਸ਼ਾਵਾਂ ਤੋਂ ਪੰਜਾਬੀ ਅਨੁਵਾਦ ਕਮਾਲ ਦਾ ਹੈ।

ਉਨ੍ਹਾਂ ਦੀਆਂ ਕਵਿਤਾਵਾਂ/ਗ਼ਜ਼ਲਾਂ ਦਾ ਨਾਮਵਰ ਲੇਖਕਾਂ ਨੇ ਨੋਟਿਸ ਲਿਆ ਤੇ ਉਨ੍ਹਾਂ ਬਾਰੇ ਕਿਤਾਬਾਂ ਲਿਖੀਆਂ ਜਿਵੇਂ ਕਿ ਬਲਦੇਵ ਸਿੰਘ ਬੱਦਨ ਦੀ ਕਾਵਿ ਚੇਤਨਾ ਪ੍ਰਿੰ (ਡਾ. ਹਰਕਿਸ਼ਨ ਸਿੰਘ ਅਕਤੂਬਰ 2025) ਆਦਿ। ਉਨ੍ਹਾਂ ਨੂੰ ਮਿਲੇ ਪੁਰਸਕਾਰਾਂ ਦੀ ਸੂਚੀ ਬਹੁਤ ਲੰਬੀ ਹੈ ਤੇ ਸ਼ਾਇਦ ਹੀ ਕਿਸੇ ਹੋਰ ਨੂੰ ਏਨੇ ਪੁਰਸਕਾਰ ਮਿਲੇ ਹੋਣ। ਨੈਸ਼ਨਲ ਬੁੱਕ ਟਰੱਸਟ ਦੇ ਮੁੱਖ ਸੰਪਾਦਕ ਹੁੰਦਿਆਂ ਉਨ੍ਹਾਂ ਨੇ ਨੇਤਰਹੀਣਾਂ ਲਈ ਬਰੇਲ ਲਿਪੀ ਵਿੱਚ 250 ਤੋਂ ਵਧੇਰੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਸ ਯੋਗਦਾਨ ਨੂੰ ਮੁੱਖ ਰੱਖਦਿਆਂ ਦਿੱਲੀ ਸਥਿਤ ਆਲ ਇੰਡੀਆ ਕਨਫੈਡਰੇਸ਼ਨ ਆਫ਼ ਦੀ ਬਲਾਈਂਡ ਨਾਂ ਦੀ ਸੰਸਥਾ ਵਲੋਂ ਉਨ੍ਹਾਂ ਨੂੰ 4 ਜਨਵਰੀ 2008 ਨੂੰ ਉੜੀਸਾ ਦੇ ਰਾਜਪਾਲ ਸੀ.ਐਮ.ਸੀ. ਭੰਡਾਰੇ ਵੱਲੋਂ ਵਿਸ਼ੇਸ਼ ਤੌਰ ’ਤੇ ਲੂਈਸ ਬਰੇਲ ਦੇ 199ਵੇਂ ਜਨਮ ਦਿਹਾੜੇ ’ਤੇ ਸਨਮਾਨਿਤ ਕੀਤਾ ਗਿਆ।

**ਭੋਲਾ ਸਿੰਘ ਸੰਗੇੜਾ** ਬਾਰੇ 21 ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੇ ਲੇਖਕ ਬਣਨ ਬਾਰੇ ਸ੍ਰੀ ਦਲਜੀਤ ਰਾਏ ਕਾਲੀਆ ਨੇ ਇਕ ਘਟਨਾ ਦਾ ਜ਼ਿਕਰ ਕੀਤਾ ਹੈ। ਚੌਥੀ ਜਮਾਤ ਵਿਚ ਪੜ੍ਹਦਿਆਂ ਉਨ੍ਹਾਂ ਨੂੰ ਮਾਨਸਾ ਜਿਲ੍ਹੇ ਦੇ ਵਿੱਚ ਲੱਗਦੇ ਪੁਲਾੜੇ ਦੇ ਮੇਲੇ ’ਤੇ ਜਾਣ ਦਾ ਮੌਕਾ ਮਿਲਿਆ। ਮੇਲੇ ਵਿੱਚ ਕਵੀਸ਼ਰ ਇਤਿਹਾਸਕ ਪ੍ਰਸੰਗ ਸੁਣਾ ਰਹੇ ਸਨ। ਇੱਕ ਛੋਟੇ ਬੱਚੇ ਨੇ ਵੀ ਧਾਰਮਿਕ ਗੀਤ ਪੇਸ਼ ਕੀਤਾ। ਲੋਕਾਂ ਨੇ ਬਾਲਕ ਦੀ ਝੋਲੀ ਨੋਟਾਂ ਨਾਲ ਭਰ ਦਿੱਤੀ। ਬਾਲਕ ਭੋਲਾ ਸਿੰਘ ਨੇ ਉਸੇ ਤਰਜ਼ ’ਤੇ ਗੀਤ ਲਿਖਿਆ ਅਤੇ ਘਰੇਲੂ ਪ੍ਰੋਗਰਾਮ ਦੌਰਾਨ ਸੁਣਾਇਆ। ਸਰੋਤਿਆਂ

ਨੇ ਉਸਦੀ ਹੌਂਸਲਾ ਅਫ਼ਜਾਈ ਕੀਤੀ। ਇਥੋਂ ਉਸ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਅਧਿਆਪਨ ਦੇ ਕਾਰਜ ਨਾਲ ਉਚੇਰੀ ਪੜ੍ਹਾਈ ਕੀਤੀ। ਉਸ ਨੇ ਐਮ.ਕਾਮ, ਐਮ. ਏ, ਐਮ. ਫਿਲ. (ਪੰਜਾਬੀ) ਤੱਕ ਪੜ੍ਹਾਈ ਕੀਤੀ ਤੇ ਉਹ ਸਕੂਲ ਲੈਕਚਰਾਰ ਵਜੋਂ 24 ਜੁਲਾਈ 2008 ਤੋਂ ਸਰਕਾਰੀ ਸੀ.ਸੈ. ਸਕੂਲ ਬਰਨਾਲਾ ਜਿਲ੍ਹੇ ਦੇ ਪਿੰਡਾਂ ਸ਼ੀਹਰਾਂ, ਖੁੱਡੀ ਕਲਾਂ ਦੇ ਸਰਕਾਰੀ ਸੀ.ਸੈ. ਸਕੂਲ ਵਿੱਚ ਕੰਮ ਕੀਤਾ। ਉਨ੍ਹਾਂ ਦੀਆਂ ਪੁਸਤਕਾਂ ਤੇ ਕਹਾਣੀਆਂ, ਸਾਹਿਤਕ ਸਭਾਵਾਂ ਨਾਲ ਤਾਲਮੇਲ ਕਰਨ, ਉਨ੍ਹਾਂ ਨੂੰ ਮਿਲੇ ਪੁਰਸਕਾਰਾਂ ਬਾਰੇ ਇਸ ਪੁਸਤਕ ਵਿੱਚ ਵਿਸਥਾਰ ਵਿੱਚ ਦੱਸਿਆ ਗਿਆ ਹੈ।

**ਮਾਲਵਿੰਦਰ ਸ਼ਾਇਰ** ਜਿਨ੍ਹਾਂ ਦਾ ਪੂਰਾ ਨਾਂ ਮਾਲਵਿੰਦਰ ਸਿੰਘ ਬਰਾੜ ਹੈ ਬਾਰੇ 22ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ, ਪੰਜਾਬੀ ਸਾਹਿਤਕ ਜਗਤ ਵਿੱਚ ਇੱਕ ਸਥਾਪਿਤ ਹਸਤਾਖਰ ਹੈ। ਉਨ੍ਹਾਂ ਗ੍ਰੈਜੂਏਸ਼ਨ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ (ਬਰਨਾਲਾ) ਤੋਂ ਕੀਤੀ। ਉਹ ਇਸ ਕਾਲਜ ਦੀ 'ਲੋਕ-ਨਾਚ ਭੰਗੜਾ' ਟੀਮ ਦੇ ਦੋ ਸਾਲ ਕਪਤਾਨ ਰਹੇ ਤੇ ਬਾਅਦ ਵਿੱਚ 10 ਸਾਲ ਵਿਦਿਆਰਥੀਆਂ ਨੂੰ ਭੰਗੜੇ ਦੀ ਕੋਚਿੰਗ ਵੀ ਦਿੰਦੇ ਰਹੇ। ਉਨ੍ਹਾਂ ਨੇ ਜਨਰਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਦਾ ਡਿਪਲੋਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤਾ। ਐਮ.ਏ. ਪੰਜਾਬੀ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਕੀਤੀ। ਕਿੱਤੇ ਵਜੋਂ ਅੱਜ ਕੱਲ੍ਹ ਖੇਤੀ ਬਾੜੀ ਕਰਦੇ ਹਨ ਤੇ ਫ੍ਰੀਲਾਂਸਰ ਪੱਤਰਕਾਰੀ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੂੰ ਲਿਖਣ ਦੀ ਚੇਟਕ ਆਪਣੇ ਮਾਮਾ ਉੱਘੇ ਨਾਟਕਕਾਰ ਸ. ਕਪੂਰ ਸਿੰਘ ਘੁੰਮਣ ਜੋ ਕਿ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸਨ ਦੇ ਘਰ ਆਉਣ ਜਾਣ ਤੋਂ ਲੱਗੀ। ਗ਼ਜ਼ਲਗੋ ਸੁਲੱਖਣ ਸਰਹੱਦੀ ਨੂੰ 2021 ਵਿੱਚ ਰਸਮੀ ਤੌਰ 'ਤੇ ਦਸਤਾਰ ਭੇਂਟ ਕਰਕੇ ਗ਼ਜ਼ਲਗੋ ਵਿਧਾ ਦਾ ਉਸਤਾਦ ਧਾਰਨ ਕੀਤਾ। ਰੁਬਾਈ ਦੇ ਖੇਤਰ ਵਿੱਚ ਉਨ੍ਹਾਂ ਦੇ ਉਸਤਾਦ ਉੱਘੇ ਰੁਬਾਈਕਾਰ ਮਰਹੂਮ ਸ੍ਰੀ ਸਿਰੀਰਾਮ ਅਰਸ਼, ਗੀਤਕਾਰੀ ਵਿੱਚ ਗੀਤਕਾਰ ਜਨਕ ਸੰਗਤ ਤੇ ਪਿੰਗਲੀਕ ਛੰਦ ਬੰਦੀ ਵਿੱਚ ਮਸ਼ਹੂਰ ਕਵੀਸ਼ਰ ਦਰਸ਼ਨ ਸਿੰਘ ਭੰਮੇ ਹਨ। ਉਨ੍ਹਾਂ ਦੀ ਸਾਹਿਤਕ ਦੇਣ ਤੇ ਹੋਰ ਜਾਣਕਾਰੀ ਬਾਰੇ ਇਸ ਪੁਸਤਕ ਵਿੱਚ ਚਾਨਣਾ ਪਾਇਆ ਗਿਆ ਹੈ।

**ਲਾਲ ਸਿੰਘ ਕਲਸੀ** ਬਾਰੇ 23ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਕਲਸੀ ਨੇ 1965-67 ਦੌਰਾਨ ਡੇਢ ਸਾਲ ਦੀ ਅਪਰੈਂਟਰਸ਼ਿਪ ਚੰਡੀਗੜ੍ਹ ਲਾਗੇ ਐਚ.ਐਮ.ਟੀ. ਪਿੰਜੌਰ ਤੋਂ ਕੀਤੀ। ਇਸ ਪਿੱਛੋਂ ਉਨ੍ਹਾਂ ਨੂੰ ਐਚ.ਐਮ.ਟੀ ਵਿੱਚ ਪੱਕੀ ਨੌਕਰੀ ਮਿਲ ਗਈ। ਪਿੰਜੌਰ ਵਿੱਚ ਉਨ੍ਹਾਂ ਪੰਜਾਬੀ ਲਿਖਾਰੀ ਸਭਾ ਬਣਾਈ ਤੇ ਰਜਿਸਟਰਡ ਕਰਵਾ ਕੇ ਤਿਮਾਹੀ ਮੈਗਜ਼ੀਨ 'ਉਡਾਰੀ' ਦੀ ਪ੍ਰਕਾਸ਼ਨਾ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ ਵਿੱਚ ਸ਼ਾਮ ਦੀਆਂ ਕਲਾਸਾਂ ਲਾ ਕੇ ਪਹਿਲਾਂ ਬੀ.ਏ ਤੇ ਫਿਰ ਐਮ.ਏ ਪੰਜਾਬੀ ਕਰ ਲਈ।

1979 ਵਿੱਚ ਉਨ੍ਹਾਂ ਇਰਾਨ ਵਿੱਚ ਜਰਮਨ ਦੀ ਇੱਕ ਕੰਪਨੀ ਵਿੱਚ ਕੰਮ ਕੀਤਾ। ਇਰਾਨ ਵਿੱਚ ਰਾਜ ਪਲਟਾ ਹੋਣ ’ਤੇ ਸਾਰੇ ਵਿਦੇਸ਼ੀ ਕਾਮਿਆਂ ਨੂੰ ਕੱਢ ਦਿੱਤਾ। ਉਨ੍ਹਾਂ ਯੂ.ਏ.ਈ. ਵਿੱਚ ਇੰਗਲੈਂਡ ਦੀ ਇੱਕ ਕੰਪਨੀ ਵਲੋਂ ਲਾਏ ਜਾ ਰਹੇ ਗੈਸ ਪਲਾਟ ਵਿੱਚ ਅਹਿਮ ਭੂਮਿਕਾ ਨਿਭਾਈ। 1986 ਤੋਂ ਬਾਅਦ ਘਰੇਲੂ ਹਾਲਾਤਾਂ ਕਰਕੇ ਵਾਪਸ ਭਾਰਤ ਆ ਗਏ। ਵਧੇਰੇ ਜਾਣਕਾਰੀ ਇਸ ਲੇਖ ਵਿੱਚ ਦਿੱਤੀ ਗਈ ਹੈ।

**ਲਾਲ ਸਿੰਘ ਦਸੂਹਾ** ਬਾਰੇ 24ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਉਹ ਮਾਰਕਸਵਾਦੀ ਚਿੰਤਨ ਨੂੰ ਪ੍ਰਗਤੀਵਾਦ ਦਾ ਆਧਾਰ ਮੰਨਦਾ ਹੈ। ਦੁਆਬੇ ਦਾ ਜੰਮਪਲ ਹੋਣ ਕਰਕੇ ਉਸ ਦੀਆਂ ਕਹਾਣੀਆਂ ਵਿੱਚ ਦੁਆਬੇ ਦੀ ਮਿੱਟੀ ਦੀ ਖੁਸ਼ਬੂ ਮਾਣੀ ਜਾ ਸਕਦੀ ਹੈ। ਉਹ ਕਿਰਤੀ ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ। ਪੜ੍ਹਾਈ ਦੇ ਦੌਰਾਨ ਉਸ ਨੇ ਕਹਾਣੀਕਾਰ ਹਰੀ ਸਿੰਘ ਦਿਲਬਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੜ੍ਹੀਆਂ। ਬਾਵਾ ਬਲਵੰਤ ਦੀ ਕਵਿਤਾ ਡੂੰਘੀ ਨੀਝ ਨਾਲ ਪੜ੍ਹੀ। ਨਾਵਲਕਾਰ ਨਾਨਕ ਸਿੰਘ ਦੇ ਬਹੁਤ ਸਾਰੇ ਨਾਵਲ ਪੜ੍ਹੇ। ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ 1958 ਤੋਂ 1962 ਤੀਕ ਭਾਖੜਾ ਡੈਮ ’ਤੇ ਸਹਾਇਕ ਸੁਪਰਵਾਈਜ਼ਰ ਅਹੁੱਦੇ ’ਤੇ ਨੌਕਰੀ ਕੀਤੀ। ਉਨ੍ਹਾਂ 1971ਵਿੱਚ ਬੀ.ਐਡ. ਕੀਤੀ। 1973 ਵਿੱਚ ਇੱਕ ਪ੍ਰਾਈਵੇਟ ਸਕੂਲ ਭੰਗਾਲਾ ਵਿਖੇ ਗਿਆਨੀ ਅਧਿਆਪਕ ਵਜੋਂ ਆਪਣੇ ਅਧਿਆਪਨ ਦਾ ਸਫ਼ਰ ਕੀਤਾ। 1975 ਵਿੱਚ ਐਮ.ਏ. ਪੰਜਾਬੀ ਕੀਤੀ। 1973 ਤੋਂ 1997 ਤੱਕ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਵਜੋਂ ਸੇਵਾ ਕੀਤੀ।

1960 ਦੇ ਆਸ ਪਾਸ ਕਵਿਤਾ ਲਿਖਣੀ ਸ਼ੁਰੂ ਕੀਤੀ। ਕਹਾਣੀ ਖੇਤਰ ਵਿੱਚ ਕਾਫੀ ਦੇਰ ਨਾਲ ਆਏ। ਉਨ੍ਹਾਂ ਦਸੰਬਰ 1980 ਵਿਚ ਮਿੰਨੀ ਕਹਾਣੀ ‘ਈਡੀਅਟ’ ਲਿਖ ਕੇ ਆਪਣੇ ਕਹਾਣੀ ਸਫ਼ਰ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਮਾਰਖੋਰੇ (1984), ਬਲੌਰ (1986), ਧੁੱਪ-ਛਾਂ (1990) ਅਤੇ ਸੰਸਾਰ (2017) ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਨ੍ਹਾਂ ਦੀ ਕਹਾਣੀ ਕਲਾ ਬਾਰੇ ਲੇਖਕ ਨੇ ਇਸ ਪੁਸਤਕ ਵਿੱਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੂੰ ਮਿਲੇ ਪੁਰਸਕਾਰਾਂ ਦੀ ਸੂਚੀ ਲੰਮੀ ਹੈ, ਜੋ ਇਸ ਲੇਖ ਵਿਚ ਦਿੱਤੀ ਗਈ ਹੈ।

**ਦਲਜੀਤ ਰਾਏ ਕਾਲੀਆ** ਜੋ ਇਸ ਪੁਸਤਕ ਦੇ ਲੇਖਕ ਹਨ ਬਾਰੇ 25ਵੇਂ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ। ਜਸਬੀਰ ਕਲਸੀ ਧਰਮਕੋਟ ਨੇ ਇਹ

ਲੇਖ ਲਿਖਿਆ ਹੈ। ਕਾਲੀਆ ਜਦੋਂ ਛੇਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਦੇ ਮੌਕੇ ’ਤੇ ਉਸ ਨੇ ਦਿੱਤੀ ਸਪੀਚ ਵਿੱਚ ਉਸ ਨੂੰ ਪਹਿਲਾ ਸਥਾਨ ਮਿਲਿਆ। ਇਹ ਸਨਮਾਨ ਉਨ੍ਹਾਂ ਨੂੰ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਸੂਬੇਦਾਰ ਰਤਨ ਸਿੰਘ ਹੱਥੋਂ ਮਿਲਿਆ। ਕਾਲੀਆ ਦਾ ਸਾਹਿਤਕ ਸਫ਼ਰ 29 ਸਤੰਬਰ 1985 ਨੂੰ ‘ਅਜੀਤ’ ਅਖ਼ਬਾਰ ਵਿੱਚ ਪਹਿਲੀ ਰਚਨਾ ਛਪਣ ਨਾਲ ਸ਼ੁਰੂ ਹੁੰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵੱਖ-ਵੱਖ ਅਖਬਾਰਾਂ, ਮੈਗਜ਼ੀਨਾਂ, ਪ੍ਰੀਤ ਲੜੀ, ਜਾਗ੍ਰਿਤੀ, ਪੰਜ ਦਰਿਆ, ਪੰਖੜੀਆਂ, ਗੁਰਮਤਿ ਪ੍ਰਕਾਸ਼ ਆਦਿ ਜਿਨ੍ਹਾਂ ਦਾ ਵੇਰਵਾ ਇਸ ਪੁਸਤਕ ਵਿੱਚ ਦਿੱਤਾ ਗਿਆ। ਉਨ੍ਹਾਂ ਦੁਆਰਾ ਲਿਖੀਆਂ ਮੌਲਿਕ ਪੁਸਤਕਾਂ ਬਾਰੇ ਵੀ ਇਸ ਪੁਸਤਕ ਵਿੱਚ ਵਰਨਣ ਕੀਤਾ ਗਿਆ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਦਲਜੀਤ ਰਾਏ ਕਾਲੀਆ ਨੇ ਬੜੀ ਮਿਹਨਤ ਨਾਲ ਲੇਖਕਾਂ ਬਾਰੇ ਲਿਖਿਆ ਹੈ। ਲੇਖਾਂ ਦੀ ਭਾਸ਼ਾ ਵੀ ਸਰਲ ਤੇ ਸਪੱਸ਼ਟ ਹੈ।

ਇਸ ਪੁਸਤਕ ਦੇ ਪ੍ਰਕਾਸ਼ਨ ਲਈ ਮੈਂ ਸ੍ਰੀ ਦਲਜੀਤ ਰਾਏ ਕਾਲੀਆ ਨੂੰ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਪਟਿਆਲਾ ਕੰਪਿਊਟਰਜ਼, ਪਟਿਆਲਾ ਦਾ ਟਾਇਪ ਸੈਟਿੰਗ ਲਈ ਧੰਨਵਾਦ ਕਰਦਾ ਹਾਂ।

29 ਅਪ੍ਰੈਲ, 2026

**ਡਾ. ਚਰਨਜੀਤ ਸਿੰਘ ਗੁਮਟਾਲਾ**
253, ਅਜੀਤ ਨਗਰ, ਸੁਲਤਾਨਵਿੰਡ ਰੋਡ,
ਅੰਮ੍ਰਿਤਸਰ, 919417533060,
gumtalacs@gmail.com

# ਦੋ ਸ਼ਬਦ

ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਇਸ ਦਾ ਸਾਡੇ ਜੀਵਨ ’ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਸਾਹਿਤ ਪੜ੍ਹਨ ਨਾਲ ਮਨੁੱਖ ਵਿੱਚ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਜੀਵਨ ਸ਼ਕਤੀ ਮਿਲਦੀ ਹੈ। ਸਾਹਿਤ ਦੇ ਸਿਰਜਨਹਾਰੇ ਲੇਖਕ ਸਾਹਿਤਕਾਰ ਹੁੰਦੇ ਹਨ, ਜੋ ਵੱਖ-ਵੱਖ ਵਿਧਾਵਾਂ ਰਾਹੀਂ ਕਲਾਤਮਕ ਢੰਗ ਨਾਲ ਆਪਣੇ ਵਿਚਾਰ, ਜੀਵਨ ਅਨੁਭਵ ਲਿਖਦੇ ਹਨ, ਸਮਾਜ ਨੂੰ ਸੇਧ ਦਿੰਦੇ ਹਨ। ਪਾਠਕ ਵਰਗ ਵਿੱਚ ਆਪਣੇ ਚਹੇਤੇ ਲੇਖਕਾਂ, ਜਿਨ੍ਹਾਂ ਦੀਆਂ ਰਚਨਾਵਾਂ ਅਕਸਰ ਉਹ ਪੜ੍ਹਦੇ ਰਹਿੰਦੇ ਹਨ, ਉਨ੍ਹਾਂ ਦੇ ਜੀਵਨ ਬਾਰੇ ਜਾਣਨ ਦੀ ਉਤਸੁਕਤਾ, ਜਗਿਆਸਾ ਵੀ ਹੁੰਦੀ ਹੈ। ਇਸੇ ਉਦੇਸ਼ ਦੀ ਪੂਰਤੀ ਕਰਨ ਦੇ ਮਨੋਰਥ ਨਾਲ ਹੀ ਇਸ ਪੁਸਤਕ ਦਾ ਜਨਮ ਹੋਇਆ ਹੈ।

ਹਰ ਲੇਖਕ ਇਕ ਸਾਧਕ ਹੁੰਦਾ ਹੈ, ਉਸ ਦੀ ਸਾਧਨਾ ਵਿੱਚੋਂ ਸਾਹਿਤ ਉਤਪੰਨ ਹੁੰਦਾ ਹੈ। ਸਾਹਿਤਕਾਰ ਦਾ ਕਰਤੱਵ ਸਮਾਜ ਨੂੰ ਸੁਗੰਧਿਤ ਕਰਨਾ ਹੈ,ਉਸ ਨੇ ਆਪਣੀਆਂ ਲਿਖਤਾਂ ਰਾਹੀਂ ਕਦੇ ਵੀ ਨਫ਼ਰਤ ਅਤੇ ਸੌੜੀ ਸੋਚਣੀ ਦਾ ਪ੍ਰਚਾਰ ਨਹੀਂ ਕਰਨਾ ਹੁੰਦਾ। ਸਾਹਿਤਕਾਰ ਮੈਨੂੰ ਰਿਸ਼ੀ ਮੁਨੀ ਤਪੀਸ਼ਰ ਜਾਪਦੇ ਹਨ। ਪੰਜਾਬੀ ਸਾਹਿਤ ਨੂੰ ਅਮੀਰ ਕਰਨ ਲਈ ਬਹੁਤ ਸਾਰੇ ਸਾਹਿਤਕਾਰਾਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ/ਪਾ ਰਹੇ ਹਨ। ਮੈਂ ਸਮਕਾਲ ਵਿੱਚ ਪੰਜਾਬੀ ਦੇ ਸਾਹਿਤਕ ਵਿਰਸੇ ਨੂੰ ਅਮੀਰ ਕਰਨ ਵਾਲੇ 24 ਲੇਖਕਾਂ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਸੰਖੇਪ ਵਿੱਚ ਜਾਣਕਾਰੀ ਪੁਸਤਕ ‘ਸ਼ਬਦਾਂ ਦੇ ਸ਼ਿਲਪੀ’ ਰਾਹੀਂ ਪਾਠਕਾਂ ਦੇ ਰੂਬਰੂ ਕਰਨ ਵਿੱਚ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਮੈਂ ਇਸ ਪੁਸਤਕ ਵਿੱਚ ਸ਼ਾਮਿਲ ਸਾਰੀਆਂ ਅਦਬੀ ਸ਼ਖਸ਼ੀਅਤਾਂ ਪ੍ਰਤੀ ਦਿਲ ਦੀਆਂ ਗਹਿਰਾਈਆਂ ਤੋਂ ਆਭਾਰ ਅਤੇ ਸਤਿਕਾਰ ਪ੍ਰਗਟ ਕਰਦਾ ਹਾਂ, ਜਿਨ੍ਹਾਂ ਨੇ ਆਪਣੇ ਨਿੱਜੀ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਜਾਣਕਾਰੀਆਂ ਮੇਰੇ ਨਾਲ ਸਾਂਝੀਆਂ ਕੀਤੀਆਂ ਹਨ।

ਇਸ ਪੁਸਤਕ ਦੇ ਅੰਤ ਵਿੱਚ ਉੱਘੇ ਸਾਹਿਤਕਾਰ, ਕਹਾਣੀਕਾਰ ਜਸਬੀਰ ਕਲਸੀ ਧਰਮਕੋਟ ਵੱਲੋਂ ਦਾਸ ਦੇ ਜੀਵਨ ਬਾਰੇ ਲਿਖੀ ਸੰਖੇਪ ਜਾਣ ਪਛਾਣ ਵੀ ਦਰਜ ਕੀਤੀ ਗਈ ਹੈ, ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ। ਮੈਂ ਪੁਸਤਕ ਦੀ ਭੂਮਿਕਾ ਲਿਖਣ ਲਈ ਪੰਜਾਬੀ ਸਾਹਿਤ ਜਗਤ ਦੇ ਉੱਘੇ ਵਿਦਵਾਨ ਸਾਹਿਤਕਾਰ ਡਾ. ਚਰਨਜੀਤ ਸਿੰਘ ਗੁਮਟਾਲਾ ਜੀ ਅਤੇ ਵਿਸ਼ੇਸ਼ ਤੌਰ ’ਤੇ ਆਸ਼ੀਰਵਾਦ ਦੇਣ ਲਈ


ਪੰਜਾਬੀ ਦੇ ਸਿਰਮੌਰ ਨਾਵਲਕਾਰ, ਨਾਮਵਰ ਸਾਹਿਤਕਾਰ ਬਲਦੇਵ ਸਿੰਘ ਸੜਕਨਾਮਾ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ। ਮੈਂ ਸ. ਅਵਤਾਰ ਸਿੰਘ ਮੰਗਾ ਊੜਾ ਪਬਲੀਕੇਸ਼ਨ ਦਾ ਧੰਨਵਾਦ ਕਰਨਾ ਵੀ ਆਪਣਾ ਫਰਜ਼ ਸਮਝਦਾ ਹਾਂ, ਜਿਨ੍ਹਾਂ ਨੇ ਬੜੀ ਰੀਝ ਨਾਲ ਇਸ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ ਹੈ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਮੇਰੀਆਂ ਪਹਿਲੀਆਂ ਪ੍ਰਕਾਸ਼ਿਤ ਪੁਸਤਕਾਂ ਦੀ ਤਰ੍ਹਾਂ ਹੀ ਇਸ ਪੁਸਤਕ ਨੂੰ ਵੀ ਭਰਪੂਰ ਪਿਆਰ ਦੇਣਗੇ।

ਪਾਠਕਾਂ ਦੇ ਹੁੰਗਾਰੇ ਦੀ ਆਸ ਵਿੱਚ,

**ਦਲਜੀਤ ਰਾਏ ਕਾਲੀਆ**
15/266, ਪੁਰਾਣੀ ਤਲਵੰਡੀ ਰੋਡ,
ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ।

# ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ



ਪੰਜਾਬੀ ਸਾਹਿਤ ਰਤਨ, ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਸਾਹਿਤ ਅਚਾਰੀਆ ਓਮ ਪ੍ਰਕਾਸ਼ ਗਾਸੋ ਕੇਵਲ ਵੱਡੇ ਸਾਹਿਤਕਾਰ ਹੀ ਨਹੀਂ, ਸਗੋਂ ਉਹ ਆਪਣੇ ਆਪ ਵਿੱਚ ਇੱਕ ਵੱਡੀ ਸੰਸਥਾ ਹਨ। ਉਨ੍ਹਾਂ ਨੇ ਪੰਜਾਬੀ ਭਾਸ਼ਾ ਤੋਂ ਇਲਾਵਾ ਹਿੰਦੀ ਭਾਸ਼ਾ ਵਿੱਚ ਵੀ ਵੱਡੀ ਗਿਣਤੀ ਵਿੱਚ ਪੁਸਤਕਾਂ ਦੀ ਰਚਨਾ ਕੀਤੀ ਹੈ।ਆਪਣੀ ਸਾਦ-ਮੁਰਾਦੀ ਰਹਿਣੀ-ਬਹਿਣੀ, ਪੋਚਵੀਂ ਪੱਗ,ਸਾਦਾ ਕੁੜਤਾ ਪਜਾਮਾ, ਗਲ ਵਿੱਚ ਲਮਕਾਇਆ ਖੱਦਰ ਦਾ ਕਿਤਾਬਾਂ ਤੇ ਖਾਣ ਪੀਣ ਦੀਆਂ ਚੀਜ਼ਾਂ ਵਾਲਾ ਝੋਲਾ, ਹੱਥ ਵਿੱਚ ਖੂੰਡੀ, ਅਤੇ ਅੱਖਾਂ ਉੱਪਰ ਨਜ਼ਰ ਦੀਆਂ ਮੋਟੇ ਸ਼ੀਸ਼ਿਆਂ ਵਾਲੀਆਂ ਲੱਗੀਆਂ ਐਨਕਾਂ ਸਦਕਾ ਹਜ਼ਾਰਾਂ ਲੋਕਾਂ ਵਿੱਚ ਉਨ੍ਹਾਂ ਦੀ ਨਵੇਕਲੀ ਦਰਸ਼ਨੀ ਦਿੱਖ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਉਹ ਸਫ਼ਰ ’ਤੇ ਜਾਣ ਸਮੇਂ ਅਕਸਰ ਹੀ ਘਰੋਂ ਪੋਣੇ ਵਿੱਚ ਰੋਟੀਆਂ/ਪਰੌਂਠੇ ਲਪੇਟ ਕੇ ਨਾਲ ਅਚਾਰ, ਗੁੜ, ਗੰਢਾ ਲੈ ਕੇ ਤੁਰਦੇ ਹਨ, ਜਿੱਥੇ ਉਸ ਨਾਲ ਉਨ੍ਹਾਂ ਦੀ ਆਪਣੀ ਭੁੱਖ ਦੀ ਤ੍ਰਿਪਤੀ ਹੁੰਦੀ ਹੈ, ਉੱਥੇ ਜਿਸ ਅਪਣੱਤ ਨਾਲ ਆਪਣੇ ਸੰਗੀ-ਸਾਥੀ ਨੂੰ ਖਵਾਉਂਦੇ ਹਨ, ਉਸ ਨਾਲ ਜ਼ਰੂਰ ਉਸਦੀ ਰੂਹ ਸਰਸ਼ਾਰ ਹੋ ਜਾਂਦੀ ਹੈ। ਉਹ ਆਪਣੇ ਝੋਲੇ ਵਿੱਚ ਖਾਣ ਲਈ ਮੌਸਮ ਅਨੁਸਾਰ ਪਿੰਨੀਆਂ, ਗੱਚਕ, ਰਿਉੜੀਆਂ ਅਤੇ ਹੋਰ ਵਸਤਾਂ ਵੀ ਰੱਖਦੇ ਹਨ, ਕਿਸੇ ਨੂੰ ਝੋਲੇ ਵਿਚੋਂ ਕੱਢ ਕੇ ਕਿਤਾਬਾਂ ਪੜ੍ਹਨ ਲਈ ਦੇ ਦਿੰਦੇ ਹਨ। ਸਾਹਿਤਕ ਖੇਤਰ ਵਿੱਚ ਵੱਡਾ ਰੁਤਬਾ ਹੋਣ ਦੇ ਬਾਵਜੂਦ ਉਹ ਦਰਵੇਸ਼ ਅਤੇ ਫ਼ਕੀਰਾਨਾ ਤਬੀਅਤ ਦੇ ਇਨਸਾਨ ਹਨ। ਉਨ੍ਹਾਂ ਦੀ ਸ਼ਖਸ਼ੀਅਤ ਦੇਖ ਕੇ ਰਿਸ਼ੀ ਅਤੇ ਸੰਤ ਦਾ ਝਾਉਲਾ ਪੈਂਦਾ ਹੈ। ਉਨ੍ਹਾਂ ਦੀ ਮਿਕਨਾਤੀਸੀ ਸ਼ਖਸ਼ੀਅਤ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਸਮੇਂ ਦੀ ਪਾਬੰਦੀ ਉਨ੍ਹਾਂ ਦੀ ਸ਼ਖਸ਼ੀਅਤ ਦਾ ਮੀਰੀ ਗੁਣ ਹੈ। ਸਟੇਜ ’ਤੇ ਵੀ ਉਹ ਆਪਣੀ ਗੱਲ ਨਿਸ਼ਚਿਤ ਸਮੇਂ ਅੰਦਰ ਕਰਨ ਲਈ ਪਾਬੰਦ ਰਹਿੰਦੇ ਹਨ। ਮੰਚ ’ਤੇ ਬੋਲਦੇ ਸਮੇਂ ਉਨ੍ਹਾਂ ਦੇ ਸਾਹਮਣੇ ਗੁੱਟ ਘੜੀ ਰੱਖੀ ਹੁੰਦੀ ਹੈ ਅਤੇ ਮਿਲੇ ਨਿਰਧਾਰਤ ਸਮੇਂ ਤੋਂ ਕੁਝ ਸਕਿੰਟ ਪਹਿਲਾਂ ਹੀ ਆਪਣੀ ਗੱਲ ਮੁਕੰਮਲ ਕਰ ਲੈਂਦੇ ਹਨ। ਉਂਜ ਭਾਸ਼ਨ ਕਲਾ ਵਿੱਚ ਉਨ੍ਹਾਂ ਨੂੰ ਵੱਖਰੀ ਕਿਸਮ ਦੀ ਮੁਹਾਰਤ ਹਾਸਲ ਹੈ।

ਉਹ ਬੋਲਣ ਦੇ ਦੌਰਾਨ ਇੱਕ ਵੀ ਸ਼ਬਦ ਨੂੰ ਦੁਬਾਰਾ ਨਹੀਂ ਵਰਤਣਗੇ ਅਤੇ ਕਿਸੇ ਵੀ ਵਿਸ਼ੇ ’ਤੇ ਘੰਟਿਆਂ ਬੱਧੀ ਵੀ ਬੋਲ ਸਕਦੇ ਹਨ। ਸਮਾਂ ਖੜ੍ਹ ਜਾਂਦਾ ਹੈ, ਇੰਜ ਜਾਪਦਾ ਹੈ ਜਿਵੇਂ ਕੋਈ ਸੰਤ ਮਹਾਂਪੁਰਸ਼ ਪ੍ਰਵਚਨ ਕਰ ਰਿਹਾ ਹੋਵੇ, ਸ਼ਾਇਦ ਇਸ ਦਾ ਕਾਰਨ ਮੁੱਢਲੇ ਸਮੇਂ ਦੌਰਾਨ ਉਨਾਂ ਦੀ ਗੁਰੂਕੁਲਾਂ, ਸੰਸਕ੍ਰਿਤ ਪਾਠਸ਼ਾਲਾਵਾਂ ਅਤੇ ਸੰਤਾਂ ਦੇ ਡੇਰਿਆਂ ਵਿੱਚ ਹੋਈ ਸ਼ਿਕਸ਼ਾ-ਦੀਖਿਆ ਹੀ ਹੋਵੇ। ਬਹੁਪੱਖੀ ਸ਼ਖਸ਼ੀਅਤ ਓਮ ਪ੍ਰਕਾਸ਼ ਗਾਸੋ ਹਰਮਨ ਪਿਆਰੇ ਅਤੇ ਸਫ਼ਲ ਅਧਿਆਪਕ ਹੋਣ ਦੇ ਨਾਲ-ਨਾਲ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ, ਵਾਤਾਵਰਨ ਤੇ ਕੁਦਰਤ ਪ੍ਰੇਮੀ, ਹਜ਼ਾਰਾਂ ਰੁੱਖ ਲਾਉਣ ਵਾਲੀ ਪਰਉਪਕਾਰੀ ਸ਼ਖਸ਼ੀਅਤ ਹਨ। ਉਨ੍ਹਾਂ ਆਪਣੇ ਪੱਲਿਉਂ ਪੈਸੇ ਖਰਚ ਕੇ ਸਕੂਲਾਂ ਤੇ ਹੋਰ ਸਾਂਝੀਆਂ ਥਾਵਾਂ ’ਤੇ ਹਜ਼ਾਰਾਂ ਰੁੱਖ-ਬੂਟੇ ਲਗਾਏ ਹੀ ਨਹੀਂ ਹਨ, ਸਗੋਂ ਪਾਲ-ਪਲੋਸ ਕੇ ਵੱਡੇ ਵੀ ਕੀਤੇ ਹਨ। ਇਸ ਤੋਂ ਇਲਾਵਾ ਉਹ ਅਧਿਆਪਨ ਕਾਲ ਦੌਰਾਨ ਅਧਿਆਪਕ ਜਥੇਬੰਦੀਆਂ ਵਿੱਚ ਮੋਹਰੀ ਸਫ਼ਾਂ ਵਿੱਚ ਵਿਚਰਦੇ ਰਹੇ ਹਨ। ਉਨ੍ਹਾਂ ਦੇ ਕਈ ਵਾਰ ਗ੍ਰਿਫਤਾਰੀ ਵਾਰੰਟ ਵੀ ਜਾਰੀ ਹੋਏ ਅਤੇ ਉਹ ਅੰਡਰਗਰਾਉਂਡ ਹੋ ਕੇ ਕਾਰਜ ਕਰਦੇ ਰਹੇ।

ਪੰਜਾਬੀ ਸਾਹਿਤ ਦੀ ਕੱਦਾਵਰ ਸ਼ਖ਼ਸੀਅਤ ਓਮ ਪ੍ਰਕਾਸ਼ ਗਾਸੋ ਦਾ ਜਨਮ 9 ਅਪ੍ਰੈਲ, 1933 ਈ. ਨੂੰ ਪੰਡਤ ਗੋਪਾਲ ਦਾਸ ਅਤੇ ਮਾਤਾ ਉੱਤਮੀ ਦੇਵੀ ਦੇ ਘਰ ਬਰਨਾਲਾ ਵਿਖੇ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਂ ਸਦਾ ਨੰਦ ਅਤੇ ਦਾਦੀ ਦਾ ਨਾਂ ਰਾਧਾ ਸੀ। ਜਗਨਨਾਥ ਅਤੇ ਕ੍ਰਿਸ਼ਨ ਦਾਸ ਗਾਸੋ ਦੇ ਵੱਡੇ ਭਰਾ ਸਨ। ਉਨ੍ਹਾਂ ਦੇ ਪਿਤਾ ਪੰਡਿਤ ਗੋਪਾਲ ਦਾਸ ਭਾਵੇਂ ਸਕੂਲ ਅਧਿਆਪਕ ਸਨ, ਪਰ ਪਰਿਵਾਰ ਗਾਸੋ ਨੂੰ ਜਜ਼ਮਾਨੀ-ਪੁਰੋਹਿਤੀ ਦੇ ਕਿੱਤੇ ਵਿੱਚ ਪਾਉਣਾ ਚਾਹੁੰਦਾ ਸੀ। ਇਸ ਕਰਕੇ ਉਨ੍ਹਾਂ ਦਾ ਬਾਪ ਬਾਲ ਵਰੇਸ ਵਿੱਚ ਹੀ ਬਾਲਕ ਨੂੰ ਹੰਡਿਆਇਆ ਕਸਬੇ ਦੇ ਸਾਧ ਪਰਮਾਨੰਦ ਅਤੇ ਉੱਤਮ ਗਿਰੀ ਦੇ ਡੇਰੇ ਛੱਡ ਆਇਆ ਕਿ ਉਸ ਨੂੰ ਪਾਂਧਾ ਬਣਾਇਆ ਜਾਵੇ ਅਤੇ ਉਹ ਜਜ਼ਮਾਨੀ ਪੁਰੋਹਿਤੀ ਵਿੱਚ ਮੁਹਾਰਤ ਹਾਸਲ ਕਰ ਲਵੇ। ਬਾਅਦ ਵਿੱਚ ਉਸ ਨੂੰ ਬਰਨਾਲੇ ਦੇ ਰਿਸ਼ੀ ਕੁਲ ਵਿੱਚ ਸੰਸਕ੍ਰਿਤ ਪੜ੍ਹਨ ਲਈ ਵੀ ਭੇਜਿਆ ਗਿਆ ਤਾਂ ਜੋ ਉਹ ਵਿਆਹ ਸੰਸਕਾਰ ਕਰਵਾਉਣ ਸਮੇਂ ਵਿਆਹ ਪੱਧਤੀ ਅਤੇ ਕਥਾ ਪ੍ਰਚਾਰਕ ਲਈ ਜ਼ਰੂਰੀ ਕਥਾ ਵਾਚਕ ਪੱਧਤੀ, ਪੁਰਾਣ ਪੱਧਤੀ, ਸੱਤਿਆ ਨਾਰਾਇਣ ਦੀ ਕਥਾ ਕਰਨੀ ਤੇ ਹੋਰ ਧਾਰਮਿਕ ਰਹੁ ਰੀਤਾਂ ਸਿੱਖ ਸਕੇ। ਓਮ ਪ੍ਰਕਾਸ਼ ਗਾਸੋ ਇਸ ਸਮੇਂ ਦੌਰਾਨ ਕੋਠਾਰੀ ਅਤੇ ਪੁਜਾਰੀ ਵੀ ਬਣਿਆ ਰਿਹਾ।

ਓਮ ਪ੍ਰਕਾਸ਼ ਗਾਸੋ ਆਪਣੀ ਸਵੈ-ਜੀਵਨੀ 'ਨਦੀ ਦਾ ਨਾਦ' ਵਿੱਚ ਲਿਖਦੇ ਹਨ, "ਇਹ ਤਾਂ ਮੈਨੂੰ ਅਜੇ ਤੱਕ ਵੀ ਪਤਾ ਨਹੀਂ ਕਿ ਹੰਡਿਆਇਆ ਵਾਲੇ ਸਾਧਾਂ ਦਾ ਉਹ ਡੇਰਾ ਨਿਰਮਲਿਆਂ, ਉਦਾਸੀਆਂ ਜਾਂ ਬੈਰਾਗੀਆਂ ਦਾ ਸੀ, ਜਿੱਥੇ ਮੇਰਾ ਬਾਪ ਮੈਨੂੰ ਲੰਡਰ ਜਿਹਾ ਕਤੂਰਾ ਸਮਝ ਕੇ ਛੱਡ ਆਇਆ ਸੀ, ਪਰ ਪਤਾ ਨਹੀਂ ਕਿਹੜੀ ਸ਼ਕਤੀ ਸੀ, ਜਿਸ ਨੇ ਮੈਨੂੰ ਲੰਡਰ ਕਤੂਰੇ ਤੋਂ ਅਵਾਰਾ ਕੁੱਤਾ ਨਾ ਬਣਨ ਦਿੱਤਾ। ਸਗੋਂ ਮੈਂ ਤਾਂ ਜ਼ਿੰਦਗੀ ਦੇ ਹੋਣਹਾਰ ਹੁੰਗਾਰੇ ਦਾ ਹੁਸਨ ਬਣ ਕੇ ਹੁਣ ਤੱਕ ਆਪਣੇ ਸਮੇਂ ਦੀ ਉਮਰ ਲਈ ਮਾਨਵਵਾਦੀ ਇਸ਼ਕ ਦੀ ਇਬਾਰਤ ਲਿਖਦਾ ਆ ਰਿਹਾ ਹਾਂ। ਮੈਨੂੰ ਅਣਚਾਹੇ, ਅਣਗੌਲੇ ਅਤੇ ਅਣਡਿੱਠ ਪਲਾਂ ਵਿੱਚੋਂ ਦੀ ਗੁਜ਼ਰਨਾ ਪਿਆ।ਸਾਧਾਂ ਦੇ ਡੇਰਿਆਂ, ਰਿਸ਼ੀਕੁਲਾਂ ਅਤੇ ਪਾਠਸ਼ਾਲਾਵਾਂ ਵਿੱਚ ਧੱਕੇ ਖਾਂਦਿਆਂ ਮੇਰੀ ਉਮਰ ਦੇ 13 ਵਰ੍ਹੇ ਬੀਤ ਗਏ। ਇਨ੍ਹਾਂ ਵਰਿਆਂ ਦੌਰਾਨ ਮੈਂ ਸਾਧਾਂ ਦੀਆਂ ਚਿਲਮਾਂ ਭਰਦਾ ਰਿਹਾ। ਮੰਦਰਾਂ ਵਿੱਚ ਖੜਤਾਲਾਂ ਖੜਕਾ ਛੱਡਦਾ। ਗਜੇ ਦੀਆਂ ਰੋਟੀਆਂ ਮੰਗ ਕੇ ਲੈ ਆਉਂਦਾ, ਲਘੂ ਕੌਮਦੀ ਦੇ ਸੂਤਰਾਂ ਨੂੰ ਰੱਟੇ ਲਾਉਂਦਾ, ਹੋੜਾ ਚੱਕਰ ਦਾ ਕੋਈ ਸ਼ਲੋਕ ਪੜ੍ਹ ਲੈਂਦਾ, ਪੰਗਤ ਵਿੱਚ ਬੈਠ ਕੇ ਨਿਉਂਦੇ ਖਾ ਲੈਂਦਾ, ਸ਼ਲੋਕ ਉਚਾਰਦਾ ਹਨੂਮਾਨ ਦਾ ਪੁਜਾਰੀ ਬਣ ਗਿਆ।" ਪਰਿਵਾਰ ਵਾਲੇ ਉਸ ਨੂੰ ਪਾਂਧਾ ਬਣਾਉਣਾ ਚਾਹੁੰਦੇ ਸਨ, ਪਰ ਗਾਸੋ ਦੇ ਅੰਦਰਲੀ ਪ੍ਰਤਿਭਾ ਨੇ ਉਸ ਨੂੰ ਅਜਿਹਾ ਝੰਜੋੜਿਆ ਕਿ ਉਸ ਦਾ ਰੁੱਖ ਸਕੂਲੀ ਵਿੱਦਿਆ ਵੱਲ ਹੋ ਗਿਆ। ਜ਼ਿੰਦਗੀ ਦੇ ਮੁੱਢਲੇ 13 ਸਾਲ ਗੁਜ਼ਾਰਨ ਪਿੱਛੋਂ ਉਸਦੇ ਜੀਵਨ ਵਿੱਚ ਨਵਾਂ ਮੋੜ ਆਇਆ। ਉਸ ਦੀ ਮਾਤਾ ਨੇ ਆਪਣੇ ਪ੍ਰੋਹਿਤ ਲਾਲ ਚੰਦ ਅਧਿਆਪਕ ਨਾਲ ਗੱਲ ਕਰਕੇ ਗਾਸੋ ਨੂੰ ਉਸ ਦੇ ਸਕੂਲ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਗਾਸੋ ਨੇ ਉਰਦੂ ਦਾ ਜਾਰਜ ਪੰਚਮ ਦੀ ਤਸਵੀਰ ਲੱਗੀ ਵਾਲਾ ਕਾਇਦਾ, ਜਿਸ ਨੂੰ ਰੋਡੇ ਸਾਹਿਬ ਦਾ ਕਾਇਦਾ ਵੀ ਕਿਹਾ ਜਾਂਦਾ ਸੀ ਤੋਂ ਅਲਫ਼ ਬੇ ਪੇ ਸੰਘੇੜਾ ਦੇ ਸਕੂਲ ਵਿਖੇ ਸਿੱਖਣੀ ਸ਼ੁਰੂ ਕੀਤੀ ਅਤੇ ਕੁਝ ਮਹੀਨਿਆਂ ਵਿੱਚ ਤਿੰਨ ਜਮਾਤਾਂ ਪਾਸ ਕਰ ਲਈਆਂ ਅਤੇ ਫਿਰ ਚੌਥੀ ਜਮਾਤ ਉੱਗੋਕੇ ਦੇ ਸਕੂਲ ਤੋਂ, ਜਿੱਥੇ ਗਾਸੋ ਦੇ ਪਿਤਾ ਜੀ ਪੜ੍ਹਾਉਂਦੇ ਸਨ, ਪਾਸ ਕਰ ਲਈ। ਪੰਜਵੀਂ ਜਮਾਤ ਵਿੱਚ ਉਨ੍ਹਾਂ ਨੇ ਸਰਕਾਰੀ ਸਕੂਲ ਬਰਨਾਲਾ ਵਿੱਚ ਦਾਖਲਾ ਲੈ ਲਿਆ। ਇਸ ਸਮੇਂ ਇੱਥੇ ਮਾਸਟਰ ਬਾਲ ਮੁਕੰਦ, ਟੇਕ ਚੰਦ, ਅਯੁੱਧਿਆ ਪ੍ਰਸ਼ਾਦ ਅਤੇ ਹੈਡ ਮਾਸਟਰ ਨੰਦ ਸਿੰਘ ਪੜ੍ਹਾਉਂਦੇ ਹੁੰਦੇ ਸਨ। ਜਦੋਂ ਗਾਸੋ ਛੇਵੀਂ ਜਮਾਤ ਵਿੱਚ ਹੋਏ ਤਾਂ ਦੇਸ਼ ਵੰਡ ਦਾ ਭਿਆਨਕ ਸਮਾਂ ਆ ਗਿਆ। ਉਨ੍ਹਾਂ ਨੇ ਇਸ ਭਿਆਨਕ ਮੰਜ਼ਰ ਨੂੰ ਬੜੇ ਨੇੜੇ ਤੋਂ

ਦੇਖਿਆ। ਇਸ ਵੇਲੇ ਭਿਆਨਕ ਕਤਲੋਗਾਰਤ ਹੋਈ, ਉਨ੍ਹਾਂ ਲੋਥਾਂ ਦੇ ਢੇਰ ਵੇਖੇ, ਲਾਸ਼ਾਂ ਨੂੰ ਦਫ਼ਨ ਕਰਦਿਆਂ ਦੇਖਿਆ ਅਤੇ ਔਰਤ ਜਾਤ ਦੀ ਹੁੰਦੀ ਬੇਪਤੀ ਨੂੰ ਤੱਕਿਆ। ਭਿਆਨਕ ਦੌਰ ਦਾ ਜ਼ਿਕਰ ਕਰਦਿਆਂ ਰੂਹ ਕੰਬਦੀ ਹੈ। 13-14 ਸਾਲ ਦੇ ਗਾਸੋ ਨੇ ਜੋ ਦਰਦਨਾਕ, ਹਿਰਦੇ ਵੇਧਕ ਬਰਬਰਤਾ ਦੇ ਤਾਂਡਵ ਨੂੰ ਵੇਖਿਆ, ਉਹ ਉਨ੍ਹਾਂ ਨੂੰ ਅੱਜ ਵੀ ਬੇਚੈਨ ਕਰਦਾ ਰਹਿੰਦਾ ਹੈ।

ਓਮ ਪ੍ਰਕਾਸ਼ ਗਾਸੋ ਦਾ ਨੌਵੀਂ ਜਮਾਤ ਵਿੱਚ ਪੜ੍ਹਦਿਆਂ 19 ਸਾਲ ਦੀ ਉਮਰ ਵਿੱਚ ਵਿਆਹ ਕਰ ਦਿੱਤਾ ਗਿਆ। ਉਸ ਸਮੇਂ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੱਤਿਆ ਦੇਵੀ ਦੀ ਉਮਰ 17 ਸਾਲ ਸੀ। ਉਨ੍ਹਾਂ ਨੇ ਹਿੰਦੀ ਰਤਨ ਦਾ ਇਮਤਿਹਾਨ ਵੀ ਪਾਸ ਕੀਤਾ। ਓਮ ਪ੍ਰਕਾਸ਼ ਗਾਸੋ ਨੇ ਮੈਟ੍ਰਿਕ ਹਾਈ ਸਕੂਲ ਬਰਨਾਲਾ ਤੋਂ ਕੀਤੀ।ਮੈਟ੍ਰਿਕ ਕਰਨ ਤੋਂ ਪਿੱਛੋਂ ਉਨ੍ਹਾਂ ਨੇ 1953-54 ਵਿੱਚ ਮਦਰਾਸ ਦੇ ਵਾਈ.ਐਮ.ਸੀ.ਏ. ਕਾਲਜ ਫਾਰ ਫਿਜ਼ੀਕਲ ਐਜੂਕੇਸ਼ਨ ਤੋਂ ਸੀ.ਪੀ ਐਡ.ਦਾ ਕੋਰਸ ਕੀਤਾ। ਇਸ ਤੋਂ ਪਿੱਛੋਂ ਉਨ੍ਹਾਂ ਦੀ ਨਿਯੁਕਤੀ ਪਹਿਲੀ ਦਸੰਬਰ 1954 ਨੂੰ ਸਰਕਾਰੀ ਮਿਡਲ ਸਕੂਲ ਮੌੜ (ਤਪਾ) ਵਿਖੇ ਸਰੀਰਕ ਸਿੱਖਿਆ ਅਧਿਆਪਕ ਵਜੋਂ ਹੋਈ। ਇਸ ਤੋਂ ਪਿੱਛੋਂ ਉਨ੍ਹਾਂ ਬਰਨਾਲਾ ਇਲਾਕੇ ਦੇ ਕਈ ਪਿੰਡਾਂ ਦੇ ਸਰਕਾਰੀ ਸਕੂਲਾਂ ਜਿਵੇਂ ਕਿ ਮਹਿਲ ਕਲਾਂ, ਕਾਂਝਲਾ, ਧੌਲਾ, ਹੰਡਿਆਇਆ ਵਿੱਚ ਬੱਚਿਆਂ ਨੂੰ ਪੜ੍ਹਾਇਆ। ਸਿੱਖਿਆ ਵਿਭਾਗ ਵਿੱਚ ਉਨ੍ਹਾਂ ਦੀ ਨਿਯੁਕਤੀ ਭਾਵੇਂ ਸਰੀਰਕ ਸਿੱਖਿਆ ਅਧਿਆਪਕ ਪੀ.ਟੀ. ਮਾਸਟਰ ਵਜੋਂ ਹੋਈ, ਪਰ ਉਨ੍ਹਾਂ ਆਪਣੇ ਵਿਸ਼ੇ ਤੋਂ ਇਲਾਵਾ ਵਿਦਿਆਰਥੀਆਂ ਨੂੰ ਪੰਜਾਬੀ ਅਤੇ ਹਿੰਦੀ ਦੇ ਵਿਸ਼ੇ ਵੀ ਪੜ੍ਹਾਏ। ਉਨ੍ਹਾਂ ਨੇ ਵਿਦਿਆਰਥੀਆਂ ਦੇ ਵਿੱਚ ਖੇਡਾਂ ਵਿੱਚ ਰੁਚੀ ਅਤੇ ਖੇਡ ਭਾਵਨਾ ਪੈਦਾ ਕਰਨ ਲਈ ਯਤਨ ਕੀਤੇ। ਸਕੂਲਾਂ ਵਿੱਚ ਅਧਿਆਪਨ ਕਾਰਜ ਕਰਨ ਦੇ ਦੌਰਾਨ ਉਨ੍ਹਾਂ ਵਿਦਿਆਰਥੀਆਂ ਵਿੱਚ ਕਲਾਤਮਕ ਰੁਚੀਆਂ ਪੈਦਾ ਕਰਨ ਲਈ ਭਰਪੂਰ ਜਤਨ ਕੀਤੇ। ਉਹ 30 ਅਪ੍ਰੈਲ, 1991 ਨੂੰ ਸਰਕਾਰੀ ਹਾਈ ਸਕੂਲ ਚੀਮਾ ਜੋਧਪੁਰ (ਬਰਨਾਲਾ) ਤੋਂ ਸੇਵਾ ਮੁਕਤ ਹੋਏ। ਆਪਣੇ ਅਧਿਆਪਨ ਕਾਲ ਦੌਰਾਨ ਉਨ੍ਹਾਂ ਨੇ ਪ੍ਰਭਾਕਰ, ਬੀ.ਏ. ਡਬਲ ਐਮ.ਏ., (ਪਹਿਲਾਂ ਪੰਜਾਬੀ ਤੇ ਬਾਅਦ ਵਿੱਚ ਹਿੰਦੀ) ਪ੍ਰਾਈਵੇਟ ਤੌਰ 'ਤੇ ਕੀਤੀ। ਐਮ.ਫਿਲ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹਾਸਲ ਕੀਤੀ। ਉਨ੍ਹਾਂ ਦੇ ਪੜ੍ਹਾਏ ਹੋਏ ਸੈਂਕੜੇ ਵਿਦਿਆਰਥੀ ਉੱਚ ਅਹੁਦਿਆਂ 'ਤੇ ਨਿਯੁਕਤ ਹੋਏ, ਕਈਆਂ ਨੇ ਰਾਜਨੀਤੀ ਵਿੱਚ ਚੰਗਾ ਨਾਮਣਾ ਖੱਟਿਆ। ਉਨ੍ਹਾਂ ਦੇ ਪੜ੍ਹਾਏ ਅਨੇਕਾਂ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਲੈਕਚਰਾਰ, ਪ੍ਰੋਫੈਸਰ ਬਣੇ,

ਕਈ ਸਾਹਿਤਕਾਰੀ ਦੇ ਖੇਤਰ ਵਿੱਚ ਵੀ ਉੱਚੇ ਮੁਕਾਮ ’ਤੇ ਪਹੁੰਚੇ। ਓਮ ਪ੍ਰਕਾਸ਼ ਗਾਸੋ ਨੇ ਪ੍ਰਾਈਵੇਟ ਕਾਲਜਾਂ ਵਿੱਚ ਪ੍ਰੋਫੈਸਰ ਵਜੋਂ ਵੀ ਅਧਿਆਪਨ ਕਾਰਜ ਕੀਤਾ।

ਓਮ ਪ੍ਰਕਾਸ਼ ਗਾਸੋ ਅੰਧ ਵਿਸ਼ਵਾਸੀ ਲੋਕ ਰੂੜੀਆਂ ਦਾ ਸ਼ੁਰੂ ਤੋਂ ਹੀ ਵਿਰੋਧੀ ਰਿਹਾ। ਉਸ ਦੇ ਵੱਡੇ ਭਰਾਤਾ ਗਿਆਨੀ ਜਗਨਨਾਥ ਪੰਜਾਬੀ ਅਧਿਆਪਕ ਅਕਸਰ ਪ੍ਰੀਤ ਲੜੀ ਪੜ੍ਹਦੇ ਹੁੰਦੇ ਸਨ। ਉਨ੍ਹਾਂ ਦੇ ਘਰ ਦਵਿੰਦਰ ਸਤਿਆਰਥੀ ਦੀ ਕਿਤਾਬ ਸੋਨਾ ਗਾਚੀ, ਰਾਹੁਲ ਸਾਂਕ੍ਰਿਤਯਾਯਨ ਅਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ ਕਿਤਾਬਾਂ ਅਤੇ ਇਸ ਤਰ੍ਹਾਂ ਦਾ ਹੋਰ ਸਾਹਿਤ ਅਕਸਰ ਹੁੰਦਾ ਸੀ।। ਗਿਆਨੀ ਜਗਨਨਾਥ ਇਨ੍ਹਾਂ ਕਿਤਾਬਾਂ ਨੂੰ ਜਿੰਦਰਾ ਮਾਰ ਕੇ ਰੱਖਦੇ ਸਨ, ਪਰ ਜਦੋਂ ਕਦੇ ਗਾਸੋ ਦਾ ਦਾਅ ਲੱਗਦਾ ਤਾਂ ਉਹ ਚੋਰੀ-ਛਿਪੇ ਇਹ ਕਿਤਾਬਾਂ ਪੜ੍ਹਦਾ। ਇਨ੍ਹਾਂ ਕਿਤਾਬਾਂ ਦੇ ਪ੍ਰਭਾਵ ਅਤੇ 1947 ਦੀ ਦੇਸ਼ ਦੀ ਹੋਈ ਦਰਦਨਾਕ ਵੰਡ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਈ ਕਤਲੋਗਾਰਤ ਨੇ ਉਨ੍ਹਾਂ ਦੇ ਸੰਵੇਦਨਸ਼ੀਲ ਮਨ ਨੂੰ ਬਹੁਤ ਝੰਜੋੜਿਆ ਅਤੇ ਉਨ੍ਹਾਂ ਦਾ ਝੁਕਾਅ ਸਾਹਿਤ ਸਿਰਜਣਾ ਵੱਲ ਹੋ ਗਿਆ।

1966 ਵਿੱਚ ਉਨ੍ਹਾਂ ਦਾ ਪਹਿਲਾ ਨਾਵਲ ‘ਸੁਪਨੇ ਤੇ ਸੰਸਕਾਰ’ ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਉਨ੍ਹਾਂ ਦੇ ਨਾਵਲ ਕੱਪੜਵਾਸ, ਆਸ-ਅਥਰੂ, ਪੰਚਨਾਦ, ਮਿੱਟੀ ਦਾ ਮੁੱਲ, ਲੋਹੇ-ਲਾਖੇ, ਘਰਕੀਣ, ਤੱਤੀ-ਹਵਾ, ਮੌਤ ਦਰ ਮੌਤ, ਅਧੂਰੇ ਖ਼ਤ ਦੀ ਇਬਾਰਤ, ਬੁਝ ਰਹੀ ਬੱਤੀ ਦਾ ਚਾਨਣ, ਜਵਾਬ ਦੇਹ ਕੌਣ, ਬੰਦ ਗਲੀ ਦੇ ਬਾਸ਼ਿੰਦੇ, ਚਿੱਤਰਾ ਬਚਿੱਤਰਾ, ਤੁਰਦਿਆਂ-ਤੁਰਦਿਆਂ, ਇਤਫ਼ਾਕ, ਇਤਿਹਾਸ ਦੀ ਆਵਾਜ਼, ਤੂੰ ਕੌਣ ਸੀ?, ਦਰਕਿਨਾਰ, ਮੈਂ ਇੱਕ ਪੰਧ ਹਾਂ, ਤਾਂਬੇ ਦਾ ਰੰਗ, ਇਹ ਚੁੱਪ ਕਿਉਂ?, ਅਹਿਸਾਸ ਦੀ ਆਵਾਜ਼, ਮੈਂ ਵਫ਼ਾ ਹਾਂ, ਰਵਾਨਗੀ ਦੇ ਰੰਗ, ਬੀਤ ਗਈਆਂ ਬਾਤਾਂ ਦੀ ਬਾਤ, ਫ਼ਿਲਹਾਲ, ਇਨਾਇਤ-ਦਰ-ਇਨਾਇਤ, ਦ੍ਰਿਸ਼ਟਾਂਤ, ਮੈਂ ਇੱਕ ਆਵਾਜ਼ ਹਾਂ ਪ੍ਰਕਾਸ਼ਿਤ ਹੋਏ। ਉਨ੍ਹਾਂ ਦੇ ਨਾਵਲ ‘ਤੱਤੀ ਹਵਾ’ ਨੂੰ 1986 ਦਾ ਭਾਈ ਮੋਹਨ ਸਿੰਘ ਵੈਦ ਪੁਰਸਕਾਰ ਮਿਲਿਆ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ 1989 ਵਿੱਚ ਉਨ੍ਹਾਂ ਦੇ ਨਾਵਲ ‘ਮੌਤ ਦਰ ਮੌਤ’ ਨੂੰ ਨਾਨਕ ਸਿੰਘ ਨਾਵਲਕਾਰ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੇ ਨਾਵਲਾਂ ਵਿੱਚ ਸਮਾਜਿਕ ਚੇਤਨਾ, ਯਥਾਰਥਵਾਦ ਅਤੇ ਸੰਵੇਦਨਸ਼ੀਲਤਾ ਨੂੰ ਚਿਤਰਿਆ ਹੈ। ਉਨ੍ਹਾਂ ਦੇ ਨਾਵਲਾਂ ਦੇ ਪਾਤਰ ਸੰਘਰਸ਼ਸ਼ੀਲ ਹਨ, ਜ਼ਿੰਦਗੀ ਜਿਉਣ ਦੀ ਲੋਚਾ ਰੱਖਦੇ ਹਨ ਅਤੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿੱਚ ਲੱਗੇ ਰਹਿੰਦੇ ਹਨ।

ਉਨ੍ਹਾਂ ਦੇ ਸੰਸਕ੍ਰਿਤੀ ਅਤੇ ਸੱਭਿਆਚਾਰ ਬਾਰੇ ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ

ਵਿੱਚ ਪੰਜਾਬੀ ਸੱਭਿਆਚਾਰ, ਮਲਵਈ ਸੱਭਿਆਚਾਰ, ਪੰਜਾਬੀ ਦਿੱਖ ਤੇ ਦਰਸ਼ਨ, ਦਿਸਹੱਦਿਆਂ ਦੀ ਦਾਸਤਾਂ, ਜ਼ਿੰਦਗੀ ਦੀ ਸੁਗ਼ਾਤ, ਪੰਜਾਬੀ ਸੱਭਿਆਚਾਰ ਸੌਂਦਰਯ ਸ਼ਾਸਤਰ, ਅਰਥਾਤ, ਪੁਸਤਕ ਸੱਭਿਆਚਾਰ, ਲੋਕਯਾਨਿਕ ਸੰਵਾਦ, ਤਲਖ਼ੀਆਂ ਦੇ ਰੂਬਰੂ, ਜ਼ਿੰਦਗੀ ਦੇ ਹਰਫ਼, ਮੈਂ ਫਿਕਰਮੰਦ ਹਾਂ, ਪ੍ਰਤੀਬੱਧਤਾ ਦੇ ਪ੍ਰਕਰਣ, ਅਰਥਾਤ, ਸਾਂਸਕ੍ਰਿਤਿਕ-ਚਿੰਤਨ, ਧਰਤ ਭਲੀ ਸੁਹਾਵਣੀ, ਮੈਂ ਵੇਖਦਾ ਹਾਂ, ਮੈਂ ਜ਼ਿੰਦਗੀ ਹਾਂ, ਹੁਨਰ ਬਨਾਮ ਹਿਕਮਤ ਸ਼ਾਮਿਲ ਹਨ। ਡਾ.ਮਨਜੀਤ ਇੰਦਰਾ ਬਾਪੂ ਗਾਸੋ ਨੂੰ ਪੰਜਾਬੀ ਸੱਭਿਆਚਾਰ ਦੀ ਜਿਉਂਦੀ ਜਾਗਦੀ ਉਦਾਹਰਨ ਆਖਦੀ ਹੈ।

ਬਾਲ ਸਾਹਿਤ ਵਿੱਚ ਉਨ੍ਹਾਂ ਨੇ ਫਲੋਰੰਜਨੀ ਦੇ ਫੁੱਲ, ਸਿੱਖਿਆ ਤੇ ਸਬਕ, ਵਿੱਦਿਆ ਤੇ ਵਿਦਿਆਰਥੀ ਅਤੇ ਕਰਾਮਾਤੀ ਸਤਰਾਂ ਪੁਸਤਕਾਂ ਨਾਲ ਯੋਗਦਾਨ ਪਾਇਆ ਹੈ। ਪਵਿੱਤਰ ਪਾਪੀ (ਆਲੋਚਨਾਤਮਕ ਅਧਿਐਨ) ਅਤੇ ਸੂਫ਼ੀ ਖਾਨਾ (ਆਲੋਚਨਾਤਮਕ ਅਧਿਐਨ) ਉਨ੍ਹਾਂ ਦੀਆਂ ਆਲੋਚਨਾ ਦੀਆਂ ਪੁਸਤਕਾਂ ਹਨ। ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਪੁਸਤਕਾਂ ਹਨ- ਕਿੱਥੇ ਹੈ ਆਦਮੀ?, ਵਿਦਰੋਹੀ ਸਤਰਾਂ ਦਾ ਸਫ਼ਰ, ਕਿੱਥੇ ਹੈ ਇਨਸਾਫ਼। ਉਨ੍ਹਾਂ ਦੀ 123 ਪੰਨਿਆਂ ਦੀ ਲੰਮੀ ਕਵਿਤਾ 'ਕਿੱਥੇ ਹੈ ਆਦਮੀ' ਵਿੱਚ ਸੰਵੇਦਨਾ, ਫਿਲਾਸਫੀ ਮਾਨਵੀ ਮੁੱਲਾਂ ਦੀ ਸ਼ਬਦ ਜੜ੍ਹਤ ਵੇਖਣ ਵਾਲੀ ਹੈ:-

ਅਰਥ ਲੱਭਦਾ ਲੱਭਦਾ ਆਦਮੀ,
ਗੁਆਚਦਾ ਹੀ ਗਿਆ।
ਪਾਣੀ ਦੀ ਤਲਾਸ਼ ਵਿੱਚ ਤੁਰਦਾ ਆਦਮੀ,
ਮਾਰੂਥਲਾਂ ਵਿੱਚ ਮਰ ਗਿਆ।
ਸੱਸੀ ਦੀ ਮੌਤ, ਪ੍ਰੀਤ ਦਾ ਹਿਜ਼ਰ,
ਹਾਦਸਿਆਂ ਦੇ ਗਲ ਲੱਗਕੇ ਰੋਂਦਾ ਰਿਹਾ।
ਗੋਲ ਗੋਲ ਰੁਪਿਆ ਧਰਤੀ 'ਤੇ ਭਾਉਂਦਾ ਰਿਹਾ।
ਭਾਉਂਦੇ ਪੈਸੇ ਤੋਂ ਇੱਕ ਰਾਹੀ ਨੇ ਪੁੱਛਿਆ,
ਕਿੱਥੇ ਹੈ ਆਦਮੀ?

ਉਨ੍ਹਾਂ ਦੀ ਨਵ-ਪ੍ਰਕਾਸ਼ਿਤ ਪੁਸਤਕ ਤਲਖ਼ੀਆਂ ਦੀ ਤਾਸੀਰ (2025) ਵਿੱਚ ਪੁਸਤਕਾਂ ਨਾਂ ਦੀ ਇੱਕ ਕਵਿਤਾ ਪੰਨਾ 40 ਤੋਂ 75 ਤੱਕ ਅੰਕਿਤ ਹੈ। ਕਵਿਤਾ ਦੇ ਸ਼ੁਰੂ ਵਿੱਚ ਪੁਸਤਕਾਂ ਦੇ ਮਹੱਤਵ ਬਾਰੇ ਦੱਸਿਆ ਗਿਆ ਹੈ, "ਪੁਸਤਕਾਂ ਜ਼ਿੰਦਗੀ ਲਈ

ਅਹਿਮ ਹੁੰਦੀਆਂ ਹਨ ਇਸ ਲਈ ਪੁਸਤਕ ਦੀ ਅਹਿਮੀਅਤ ਨੂੰ ਅਪਣਾਓ।"

ਉਨ੍ਹਾਂ ਨੇ ਹਿੰਦੀ ਸਾਹਿਤ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਹਿੰਦੀ ਸਾਹਿਤਿਕ ਜਗਤ ਨੂੰ ਮਨੁਸ਼ਯ ਕੀ ਆਖੇਂ, ਬਿਖਰੀ ਬਿਖਰੀ ਬਾਤੇਂ, ਸਪਰਸ਼, ਅਵਰੋਧ ਚਾਰ ਨਾਵਲ ਦਿੱਤੇ ਹਨ। ਉਨਾਂ ਦੇ ਹਿੰਦੀ ਨਾਵਲ 'ਬਿਖਰੀ ਬਿਖਰੇ ਬਾਤੇਂ" ਨੂੰ ਸਰਬੋਤਮ ਨਾਵਲ ਐਲਾਨਦੇ ਹੋਏ 1990 ਵਿੱਚ ਗਲਪਕਾਰ ਸੁਦਰਸ਼ਨ ਪੁਰਸਕਾਰ ਨਾਲ ਨਿਵਾਜਿਆ ਗਿਆ। ਹਿੰਦੀ ਕਵਿਤਾ ਦੇ ਖੇਤਰ ਵਿੱਚ ਨੀਮ ਕੀ ਛਾਇਆ ਤਲੇ, ਰਾਜ ਮਾਰਗ, ਪੂਰਵਿਕਾ, ਭੀਗੀ ਗਲੀਆਂ ਬਿਖਰਾ ਕਾਂਚ, ਰਾਸਤੋਂ ਪਰ ਅੰਧੇਰਾ ਕਿਉਂ ਹੈ?, ਬਿਖਾਰਤੇ ਰਹਿਨਾ ਬੀਜ, ਸਮਝਤੇ ਰਹਿਣਾ ਜੀਵਨ ਕੋ ਉਨ੍ਹਾਂ ਦੀਆਂ ਪੁਸਤਕਾਂ ਹਨ। 'ਨਦੀ ਦਾ ਨਾਦ' ਉਨ੍ਹਾਂ ਦੀ ਸਵੈ ਜੀਵਨੀ ਹੈ। ਉਨ੍ਹਾਂ ਦੀ ਸਾਹਿਤਕ ਸਵੈ ਜੀਵਨੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਉਨ੍ਹਾਂ ਬਾਰੇ 'ਓਮ ਪ੍ਰਕਾਸ਼ ਗਾਸੋ ਬਿੰਬ ਪ੍ਰਤੀਬਿੰਬ' ਪੁਸਤਕ ਮਿੱਤਰ ਮੰਡਲ ਪ੍ਰਕਾਸ਼ਨ ਬਰਨਾਲਾ ਵੱਲੋਂ ਛਾਪੀ ਗਈ ਹੈ, ਜਿਸ ਵਿੱਚ ਵੱਖ-ਵੱਖ ਵਿਦਵਾਨਾਂ ਦੀਆਂ ਲਿਖਤਾਂ ਦਰਜ ਹਨ।

ਗਾਸੋ ਦੇ ਰਚਨਾ ਸੰਸਾਰ ਦਾ ਸਰੋਕਾਰ ਹਮੇਸ਼ਾ ਮਜ਼ਦੂਰ ਜਮਾਤ ਨਾਲ ਰਿਹਾ ਹੈ। ਉਨ੍ਹਾਂ ਦਾ ਸਮੁੱਚਾ ਸਾਹਿਤ ਜਮਾਤੀ ਕਾਣੀ ਵੰਡ ਦੇ ਵਿਰੁੱਧ ਭੁਗਤਦਾ ਹੈ।ਗਾਸੋ ਦੀ ਕਲਮ ਹਮੇਸ਼ਾ ਦੱਬੇ-ਕੁਚਲੇ ਲੋਕਾਂ ਦੇ ਹੱਕ ਵਿੱਚ ਖੜਦੀ ਹੈ ਅਤੇ ਸਰਕਾਰੀ ਜਬਰ, ਸ਼ੋਸ਼ਣ ਦਾ ਜ਼ੋਰਦਾਰ ਵਿਰੋਧ ਕਰਦੀ ਰਹਿੰਦੀ ਹੈ। ਉਨ੍ਹਾਂ ਦੀਆਂ ਲਿਖਤਾਂ ਸਮਾਜ ਨੂੰ ਸੇਧ ਦਿੰਦੀਆਂ ਹਨ। ਬਾਪੂ ਗਾਸੋ ਨੇ ਧੱਕੇ ਨਾਲ ਜ਼ਮੀਨਾਂ ਐਕਵਾਇਰ ਕਰ ਰਹੀ ਟਰਾਈਡੈਂਟ ਕੰਪਨੀ ਦੀ ਗੱਲ ਕਰਕੇ ਕਿਸਾਨ ਘੋਲ ਦੇ ਹਿੱਤਾਂ ਦੀ ਗੱਲ ਕੀਤੀ। ਤੁਰਦਿਆਂ ਤੁਰਦਿਆਂ ਮਹਾਂਰਾਸ਼ਟਰੀਆਂ ਦੀਆਂ ਕੁੱਲੀਆਂ ਵੱਲ ਵੀ ਤਿਰਛੀ ਨਜ਼ਰ ਫੇਰੀ। ਸਾਧਾ ਸੰਤਾਂ ਦੇ ਡੇਰਿਆਂ ਤੋਂ ਲੈ ਕੇ ਸਿਆਸਤ ਦੇ ਗਲਿਆਰਿਆਂ ਤੱਕ ਨੂੰ ਕਲਮਬੱਧ ਕੀਤਾ। ਪੰਜਾਬੀ ਦਿੱਖ ਤੇ ਦਰਸ਼ਨ ਦਾ ਸ਼ੀਸ਼ਾ ਆਪਣੇ ਪਾਠਕਾ ਸਾਹਮਣੇ ਰੱਖਿਆ। ਅਟੇਰਨ, ਚਰਖੇ, ਗਲੋਟੇ, ਪੂਣੀਆਂ, ਤ੍ਰਿੰਝਣਾਂ, ਚਿੱਬੜਾਂ, ਕਪਾਹਾਂ, ਮਲੇ-ਝਾੜੀਆਂ, ਕਰੀਰਾਂ, ਜੰਡਾਂ, ਕੌੜ ਤੁੰਮਿਆਂ, ਜਵਾਰ, ਬਾਜਰਿਆਂ ਆਦਿ ਸ਼ਬਦਾਂ ਦੀ ਹੋਂਦ ਨੂੰ ਜਿਉਂਦਾ ਰੱਖਣ ਲਈ ਆਪਣੀਆਂ ਲਿਖਤਾਂ ਰਾਹੀਂ ਨਵੀਂ ਪੀੜੀ ਦੇ ਰੂਬਰੂ ਕੀਤਾ। ਕਿਸਾਨਾਂ ਦੇ ਖੇਤਾਂ ਵਿੱਚ ਉਗਾਏ ਸੋਨੇ ਦਾ ਮੰਡੀਆਂ ਵਿੱਚ ਕੌਡੀ ਮੁੱਲ ਨਾ ਪੈਣ ਦਾ ਜਜ਼ਬਾ ਵੀ ਉਨ੍ਹਾਂ ਦੀ ਕਲਮ ਦੀ ਟੀਸ ਹੈ। ਮਜ਼ਦੂਰਾਂ ਦੇ ਦੁੱਖਾਂ ਦਰਦਾਂ ਨੂੰ ਵੀ

ਪੰਨਿਆਂ ਦੀ ਹਿੱਕ 'ਤੇ ਉਲੀਕਿਆ ਹੈ। (ਓਮ ਪ੍ਰਕਾਸ਼ ਗਾਸੋ: ਬਿੰਬ ਪ੍ਰਤੀਬਿੰਬ ਪੰਨਾ 127-128)

ਓਮ ਪ੍ਰਕਾਸ਼ ਗਾਸੋ ਜੀ ਦੀਆਂ ਰਚਨਾਵਾਂ ਉੱਪਰ ਖੋਜ ਕਾਰਜ ਕਰਕੇ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵੱਲੋਂ ਐਮ.ਫਿਲ ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ ਹਾਸਲ ਕੀਤੀਆਂ ਗਈਆਂ ਹਨ।

2004 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਲਈ ਚੁਣਿਆ ਗਿਆ ਸੀ, ਜਿਸ 'ਤੇ ਡਾ. ਦਲੀਪ ਕੌਰ ਟਿਵਾਣਾ ਦਾ ਕਥਨ ਸੀ ਕਿ ਇਹ ਪੁਰਸਕਾਰ ਤਾਂ ਓਮ ਪ੍ਰਕਾਸ਼ ਗਾਸੋ ਨੂੰ ਪੰਜ ਸਾਲ ਪਹਿਲਾਂ ਮਿਲ ਜਾਣਾ ਚਾਹੀਦਾ ਸੀ। ਉਨ੍ਹਾਂ ਨੂੰ ਹੋਰ ਬਹੁਤ ਸਾਰੇ ਵਕਾਰੀ ਪੁਰਸਕਾਰ ਮਿਲੇ, ਜਿਨ੍ਹਾਂ ਵਿੱਚ ਭਾਈ ਮੋਹਨ ਸਿੰਘ ਵੈਦ ਪੁਰਸਕਾਰ, ਨਾਵਲਕਾਰ ਨਾਨਕ ਸਿੰਘ ਪੁਰਸਕਾਰ, ਬਲਰਾਜ ਸਾਹਨੀ ਪੁਰਸਕਾਰ, ਪ੍ਰੋ. ਮੋਹਨ ਸਿੰਘ ਪੁਰਸਕਾਰ, ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਸੰਤ ਅਤਰ ਸਿੰਘ ਘੁੰਨਸ ਪੁਰਸਕਾਰ, ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ, ਸਾਹਿਤ ਅਚਾਰੀਆ ਪੁਰਸਕਾਰ, 21000 ਦਾ ਸਾਹਿਤ ਸੰਗਮ ਦਿੱਲੀ ਵੱਲੋਂ ਪੁਰਸਕਾਰ ਸ਼ਾਮਿਲ ਹਨ। ਓਮ ਪ੍ਰਕਾਸ਼ ਗਾਸੋ ਨੂੰ ਮਿਲੇ ਇਨਾਮਾਂ ਸਨਮਾਨਾਂ ਦੀ ਸੂਚੀ ਬਹੁਤ ਲੰਬੀ ਬਣਦੀ ਹੈ। ਉਨ੍ਹਾਂ ਨੂੰ ਸਨਮਾਨ ਦੇਣ ਵਾਲੀ ਹਰ ਸਭਾ ਸੁਸਾਇਟੀ ਆਪਣੇ ਆਪ ਵਿੱਚ ਵਿਸ਼ੇਸ਼ ਫ਼ਖ਼ਰ ਮਹਿਸੂਸ ਕਰਦੀ ਰਹੀ ਹੈ। ਪੰਜਾਬ ਦੀਆਂ ਸੈਂਕੜੇ ਸਾਹਿਤ ਸਭਾਵਾਂ, ਸਿੱਖਿਆ ਸੰਸਥਾਵਾਂ, ਸੱਭਿਆਚਾਰਕ ਮੰਚ ਅਤੇ ਕਲੱਬਾਂ ਉਨ੍ਹਾਂ ਨੂੰ ਸਨਮਾਨਿਤ ਕਰ ਚੁੱਕੀਆਂ ਹਨ। ਇਨਾਮਾਂ ਸਨਮਾਨਾਂ ਬਾਰੇ ਪੁੱਛਣ ਤੇ ਗਾਸੋ ਜੀ ਦਾ ਉੱਤਰ ਸੀ, "ਇਨਾਮ ਨੂੰ ਮੈਂ ਭਾਵਨਾਤਮਿਕ ਇਖ਼ਲਾਕ ਸਮਝਦਾ ਹਾਂ। ਇਹ ਇਖ਼ਲਾਕ ਮੇਰੇ ਵਾਸਤੇ ਵਰਦਾਨ ਬਣ ਜਾਂਦਾ ਹੈ।"

ਅਕੇਰਾਂ ਮੈਨੂੰ ਸਾਹਿਤ ਅਕਾਡਮੀ ਚੰਡੀਗੜ੍ਹ ਨੇ ਇਕ ਲੱਖ ਦਾ 'ਪੰਜਾਬ ਗੌਰਵ' ਇਨਾਮ ਦਿੱਤਾ। ਸੁਰਜੀਤ ਪਾਤਰ ਤੁਰ ਗਿਆ, ਪਰ ਉਸਦਾ ਅਕਾਲ ਚਲਾਣਾ ਮੇਰੇ ਲਈ ਸਦੀਵੀ ਯਾਦ ਹੈ। ਸੁਰਜੀਤ ਪਾਤਰ ਹੋਰਾਂ ਨੇ ਮੈਨੂੰ ਇਕ ਲੱਖ ਦਾ ਚੈੱਕ ਦਿੱਤਾ। ਮੈਂ ਸਿਰ ਝੁਕਾ ਕੇ ਇਨਾਮ ਪ੍ਰਾਪਤ ਕਰਦਿਆ ਆਖਿਆ ਸੀ, "ਮੇਰੇ ਸਿਰ 'ਤੇ ਬੋਝ ਹੈ।" ਪਾਤਰ ਸਾਹਿਬ ਦੇ ਬੋਲ ਸਨ, "ਯੂ ਆਰ ਏ ਡਿਵਾਇਨ ਸੋਲ ਫਾਰ ਅੱਸ।" ਪਾਤਰ ਦੀ ਇਸ ਦਿਵਯ ਸਤਰ ਦਾ ਕਰੋੜਾਂ 'ਚ ਮੁੱਲ ਨਹੀਂ ਪੈ ਸਕਦਾ।

ਸਾਹਿਤ ਰਤਨ ਵਜੋਂ 10 ਲੱਖ ਮਿਲਣਾ ਸੀ, ਇੱਕ ਵਕੀਲ ਸਾਹਿਤਕਾਰ ਨੇ

ਰੁਕਾਵਟ ਪੈਦਾ ਕਰ ਦਿੱਤੀ। ਕੈਂਥਲ ਦੀ ਸਭਾ ਨੇ 11 ਹਜ਼ਾਰ ਭੇਂਟ ਕੀਤੇ। ਨਾਮਧਾਰੀ ਧਾਰਾ ਨੇ ਭੈਣੀ ਸਾਹਿਬ ਵਿਖੇ 11 ਹਜ਼ਾਰ ਇਨਾਮ 'ਚ ਦਿੱਤੇ।

ਇਨਾਮਾਂ ਨੂੰ ਮੈਂ ਇੱਜ਼ਤ ਸਮਝਦਾ ਹਾਂ।

ਵੇਖ ਭਾਈ ਕਾਲੀਆ "ਕਈ ਦਹਾਕੇ ਬੀਤ ਗਏ ਸਾਹਿਤ ਸਭਾ ਸਮਰਾਲਾ ਦਾ ਹਮਦਰਦਵੀਰ ਨੁਸ਼ਹਿਰਵੀ ਕਰਤਾ ਧਰਤਾ ਹੁੰਦਾ ਸੀ, ਉਸ ਨੇ ਮੈਨੂੰ ਸਨਮਾਨਿਤ ਕੀਤਾ, ਲਿਫਾਫੇ 'ਚ ਪੰਜ ਇਲੈਚੀਆਂ ਤੇ ਸਵਾ ਰੁਪਿਆ ਸੀ। ਮੇਰੇ ਨਾਲ ਗਏ ਲੇਖਕ ਬਸੰਤ ਕੁਮਾਰ ਰਤਨ ਨੇ ਮੈਨੂੰ ਟਿਕਣ ਨਾ ਦਿੱਤਾ। ਲੁਧਿਆਣੇ ਬੱਸ ਅੱਡੇ 'ਤੇ ਲਿਫਾਫਾ ਖੋਲ੍ਹਿਆ। ਇਹ ਤੁੱਛ ਸੁਗਾਤ ਮੇਰੇ ਲਈ ਮਹਾਨ ਰੁਤਬੇ ਵਾਲੀ ਸੀ।"

ਉਨ੍ਹਾਂ ਦੇ ਨਾਵਲ 'ਬੁਝ ਰਹੀ ਬੱਤੀ ਦਾ ਚਾਨਣ' ਉੱਪਰ ਦੂਰਦਰਸ਼ਨ ਕੇਂਦਰ ਜਲੰਧਰ ਵੱਲੋਂ ਲੜੀਵਾਰ ਸੀਰੀਅਲ ਪਰਛਾਵੇਂ ਬਣਾ ਕੇ ਟੈਲੀਕਾਸਟ ਕੀਤਾ ਗਿਆ ਜਿਸ ਦੇ ਕੁੱਲ 18 ਐਪੀਸੋਡ ਸਨ। ਉਨ੍ਹਾਂ ਨੂੰ ਹਰ ਐਪੀਸੋਡ ਲਈ ਪੰਜ ਹਜਾਰ ਕੁਝ ਸੌ ਰੁਪਏ ਮਿਲਦੇ ਰਹੇ। 2015 ਵਿੱਚ ਉੱਤਰ ਪ੍ਰਦੇਸ਼ ਦੀ ਸੰਸਥਾ ਪਰਸ਼ੋਤਮ ਦਾਸ ਟੰਡਨ ਹਿੰਦੀ ਸੰਸਥਾਨ ਵੱਲੋਂ ਉਨ੍ਹਾਂ ਨੂੰ ਹਿੰਦੀ ਭਾਸ਼ਾ ਵਿੱਚ ਪਾਏ ਵਿਸ਼ੇਸ਼ ਯੋਗਦਾਨ ਲਈ ਦੋ ਲੱਖ ਦਾ ਸੌਹਾਰਦ ਪੁਰਸਕਾਰ ਦਿੱਤਾ ਗਿਆ ਸੀ। ਇਸ ਇਨਾਮ ਮਿਲਣ ਤੋਂ ਪਿੱਛੋਂ ਗਾਸੋ ਜੀ ਦਾ ਐਲਾਨ ਨਾਮਾ ਸੀ ਕਿ ਉਹ ਇਹ ਸਨਮਾਨ ਵਿੱਚ ਮਿਲੀ ਰਾਸ਼ੀ ਨਾਲ ਪੰਜ-ਪੰਜ ਹਿੰਦੀ ਅਤੇ ਪੰਜਾਬੀ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਵਾ ਕੇ ਲਾਗਤ ਮੁੱਲ 'ਤੇ ਹੀ ਪਾਠਕਾਂ ਤੱਕ ਪੁੱਜਦੀਆਂ ਕਰਨਗੇ। ਗਾਸੋ ਸਾਹਿਬ ਇਨਾਮ ਸਨਮਾਨ ਵਿੱਚ ਮਿਲੀ ਰਾਸ਼ੀ ਨੂੰ ਅਕਸਰ ਪੁਸਤਕਾਂ ਦੇ ਰੂਪ ਵਿੱਚ ਪਾਠਕਾਂ ਤੱਕ ਪਹੁੰਚਾਉਂਦੇ ਰਹਿੰਦੇ ਹਨ। 2010 ਵਿੱਚ ਮਲਵਈ ਸੱਥ ਬਠਿੰਡਾ ਵੱਲੋਂ ਉਨ੍ਹਾਂ ਦੀ ਪੁਸਤਕ 'ਮਲਵਈ ਸੱਭਿਆਚਾਰ' ਨੂੰ ਇਨਾਮ ਸਨਮਾਨ ਦੇਣ ਦਾ ਫੈਸਲਾ ਕੀਤਾ ਗਿਆ। ਪ੍ਰਬੰਧਕਾਂ ਨੇ ਗਾਸੋ ਸਾਹਿਬ ਨੂੰ ਸਨਮਾਨ ਵਿੱਚ ਦਿੱਤੀ ਜਾ ਰਹੀ ਰਾਸ਼ੀ ਬਾਰੇ ਵੀ ਅਗਾਊਂ ਦੱਸ ਦਿੱਤਾ। ਸਮਾਗਮ ਵਾਲੇ ਦਿਨ ਗਾਸੋ ਸਾਹਿਬ ਸਨਮਾਨ ਵਿੱਚ ਮਿਲਣ ਵਾਲੀ ਰਾਸ਼ੀ ਤੋਂ ਵੱਧ ਕੀਮਤ ਦੀਆਂ ਕਿਤਾਬਾਂ ਪ੍ਰਬੰਧਕਾਂ ਨੂੰ ਵੰਡਣ ਲਈ ਦੇ ਆਏ। ਇਸ ਪ੍ਰਕਾਰ ਓਮ ਪ੍ਰਕਾਸ਼ ਗਾਸੋ ਪੁਸਤਕ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਨਵੀਆਂ ਨਰੋਈਆਂ ਪਿਰਤਾਂ ਪਾਉਣ ਵਾਲੀ ਸ਼ਖਸ਼ੀਅਤ ਵਜੋਂ ਵੀ ਉਭਰਦੇ ਹਨ।

ਉਨ੍ਹਾਂ ਦੇ ਨਾਵਲਾਂ 'ਮਿੱਟੀ ਦਾ ਮੁੱਲ' ਅਤੇ 'ਮੌਤ ਦਰ ਮੌਤ' ਨੂੰ ਗੁਰਸ਼ਰਨ ਭਾਅ ਜੀ ਨੇ ਨਾਟਕੀ ਰੂਪ ਦੇ ਕੇ ਵੱਖ-ਵੱਖ ਮੰਚਾਂ 'ਤੇ ਪੰਜਾਬ ਦਿੱਲੀ ਮੁੰਬਈ ਅਤੇ ਵਿਦੇਸ਼

ਵਿੱਚ ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹਜ਼ਾਰਾਂ ਦਰਸ਼ਕਾਂ ਦੇ ਸਾਹਮਣੇ ਮੰਚਨ ਕੀਤਾ।

ਅੱਜ ਤੋਂ ਲਗਭਗ ਛੇ ਦਹਾਕੇ ਪਹਿਲਾਂ ਸ੍ਰੀ ਓਮ ਪ੍ਰਕਾਸ਼ ਗਾਸੋ ਜੀ ਨੇ ਮਿੱਤਰ ਮੰਡਲ ਪ੍ਰਕਾਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਬਾਰੇ ਉਨ੍ਹਾਂ ਨੇ ਇਉਂ ਜਾਣਕਾਰੀ ਦਿੱਤੀ, "ਮਿੱਤਰ ਮੰਡਲ ਪ੍ਰਕਾਸ਼ਨ ਇੱਕ ਲੋਕ-ਪੱਖੀ ਉਪਰਾਲਾ ਹੈ। ਇਸ ਉਪਰਾਲੇ ਦੀ ਵਿਉਂਤਬੰਦੀ ਵਿਧਾਇਕ ਹੋਣ ਦੇ ਨਾਲ-ਨਾਲ ਜਨ-ਹਿਤ ਵਾਲੀ ਹੈ।

ਪੰਜ-ਛੇ ਦਹਾਕਿਆਂ ਦੇ ਪੰਧ ਨੂੰ ਪਾਰ ਕਰਨ ਵਾਲਾ ਮਿੱਤਰ ਮੰਡਲ ਪ੍ਰਕਾਸ਼ਨ ਹੁਣ ਤੱਕ 72 ਪੁਸਤਕਾਂ ਪ੍ਰਕਾਸ਼ਿਤ ਕਰ ਚੁੱਕਿਆ ਹੈ।

ਮੇਰੇ ਲਈ ਪਾਠਕਾਂ ਤੇ ਪੈਸਿਆਂ ਦੀ ਕੋਈ ਘਾਟ ਨਹੀਂ।ਸਸਤੇ ਮੁੱਲ ਨਾਲ ਸਾਰਥਿਕ ਸਾਹਿਤ ਦੀ ਵੰਡ ਹੋ ਰਹੀ ਹੈ। ਮਿੱਤਰ ਮੰਡਲ ਪ੍ਰਕਾਸ਼ਨ ਨੇ ਜਨਵਾਦੀ ਸੰਕਲਪ ਅਧੀਨ ਸੱਭਿਆਚਾਰ ਨੂੰ ਇਕ ਸੰਦੇਸ਼ ਵਾਂਗ ਸਵੀਕਾਰ ਕੀਤਾ ਹੋਇਆ ਹੈ। ਇਸ ਸੰਕਲਪ ਨੂੰ ਸਥਾਪਿਤ ਕਰਨ ਵਾਲੀਆਂ ਸ਼ਖਸ਼ੀਅਤਾਂ

1. ਗੁਰਮੀਤ ਸਿੰਘ ਮੀਤ ਹੇਅਰ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਹੁਣ ਮੈਂਬਰ ਲੋਕ ਸਭਾ, ਹਲਕਾ ਸੰਗਰੂਰ)
2. ਸਾਹਿਲ ਗਾਸੋ
3. ਬੰਸੀ ਲਾਲ
4. ਵਿਜੈ ਗੋਇਲ
5. ਐਸ.ਐਸ.ਸਭਾ ਬਰਨਾਲਾ
6. ਹਰਿੰਦਰ ਸਿੰਘ
7. ਡਾ. ਸੁਦਰਸ਼ਨ ਗਾਸੋ

ਆਦਿ ਦਾ ਯੋਗਦਾਨ ਅਦੁੱਤੀ ਹੈ। ਇਸ ਯੋਗਦਾਨ ਨੇ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀਅਤ ਨੂੰ ਪ੍ਰਫੁਲਿਤ ਕਰਨ ਵਾਲੇ ਵਿਸ਼ਵਾਸ ਨੂੰ ਆਪਣਾ ਉਦੇਸ਼ ਮੰਨਿਆ ਹੋਇਆ ਹੈ। ਸਮਾਜ ਸਾਹਿਤਕਾਰ ਦੀ ਬੜੀ ਇੱਜਤ ਕਰਦਾ ਹੈ। ਮੇਰੇ ਲਈ ਆਪਣੇ ਸਮਾਜ ਦੀ ਸ਼ਰਧਾਲੂ ਦ੍ਰਿਸ਼ਟੀ ਇਕ ਦੌਲਤ ਹੈ। ਮੇਰੇ ਪਾਠਕਾਂ ਦੀ ਦਰਿਆ ਦਿਲੀ ਦਾ ਲੇਖਾ-ਜੋਖਾ ਇੱਕ ਵਿਸ਼ੇਸ਼ ਕਿਸਮ ਦੀ ਵਿੱਦਿਆ ਵਰਗਾ ਹੈ।

ਮਿੱਤਰ ਮੰਡਲ ਪ੍ਰਕਾਸ਼ਨ ਦੀ ਹੋਂਦ ਹੁਨਰ ਵਰਗੀ ਹੈ।"

ਗਾਸੋ ਦ੍ਰਿੜ ਇਰਾਦੇ ਦਾ ਮਾਲਕ ਹੈ। ਉਹ ਅਸੰਭਵ ਨੂੰ ਸੰਭਵ ਕਰਨਾ ਜਾਣਦਾ

ਹੈ। ਗੱਲ 1988 ਦੀ ਹੈ ਜਦੋਂ ਉਹ ਪੰਜਾਬੀ ਸਾਹਿਤ ਸਭਾ ਬਰਨਾਲਾ ਦਾ ਪ੍ਰਧਾਨ ਸੀ, ਉਸਦੀ ਰਹਿਨੁਮਾਈ ਹੇਠ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਬਰਨਾਲਾ ਦੇ ਐਸ.ਡੀ. ਕਾਲਜ ਵਿਖੇ ਪ੍ਰਗਤੀਵਾਦ ਬਾਰੇ ਤਿੰਨ ਰੋਜ਼ਾ ਵਿਸ਼ਾਲ ਸਮਾਗਮ ਕੀਤਾ ਗਿਆ ਸੀ, ਜਿਸ ਦੀਆਂ ਅਮਿੱਟ ਪੈੜਾਂ ਅਜੇ ਵੀ ਪਈਆਂ ਹੋਈਆਂ ਹਨ। ਸਭਾ ਦੇ ਵਧੇਰੇ ਮੈਂਬਰਾਂ ਨੇ ਸਮਾਗਮ ਕਰਵਾਉਣ ਤੋਂ ਹੱਥ ਖੜੇ ਕਰ ਦਿੱਤੇ ਸਨ, ਪਰ ਗਾਸੋ ਸਾਹਿਬ ਨੇ ਦਰ-ਦਰ ਝੋਲੀ ਅੱਡ ਕੇ ਇਸ ਸਮਾਗਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜਿਆ ਸੀ। ਗਾਸੋ ਲੇਖਕਾਂ ਦੀਆਂ ਧੜੇ ਬੰਦਿਆਂ ਤੋਂ ਨਿਰਲੇਪ ਲੇਖਕ ਹੈ। ਇਹ ਵੱਖਰੀ ਗੱਲ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵੱਲੋਂ ਅੱਜਕੱਲ੍ਹ ਉਨ੍ਹਾਂ ਨੂੰ ਸਭਾ ਦਾ ਸਰਪ੍ਰਸਤ ਬਣਾ ਕੇ ਮਾਣ ਬਖਸ਼ਿਆ ਹੋਇਆ ਹੈ।

ਗਾਸੋ ਦੇ ਪਰਿਵਾਰ ਬਾਰੇ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦੀ ਪਤਨੀ ਦਾ ਨਾਂ ਸੱਤਿਆ ਦੇਵੀ ਸੀ, ਜੋ ਹੁਣ ਇਸ ਜਹਾਨ ਤੋਂ ਰੁਖਸਤ ਹੋ ਚੁੱਕੇ ਹਨ। ਉਨ੍ਹਾਂ ਦੇ ਘਰ ਤਿੰਨ ਸਪੁੱਤਰ ਅਤੇ ਦੋ ਧੀਆਂ ਨੇ ਜਨਮ ਲਿਆ। ਓਮ ਪ੍ਰਕਾਸ਼ ਗਾਸੋ ਬੜੇ ਫ਼ਖਰ ਨਾਲ ਦੱਸਦੇ ਹਨ ਕਿ

"ਉਨ੍ਹਾਂ ਦੇ ਘਰ ਵਿੱਚ ਚਾਰ ਵਿਅਕਤੀ ਪੀ.ਐਚ.ਡੀ. ਵਾਲੇ ਹਨ। ਉਨ੍ਹਾਂ ਦੇ ਘਰ ਵਾਲੀ ਸਹੀ ਕਿਸਮ ਦੀ ਕਬੀਲਦਾਰ ਸੁਆਣੀ ਸੀ।"

ਉਨ੍ਹਾਂ ਦਾ ਬੇਟਾ ਡਾ.ਸੁਦਰਸ਼ਨ ਗਾਸੋ ਪੰਜਾਬੀ ਸਾਹਿਤ ਦਾ ਚਰਚਿਤ ਹਸਤਾਖਰ ਹੈ, ਜੋ ਜੀ.ਐਮ.ਐਨ. ਕਾਲਜ ਅੰਬਾਲਾ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਹਨ ਅਤੇ ਹਰਿਆਣਾ ਪ੍ਰਾਂਤ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਦੇ ਝੰਡਾ ਬਰਦਾਰ ਬਣੇ ਹੋਏ ਹਨ। ਉਨ੍ਹਾਂ ਦਾ ਬੇਟਾ ਰਮੇਸ਼ ਗਾਸੋ ਬਰਨਾਲਾ ਵਿਖੇ ਰਹਿ ਰਿਹਾ ਹੈ। ਉਨ੍ਹਾਂ ਦਾ ਸਭ ਤੋਂ ਛੋਟਾ ਬੇਟਾ ਡਾ. ਰਵਿੰਦਰ ਗਾਸੋ (ਰਵੀ) 10 ਨਵੰਬਰ, 2023 ਨੂੰ ਡੇਂਗੂ ਦੀ ਨਾ-ਮੁਰਾਦ ਬਿਮਾਰੀ ਕਰਕੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਿਹਾ ਗਿਆ ਸੀ। ਉਸ ਨੇ ਨਾਨਕ ਬਾਣੀ ਤੇ ਪੰਜ ਪੁਸਤਕਾਂ ਲਿਖੀਆਂ ਹਨ। ਡਾ.ਰਵਿੰਦਰ ਗਾਸੋ ਡੀ.ਏ.ਵੀ. ਕਾਲਜ ਪੁੰਡਰੀ (ਹਰਿਆਣਾ) ਵਿਖੇ ਐਸੋਸੀਏਟ ਪ੍ਰੋਫੈਸਰ ਅਤੇ ਮੁਖੀ ਹਿੰਦੀ ਵਿਭਾਗ ਸਨ।

ਓਮ ਪ੍ਰਕਾਸ਼ ਗਾਸੋ ਦੀਆਂ ਸੰਤੋਸ਼ ਕੁਮਾਰੀ ਅਤੇ ਹਰਬਿਮਲ ਹੋਣਹਾਰ ਦੋ ਧੀਆਂ ਹਨ।

ਜਦੋਂ ਉਨ੍ਹਾਂ ਨੂੰ ਨਵੇਂ ਲੇਖਕਾਂ ਨੂੰ ਸੁਨੇਹਾ ਦੇਣ ਦੀ ਗੁਜ਼ਾਰਿਸ਼ ਕੀਤੀ ਗਈ ਤਾਂ ਉਨ੍ਹਾਂ ਦਾ ਉੱਤਰ ਇਸ ਪ੍ਰਕਾਰ ਰਿਹਾ, "ਨਵੀਨਤਾ ਨੂੰ ਜ਼ਿੰਦਗੀ ਤੇ ਜ਼ਿੰਦਗੀ ਨੂੰ ਨਵੀਨ ਕਿਹਾ ਜਾ ਸਕਦਾ ਹੈ। ਸਮੇਂ ਦੀ ਪੈਂਤੜੇਬਾਜੀ, ਸਾਮੰਤਵਾਦੀ ਕੁਰਲਾਹਿਟ

ਆਰਥਿਕ-ਅਰਾਜਕਤਾ, ਸਿਆਸੀ ਸ਼ੈਤਾਨੀਅਤ ਅਤੇ ਸਮਾਜਿਕ ਅਧੋਗਤੀ ਦੇ ਸਿਲਸਿਲੇ ਪੱਟੀਮੇਸ ਵਰਗੇ ਵਾਤਾਵਰਨ ਦੇ ਜਨਮਦਾਤਾ ਹਨ।

ਨਵੇਂ ਲੇਖਕਾਂ ਨੂੰ ਨਵੀਨਤਮ ਹੁਨਰ ਵਾਂਗ ਸਵੀਕਾਰ ਕਰਨ ਵਾਲਾ ਓਮ ਪ੍ਰਕਾਸ਼ ਗਾਸੋ ਆਸ ਤੇ ਉਮੀਦ ਦੇ ਚਾਨਣ ਨੂੰ ਜੀ ਆਇਆਂ ਆਖ ਰਿਹਾ ਹੈ।

1. ਇਹ ਚਾਨਣ ਹਨ।
2. ਇਹ ਇਤਿਹਾਸ ਹਨ।
3. ਇਹ ਪਾਠ ਤੇ ਪ੍ਰਕਰਣ ਹਨ।
4. ਇਹ ਚੇਤਨਸ਼ੀਲ ਜਗਿਆਸੂ ਹਨ।
5. ਇਹ ਪ੍ਰਮਾਣ ਪ੍ਰਯਤਨ ਤੇ ਪ੍ਰਾਪਤੀ ਹਨ।

ਮੈਂ ਨਵੇਂ ਲੇਖਕਾਂ ਲਈ ਸਲਾਹ, ਸੁਨੇਹਾ ਸੰਦੇਸ਼ ਤੇ ਸੰਕਲਪ ਨਹੀਂ ਹਾਂ। ਮੈਂ ਤਾਂ ਨਵੇਂ ਲੇਖਕਾਂ ਲਈ ਸਹਿਯੋਗ ਹਾਂ।

* ਸਹਿਯੋਗ ਸਦਭਾਵਨਾਤਮਿਕ ਹੁੰਦਾ ਹੈ।
* ਸਹਿਯੋਗ ਮਿੱਤਰ-ਪਿਆਰਾ ਹੁੰਦਾ ਹੈ।
* ਸਹਿਯੋਗ ਸੁਚੱਜ ਹੁੰਦਾ ਹੈ।
* ਸਹਿਯੋਗ ਸਬਕ ਹੁੰਦਾ ਹੈ।

ਸੋ ਮੈਂ ਨਵੇਂ ਲੇਖਕਾਂ ਦੇ ਤੇਜ਼-ਪ੍ਰਤਾਪ ਨੂੰ ਅਨਭੂਤੀ ਅਨੁਭਵ ਅਤੇ ਅਧਿਐਨ ਗ੍ਰਹਿਣ ਕਰਨ ਲਈ ਬੇਨਤੀ ਕਰ ਸਕਦਾ ਹਾਂ।"

ਪੰਜਾਬੀ ਸਾਹਿਤ ਦਾ ਭਰ ਵਗਦਾ ਦਰਿਆ ਓਮ ਪ੍ਰਕਾਸ਼ ਗਾਸੋ ਲਿਖਣ ਅਤੇ ਪੜ੍ਹਨ ਵਿੱਚ ਰੁਝਿਆ ਰਹਿਣ ਵਾਲਾ ਸਾਹਿਤਕਾਰ ਹੈ। ਉਸ ਨੇ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਸਾਹਿਤ ਸਮੇਤ ਵਿਦੇਸ਼ੀ ਸਾਹਿਤ ਵੀ ਰੱਜ ਕੇ ਪੜ੍ਹਿਆ ਹੈ ਅਤੇ ਅੱਜ ਵੀ ਨਿਰੰਤਰਤਾ ਜਾਰੀ ਹੈ। ਉਸ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਦਾ ਭਰਮਣ ਕਰਨ ਦਾ ਸ਼ੌਂਕ ਵੀ ਹੈ। ਇਨ੍ਹਾਂ ਯਾਤਰਾਵਾਂ ਰਾਹੀਂ ਉਹ ਉਥੋਂ ਦੇ ਸੱਭਿਆਚਾਰ ਅਤੇ ਜੀਵਨ ਪ੍ਰਸਥਿਤੀਆਂ ਨੂੰ ਨੇੜੇ ਤੋਂ ਜਾਣਦੇ ਹਨ। ਪੰਜਾਬੀ ਸਾਹਿਤ ਦੇ ਬਾਬਾ ਬੋਹੜ ਗਾਸੋ ਸਾਹਿਬ ਦਾ ਸਾਹਿਤਕ ਸਫ਼ਰ ਬੜਾ ਲੰਬਾ ਅਤੇ ਰੌਚਕਤਾ ਭਰਪੂਰ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਪੰਜਾਬੀ ਅਤੇ ਹਿੰਦੀ ਦੇ ਬਹੁ ਵਿਧਾਵੀ ਸਾਹਿਤਕਾਰ ਗਾਸੋ ਸਾਹਿਬ ਦੀ ਉਮਰ ਲੋਕ ਗੀਤ ਵਰਗੀ ਲੰਬੀ ਹੋਵੇ ਅਤੇ ਉਹ ਸਾਹਿਤਕ ਖਜ਼ਾਨੇ ਨੂੰ ਭਰਪੂਰ ਕਰਦੇ ਰਹਿਣ।

ਆਮੀਨ!

ਮੋਬਾਇਲ: 94635-61123

# ਅਮਰੀਕ ਸਿੰਘ ਤਲਵੰਡੀ

ਸੁਥਰੇ ਗੀਤ ਲਿਖੇ ਤੇ, ਨਾਲੇ ਬਾਲ-ਗੀਤ ਰਚਦਾ ਤਲਵੰਡੀ।
ਮਿਲਕੇ ਉਸ ਨੂੰ ਦਿਲ ਖੁਸ਼ ਹੁੰਦਾ ਹੈ, ਅੱਖਾਂ ਨੂੰ ਜਚਦਾ ਤਲਵੰਡੀ।
ਸਿੱਖਿਆ-ਦਾਇਕ ਰਚਨਾ ਰਚਦਾ, ਆਪਣਾ ਫਰਜ਼ ਪਛਾਣ ਕੇ ਚੱਲੇ।
ਨੰਗਾਪਣ ਤੇ ਅਸ਼ਲੀਲਪੁਣੇ ਤੋਂ, ਸਦਾ ਰਹਿੰਦਾ ਬਚਦਾ ਤਲਵੰਡੀ।
— ਇੰਦਰਜੀਤ ਹਸਨਪੁਰੀ



ਸ਼੍ਰੋਮਣੀ ਬਾਲ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਬਾਲ ਸਾਹਿਤ ਦਾ ਜਾਗਰੂਕ ਸਿਰਜਕ, ਗੀਤਾਂ ਦਾ ਸਫ਼ਲ ਰਚੇਤਾ, ਮਿੰਨੀ ਕਹਾਣੀ ਦਾ ਮਹਾਂਰਥੀ, ਆਕਾਸ਼ਵਾਣੀ ਤੇ ਦੂਰਦਰਸ਼ਨ ਤੋਂ ਪ੍ਰਮਾਣਿਤ ਸ਼ਾਇਰ ਅਤੇ ਸਟੇਜ ਦਾ ਧਨੀ ਪ੍ਰਭਾਵਸ਼ਾਲੀ ਬੁਲਾਰਾ ਹੈ। ਪ੍ਰਸਿੱਧ ਗੀਤਕਾਰ ਅਮਰੀਕ ਸਿੰਘ ਤਲਵੰਡੀ ਬਹੁ- ਵਿਧਾਵੀ ਲੇਖਕ ਹੈ। ਇਸ ਤੋਂ ਇਲਾਵਾ ਅਧਿਆਪਨ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਮਾਣ-ਮੱਤੀਆਂ ਪ੍ਰਾਪਤੀਆਂ ਦਾ ਸਨਮਾਨ ਕਰਦਿਆਂ ਹੋਇਆਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ 1988 ਵਿੱਚ ਅਧਿਆਪਕ ਰਾਜ ਪੁਰਸਕਾਰ ਨਾਲ ਅਤੇ1993 ਵਿੱਚ ਭਾਰਤ ਸਰਕਾਰ ਵੱਲੋਂ ਕੌਮੀ ਅਧਿਆਪਕ ਪੁਰਸਕਾਰ ਨਾਲ ਨਿਵਾਜ਼ਿਆ ਜਾ ਚੁੱਕਿਆ ਹੈ। ਅਜ਼ੀਮ ਸ਼ਖਸ਼ੀਅਤ ਤਲਵੰਡੀ ਦਾ ਜਨਮ 12 ਦਸੰਬਰ, 1949 ਨੂੰ ਸਰਦਾਰ ਪਾਲ ਸਿੰਘ ਅਤੇ ਸਰਦਾਰਨੀ ਬਸੰਤ ਕੌਰ ਦੇ ਗ੍ਰਹਿ ਵਿਖੇ ਪਿੰਡ ਤਲਵੰਡੀ ਕਲਾਂ, ਤਹਿ-ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ 1967 ਵਿੱਚ ਦਸਵੀਂ ਸਰਕਾਰੀ ਹਾਈ ਸਕੂਲ ਸਵੱਦੀ ਕਲਾਂ ਤੋਂ ਕੀਤੀ। ਉਨ੍ਹਾਂ 1968-70 ਦੇ ਸੈਸ਼ਨ ਦੌਰਾਨ ਜੇ.ਬੀ.ਟੀ. ਸੰਸਥਾ ਜਗਰਾਉਂ ਤੋਂ ਜੇ.ਬੀ.ਟੀ. ਕੀਤੀ ਅਤੇ 1971 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਗਿਆਨੀ ਕਰਨ ਉਪਰੰਤ ਉਨ੍ਹਾਂ 1972 ਵਿੱਚ ਦਸ਼ਮੇਸ਼ ਖਾਲਸਾ ਹਾਈ ਸਕੂਲ ਟਾਹਲੀਆਣਾ ਸਾਹਿਬ ਰਾਏਕੋਟ (ਲੁਧਿਆਣਾ) ਤੋਂ ਪੰਜਾਬੀ ਅਧਿਆਪਕ ਵਜੋਂ ਆਪਣਾ ਅਧਿਆਪਨ ਦਾ ਸਫ਼ਰ ਸ਼ੁਰੂ ਕੀਤਾ। ਬਾਅਦ ਵਿੱਚ ਲੁਧਿਆਣਾ ਜ਼ਿਲ੍ਹਾ ਐਸ. ਸੀ.

ਅਧਿਆਪਕਾਂ ਲਈ ਰੀਜਰਵ ਹੋ ਜਾਣ ਕਾਰਨ ਇਨ੍ਹਾਂ ਦੀ ਨਿਯੁਕਤੀ ਸਿੱਖਿਆ ਵਿਭਾਗ ਪੰਜਾਬ ਵਿੱਚ ਜੇ.ਬੀ.ਟੀ. ਟੀਚਰ ਵਜੋਂ 15 ਮਈ, 1975 ਨੂੰ ਸਰਕਾਰੀ ਪ੍ਰਾਇਮਰੀ ਸਕੂਲ ਰਟੌਲ ਬੇਟ, ਬਲਾਕ ਜ਼ੀਰਾ-1 ਵਿੱਚ ਹੋਈ। ਇਸ ਤੋਂ ਪਿੱਛੋਂ ਉਨ੍ਹਾਂ ਜ਼ੀਰਾ ਇਲਾਕੇ ਦੇ ਪ੍ਰਾਇਮਰੀ ਸਕੂਲ ਮਹੀਆਂ ਵਾਲਾ ਖੁਰਦ ਅਤੇ ਫੇਰੋ ਕੇ ਵਿਖੇ ਡਿਊਟੀ ਨਿਭਾਈ। ਇਸੇ ਸਮੇਂ ਦੌਰਾਨ ਹੀ ਉਨ੍ਹਾਂ ਦੀ ਸ਼ਾਦੀ ਪ੍ਰਾਇਮਰੀ ਸਕੂਲ ਅਧਿਆਪਕਾ ਜਗਦੀਸ਼ ਕੌਰ ਨਾਲ ਹੋਈ। ਉਨ੍ਹਾਂ ਦੇ ਘਰ ਦੋ ਬੇਟੀਆਂ-ਅਮਨਪ੍ਰੀਤ ਕੌਰ ਅਤੇ ਨਵਰਚਨਾ ਕੌਰ ਅਤੇ ਬੇਟੇ ਨਵਗੀਤ ਸਿੰਘ ਧਨੋਆ ਨੇ ਜਨਮ ਲਿਆ। ਅੱਜ ਕਲ੍ਹ ਤਿੰਨੇ ਬੱਚੇ ਅਮਰੀਕਾ ਵਿੱਚ ਵੈੱਲ ਸੈਟਲਡ ਹਨ।

ਅਮਰੀਕ ਸਿੰਘ ਤਲਵੰਡੀ 1998 ਵਿੱਚ ਜ਼ਿਲ੍ਹਾ ਫਿਰੋਜ਼ਪੁਰ ਤੋਂ ਬਦਲੀ ਕਰਵਾ ਕੇ ਆਪਣੇ ਜੱਦੀ ਜ਼ਿਲ੍ਹੇ ਲੁਧਿਆਣਾ ਵਿੱਚ ਚਲੇ ਗਏ, ਜਿੱਥੇ ਉਨ੍ਹਾਂ ਖੰਡੂਰ, ਰੁੜਕਾ ਜਾਂਗਪੁਰ (ਨੇੜੇ ਮੁੱਲਾਪੁਰ) ਦੇ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾਈਆਂ ਅਤੇ ਉਹ ਮੁੱਖ ਅਧਿਆਪਕ ਵਜੋਂ 31 ਦਸੰਬਰ, 2009 ਨੂੰ ਸੇਵਾ ਮੁਕਤ ਹੋਏ। ਅਮਰੀਕ ਸਿੰਘ ਤਲਵੰਡੀ ਜਿਸ ਸਕੂਲ ਵਿੱਚ ਵੀ ਰਹੇ ਉੱਥੇ ਪੜ੍ਹਾਈ ਦੇ ਨਾਲ- ਨਾਲ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਰਹੇ। ਤਲਵੰਡੀ ਵਿੱਚ ਗੁਣ ਤਾਂ ਬਹੁਤ ਹਨ ਪਰ ਸੱਭ ਤੋਂ ਵੱਡਾ ਗੁਣ ਸਮੇਂ ਦੀ ਪਾਬੰਦੀ ਦਾ ਹੈ।

ਅਮਰੀਕ ਸਿੰਘ ਤਲਵੰਡੀ ਨੇ ਪਹਿਲੀ ਰਚਨਾ 17 ਸਾਲ ਦੀ ਉਮਰ ਵਿੱਚ ਲਿਖੀ ਅਤੇ ਫਿਰ ਚੱਲ ਸੋ ਚੱਲ। ਉਨ੍ਹਾਂ ਦਾ ਪਲੇਠਾ ਗੀਤ- ਸੰਗ੍ਰਹਿ 'ਕੁਆਰੇ ਬੋਲ' 1975 ਵਿੱਚ ਪ੍ਰਕਾਸ਼ਿਤ ਹੋਇਆ ਸੀ। ਉਸ ਤੋਂ ਬਾਅਦ ਤੋਹਫ਼ਾ ਸੱਜਣਾਂ ਦਾ (1986), ਚੜ੍ਹਿਆ ਸੋਧਣ ਧਰਤ ਲੋਕਾਈ (1987), ਪਹਾੜ ਜਿੱਡੇ ਲਾਰੇ (1990), ਦੂਰ ਵਸੇਂਦੇ ਸੱਜਣਾ (1991), ਮੋਹ ਭਿੱਜੇ ਬੋਲ (1993), ਪਾਕਿ ਰੂਹਾਂ ਦੇ ਖਾਬ (2000), ਮਨ ਦਾ ਮੋਰ (2003) ਅਤੇ ਸੋਹਣੇ ਬੋਲ ਪੰਜਾਬ ਦੇ (2016) ਉਨ੍ਹਾਂ ਦੇ ਗੀਤ ਸੰਗ੍ਰਹਿ ਪ੍ਰਕਾਸ਼ਿਤ ਹੋਏ। ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਦੇ ਰਚੇ ਗੀਤਾਂ ਨੂੰ 50 ਦੇ ਕਰੀਬ ਪੰਜਾਬੀ ਦੇ ਨਾਮਵਰ ਗਾਇਕ ਆਪਣੀ ਆਵਾਜ਼ ਵਿੱਚ ਰਿਕਾਰਡ ਕਰਵਾ ਚੁੱਕੇ ਹਨ, ਜਿਨ੍ਹਾਂ ਵਿੱਚ ਪ੍ਰਸਿੱਧ ਲੋਕ ਗਾਇਕ ਸੁਰਿੰਦਰ ਸ਼ਿੰਦਾ, ਰੰਜਨਾ, ਕੁਲਦੀਪ ਮਾਣਕ, ਗੁਲਸ਼ਨ ਕੋਮਲ, ਦਿਲਸ਼ਾਦ ਅਖਤਰ, ਹਰਭਜਨ ਮਾਨ, ਪਾਲੀ ਦੇਤਵਾਲੀਆ, ਰਣਜੀਤ ਮਣੀ, ਦਲੇਰ ਪੰਜਾਬੀ, ਗੁਰਪਾਲ

ਸਿੰਘ ਪਾਲ, ਅੰਗਰੇਜ਼ ਅਲੀ, ਸਤਪਾਲ ਸਿੰਘ ਕਿੰਗਰਾ, ਕੁਲਬੀਰ ਗੋਗੀ, ਸੁਰਜੀਤ ਆਲੀਵਾਲ, ਬਲਵਿੰਦਰ ਮਾਨ ਅਤੇ ਪੰਮਾ ਸਾਹਿਰ ਆਦਿ ਦੇ ਨਾਂ ਸ਼ਾਮਿਲ ਹਨ। ਉਨ੍ਹਾਂ ਦੇ ਗੀਤ ਅਕਸਰ ਰੇਡੀਓ ਅਤੇ ਦੂਰਦਰਸ਼ਨ 'ਤੇ ਚੱਲਦੇ ਰਹਿੰਦੇ ਹਨ। 'ਵਿਰਸਾ ਆਪਣਾ ਲੈ ਸੰਭਾਲ' (2002), 'ਸਮੇਂ ਦਾ ਸੱਚ' (2006), 'ਗਿਆਨ ਦੇ ਦੀਪ' (2011), ਗਾਗਰ ਵਿੱਚ ਸਾਗਰ (2019) ਉਨ੍ਹਾਂ ਦੇ ਕਾਵਿ- ਸੰਗ੍ਰਹਿ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ 'ਕਾਵਿ ਸੁਨੇਹੜੇ' (2010) ਅਤੇ 'ਕੁੱਜੇ ਵਿੱਚ ਸਮੁੰਦਰ' (2024) ਸਿਰਫ਼ ਸ਼ਿਅਰਾਂ ਦੀਆਂ ਹੀ ਹਨ। ਉਨ੍ਹਾਂ ਨੇ ਇੱਕ-ਇੱਕ ਸ਼ਿਅਰ ਰਾਹੀਂ ਪੂਰਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਨ੍ਹਾਂ ਦੇ ਅਨੇਕਾਂ ਸ਼ਿਅਰ ਬਹੁਤ ਸਾਰੇ ਸਕੂਲਾਂ ਵਿੱਚ ਬਤੌਰ ਮਾਟੋ ਦੇ ਰੂਪ ਵਿੱਚ ਲਿਖੇ ਆਮ ਮਿਲਦੇ ਹਨ। ਉਨ੍ਹਾਂ ਪੰਜਾਬੀ ਬਾਲ ਸਾਹਿਤ ਦੀ ਝੋਲੀ ਵਿੱਚ 20 ਤੋਂ ਵਧੇਰੇ ਬਾਲ ਪੁਸਤਕਾਂ ਪਾਈਆਂ ਹਨ। ਉਨ੍ਹਾਂ ਦਾ ਪਲੇਠਾ ਬਾਲ-ਕਾਵਿ-ਸੰਗ੍ਰਹਿ ਮੇਰੇ ਖਿਡੌਣੇ 1999 ਵਿੱਚ ਪ੍ਰਕਾਸ਼ਿਤ ਹੋਇਆ। ਬਾਲ ਸਾਹਿਤ ਵਿੱਚ ਉਨ੍ਹਾਂ ਦੀਆਂ ਪੁਸਤਕਾਂ ਬਾਲਾਂ ਦੇ ਬੋਲ (1999), ਕਾਵਿ-ਪਹਾੜੇ (2003), ਮੇਰਾ ਬਸਤਾ (2004), ਘਰ ਦੀ ਰੌਣਕ (2006), ਸਾਡੇ ਗੁਰੂ (2007), ਸਾਡੇ ਦੇਸ਼ ਭਗਤ (2007), ਹੀਰੇ ਪੁੱਤਰ ਮਾਵਾਂ ਦੇ (2008), ਫੁੱਲਾਂ ਵਰਗੇ ਬੱਚੇ (2010), ਆਪਣਾ ਵਿਰਸਾ (2013), ਖਿੜਦੇ ਫੁੱਲ (2014) ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਉਹ ਮਿੰਨੀ ਕਹਾਣੀ ਦੇ ਵੀ ਅਹਿਮ ਹਸਤਾਖਰ ਹਨ। 'ਖਰੀਆਂ ਖਰੀਆਂ' (2004), 'ਘੋੜੇ ਵਾਲਾ ਚੌਂਕ' (2009), 'ਮਾਂ ਦਾ ਮਰਨਾ' (2019) ਉਨ੍ਹਾਂ ਦੇ ਪ੍ਰਕਾਸ਼ਤ ਮਿੰਨੀ ਕਹਾਣੀ ਸੰਗ੍ਰਹਿ ਹਨ। ਉਹ ਹੁਣ ਤੱਕ ਪੰਜਾਬੀ ਸਾਹਿਤ ਦੀ ਝੋਲੀ ਵਿੱਚ 36 ਪੁਸਤਕਾਂ ਦਾ ਯੋਗਦਾਨ ਪਾ ਚੁੱਕੇ ਹਨ।

ਉਹ ਪਿਛਲੇ ਲੰਮੇ ਅਰਸੇ ਤੋਂ ਰੇਡੀਓ, ਟੀ.ਵੀ. ਤੋਂ ਪ੍ਰਵਾਨਤ ਕਵੀ ਵਜੋਂ ਆਪਣੀ ਹਾਜ਼ਰੀ ਲਵਾ ਰਹੇ ਹਨ। ਉਨ੍ਹਾਂ ਦੀਆਂ ਰਚਨਾਵਾਂ ਦੇਸ਼ ਵਿਦੇਸ਼ ਦੇ ਵੱਖ-ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਅਕਸਰ ਛਪਦੀਆਂ ਰਹਿੰਦੀਆਂ ਹਨ। ਉਨ੍ਹਾਂ ਨੇ ਸੈਂਕੜੇ ਪੁਸਤਕਾਂ ਦੇ ਮੁੱਖ ਬੰਦ ਅਤੇ ਭੂਮਿਕਾਵਾਂ ਲਿਖੀਆਂ ਹਨ ਅਤੇ ਸੈਂਕੜੇ ਹੀ ਪੁਸਤਕਾਂ ਦੇ ਵੱਖ- ਵੱਖ ਅਖਬਾਰਾਂ ਲਈ ਰਿਵਿਊ ਵੀ ਕੀਤੇ ਹਨ। ਉਹ ਸਾਹਿਤ ਸਭਾ ਜ਼ੀਰਾ ਦੇ ਬਾਨੀ ਅਤੇ ਲਗਾਤਾਰ 16 ਸਾਲ ਪ੍ਰਧਾਨ ਵੀ ਰਹੇ ਹਨ। ਅੱਜਕਲ੍ਹ ਉਹ ਪੰਜਾਬੀ ਗੀਤਕਾਰ ਸਭਾ ਪੰਜਾਬ ਦੇ ਸਰਪ੍ਰਸਤ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਿੱਥੇ ਲੰਬੇ ਸਮੇਂ ਤੋਂ ਕਾਰਜਕਾਰੀ ਮੈਂਬਰ ਹਨ ਉੱਥੇ ਪੰਜਾਬੀ ਸਾਹਿਤ

ਅਕਾਦਮੀ ਲੁਧਿਆਣਾ ਦੇ ਜੀਵਨ ਮੈਂਬਰ ਹਨ। ਇਸ ਤੋਂ ਇਲਾਵਾ ਵਰਤਮਾਨ ਸਮੇਂ ਉਹ ਬਹੁਤ ਸਾਰੀਆਂ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਆਪਣੇ ਗੀਤਾਂ ਅਤੇ ਸ਼ਿਅਰਾਂ ਰਾਹੀਂ ਕਿਸਾਨੀ ਮੋਰਚੇ ਦੌਰਾਨ ਬਹੁਤ ਵੱਡਾ ਯੋਗਦਾਨ ਪਾਇਆ ਸੀ। ਏਥੋਂ ਤੱਕ ਕਿ ਕਿਸਾਨੀ ਸੰਘਰਸ਼ ਵਿੱਚ ਦਿੱਲੀ ਜਾ ਕੇ ਰੋਸ ਵਜੋਂ ਆਪਣਾ ਰਾਸ਼ਟਰਪਤੀ ਐਵਾਰਡ ਵੀ ਵਾਪਸ ਕਰ ਆਏ ਸਨ। ਉਨ੍ਹਾਂ ਨੇ ਲੋਕਾਈ ਨੂੰ ਚੇਤਨ ਕਰਨ ਲਈ ਸਮਾਜਿਕ ਸਰੋਕਾਰਾਂ ਅਤੇ ਭਵਿੱਖ ਦੇ ਮਸਲਿਆਂ ਨਾਲ ਸਬੰਧਿਤ ਸ਼ਿਅਰ ਲਿਖ ਕੇ 300 ਦੇ ਕਰੀਬ ਸਕੂਟਰ ਕਵਰ ਮੁਫਤ ਵੰਡੇ ਸਨ। ਬਿਨਾਂ ਸਟਿਪਣੀ ਤੋਂ ਸਕੂਟਰ ਆ ਜਾਣ ਕਾਰਨ ਉਨ੍ਹਾਂ ਇਹ ਮੁਹਿੰਮ 10 ਸਾਲ ਲਗਾਤਾਰ ਚਲਾ ਕੇ ਬੰਦ ਕਰ ਦਿੱਤੀ ਸੀ। ਉਸ ਤੋਂ ਬਾਅਦ ਓਹੋ ਜਿਹੇ ਹੀ ਸ਼ਿਅਰ ਇਹ ਪਿਛਲੇ 11 ਸਾਲਾਂ ਤੋਂ ਦੋਸਤਾਂ ਨਾਲ ਫੇਸਬੁੱਕ ਅਤੇ ਵੱਟਸਐਪ ’ਤੇ ਸਾਂਝੇ ਕਰ ਰਹੇ ਹਨ। ਉਹ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਕਈ ਸਮਾਜਿਕ ਸੰਸਥਾਵਾਂ ਦੀ ਅਗਵਾਈ ਕਰਦੇ ਹੋਏ ਯਤਨਸ਼ੀਲ ਹਨ। ਉਹ ਲਗਭਗ 20 ਸਾਲ ਆਪਣੇ ਜਨਮ ਦਿਨ ’ਤੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਨੂੰ ਕਿਤਾਬਾਂ ਭੇਂਟ ਕਰਕੇ ਆਪਣਾ ਜਨਮ ਦਿਨ ਮਨਾਉਂਦੇ ਰਹੇ ਹਨ। ਤਲਵੰਡੀ ਵਾਸਤੇ ਇਹ ਵੀ ਮਾਣ ਵਾਲੀ ਗੱਲ ਹੈ ਕਿ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਦੇ ਵਿਦਿਆਰਥੀ ਬਲਵਿੰਦਰ ਸਿੰਘ ਮਾਨ ਨੇ ਤਲਵੰਡੀ ਦੇ ਲਿਖੇ ਸਾਹਿਤਕ ਅਤੇ ਸਭਿਆਚਾਰਕ ਗੀਤਾਂ ਉੱਪਰ ਐਮ. ਫਿਲ. ਕੀਤੀ ਹੈ ਅਤੇ ਹੁਣ ਪੀ. ਐਚ.ਡੀ. ਕਰ ਰਿਹਾ ਹੈ।

ਉਨ੍ਹਾਂ ਨੂੰ ਦੇਸ਼ ਵਿਦੇਸ਼ ਦੀਆਂ ਸੈਂਕੜੇ ਸੰਸਥਾਵਾਂ ਨੇ ਮਾਨ ਸਨਮਾਨ ਦਿੱਤੇ ਹਨ, ਜਿਨ੍ਹਾਂ ਵਿੱਚ ਰੰਗ ਮੰਚ ਪੰਜਾਬ (ਰਜਿ:) ਲੁਧਿਆਣਾ (1990), ਪੰਜਾਬੀ ਸਾਹਿਤ ਸਭਾ ਮਖੂ (1993), ਸਾਹਿਤ ਸਭਾ ਫ਼ਰੀਦਕੋਟ (1994), ਸਾਹਿਤ ਸਭਾ ਜਲਾਲਾਬਾਦ, (1998), ਪੰਜਾਬੀ ਸਾਹਿਤ ਸਭਾ ਅਤੇ ਕਲਾ ਮੰਚ ਮਲੌਦ, ਜ਼ਿਲ੍ਹਾ ਲੁਧਿਆਣਾ (1999), ਲੇਖਕ ਮੰਚ ਅੰਮ੍ਰਿਤਸਰ (2001), ਦੀਦਾਰ ਸੰਧੂ ਯਾਦਗਾਰੀ ਸੱਭਿਆਚਾਰ ਮੰਚ ਭਰੋਵਾਲ ਖੁਰਦ, ਲੁਧਿਆਣਾ (2006) ਪੰਜਾਬੀ ਸੱਥ ਲਾਂਬੜਾ, ਜ਼ਿਲ੍ਹਾ ਜਲੰਧਰ (2006), ਗੀਤਕਾਰ ਸਭਾ ਪੰਜਾਬ, ਇਕਾਈ ਮੋਗਾ (2009), ਸੱਭਿਆਚਾਰ ਮੰਚ ਮੁੱਲਾਂਪੁਰ ਲੁਧਿਆਣਾ (2010), ਲੇਖਕ ਪਾਠਕ ਮੰਚ ਢੁੱਡੀਕੇ (2011), ਨਾਰਥ ਕਲਚਰਲ ਸੈਂਟਰ ਪਟਿਆਲਾ (2011) ਸਮੇਤ ਭਾਸ਼ਾ ਵਿਭਾਗ ਪੰਜਾਬ ਵੱਲੋਂ 2014 ਵਿੱਚ ਮਿਲਿਆ ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ ਵੀ ਸ਼ਾਮਿਲ ਹੈ।

ਆਸਟਰੇਲੀਆ ਦੇ ਬ੍ਰਿਸਬੇਨ ਸ਼ਹਿਰ ਦੀ ਇਪਸਾ ਸੰਸਥਾ (ਪੰਜਾਬੀ ਸਾਹਿਤ ਸਭਾ) ਵੱਲੋਂ 2017 ਵਿੱਚ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਸੀ। 2023 ਵਿੱਚ ਅਮਰੀਕਾ ਦੀ ਹਾਇਓ ਸਟੇਟ ਦੇ ਡੈਟਨ ਸ਼ਹਿਰ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਸੀ ਅਤੇ ਇਸੇ ਸ਼ਹਿਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕੀਤਾ ਸੀ। ਤਲਵੰਡੀ ਸਾਹਿਬ ਦੱਸਦੇ ਹਨ ਕਿ ਮੈਂ ਉਨ੍ਹਾਂ ਕੁੱਝ ਕੀਤਾ ਨਹੀਂ ਜਿਨ੍ਹਾਂ ਮੇਰੀ ਕਲਮ ਦੇ ਪ੍ਰੇਮੀਆਂ ਨੇ ਇਨਾਮਾਂ ਨਾਲ ਮੇਰਾ ਘਰ ਭਰ ਦਿੱਤਾ ਹੈ। ਹਰ ਕਮਰੇ ਵਿੱਚ ਮੋਮੈਂਟੋ ਪਏ ਮਿਲਣਗੇ ਲਗ -ਭਗ 200 ਸੰਸਥਾਵਾਂ ਸਨਮਾਨਿਤ ਕਰ ਚੁੱਕੀਆਂ ਹਨ। ਪੰਜਾਬੀ ਮਾਂ ਬੋਲੀ ਦੇ ਲਾਡਲੇ ਸਪੂਤ ਅਮਰੀਕ ਸਿੰਘ ਤਲਵੰਡੀ ਨੇ ਅਮਰੀਕਾ ਦਾ ਮਿਲਿਆ ਗ੍ਰੀਨ ਕਾਰਡ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ 18 ਸਾਲ ਪਹਿਲਾਂ ਵਾਪਸ ਕਰ ਦਿੱਤਾ ਸੀ।

ਅਮਰੀਕ ਸਿੰਘ ਤਲਵੰਡੀ ਲਗਭਗ 23 ਸਾਲ ਜ਼ੀਰਾ ਸ਼ਹਿਰ ਅਤੇ ਇਲਾਕੇ ਵਿੱਚ ਵਿਚਰੇ ਹਨ। ਉਨ੍ਹਾਂ ਦਾ ਇਸ ਇਲਾਕੇ ਅਤੇ ਇਲਾਕੇ ਦੇ ਲੋਕਾਂ ਨਾਲ ਮੋਹ ਭਰਿਆ ਡੂੰਘਾ ਰਿਸ਼ਤਾ ਹੈ। ਇਥੋਂ ਤਲਵੰਡੀ ਸਾਹਿਬ ਨੂੰ ਭਾਵੇਂ ਆਪਣੇ ਜੱਦੀ ਇਲਾਕੇ ਵਿੱਚ ਗਏ ਨੂੰ ਲਗਭਗ 28 ਸਾਲ ਹੋ ਗਏ ਹਨ, ਪਰ ਜ਼ੀਰਾ ਹਮੇਸ਼ਾ ਉਨ੍ਹਾਂ ਦੇ ਰੋਮ-ਰੋਮ ਵਿੱਚ ਰਚਿਆ ਹੋਇਆ ਹੈ। ਇਸੇ ਕਰਕੇ ਉਨ੍ਹਾਂ ਨੇ ਪਿਛਲੇ ਦਿਨੀਂ ਉਚੇਚੇ ਤੌਰ 'ਤੇ 'ਜ਼ੀਰੇ ਵਰਗੇ ਲੋਕ ਨ੍ਹੀਂ ਲੱਭਣੇ' ਗੀਤ ਲਿਖ ਕੇ ਬੁਲੰਦ ਆਵਾਜ਼ ਦੇ ਮਾਲਕ ਪੰਜਾਬੀ ਲੋਕ-ਗਾਇਕ ਪੰਮਾ ਸਾਹਿਰ ਦੀ ਆਵਾਜ਼ ਵਿੱਚ ਰਿਕਾਰਡ ਕਰਵਾਇਆ ਹੈ, ਜੋ ਕਈ ਵਾਰ ਦੂਰਦਰਸ਼ਨ ਅਤੇ ਹੋਰ ਸੋਸ਼ਲ ਸਾਈਟਾਂ 'ਤੇ ਆਪਣੀ ਸ਼ਾਨਦਾਰ ਪੇਸ਼ਕਾਰੀ ਸਦਕਾ ਭਰਪੂਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੰਜਾਬੀ ਸਾਹਿਤ ਨੂੰ ਅਗਲੇਰੇ ਭਵਿੱਖ ਵਿੱਚ ਇਸ ਕਲਮ ਤੋਂ ਹੋਰ ਵੀ ਵੱਡੀਆਂ ਆਸਾਂ ਹਨ।

ਮੋਬਾਇਲ : 94635-42896

# ਇਕਬਾਲ ਘਾਰੂ



ਜਨਾਬ ਇਕਬਾਲ ਘਾਰੂ ਪੰਜਾਬੀ ਅਦਬ ਦਾ ਜਾਣਿਆ-ਪਛਾਣਿਆ ਹਸਤਾਖਰ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਰਲਤਾ, ਸਪੱਸ਼ਟਤਾ, ਸਾਰਥਿਕਤਾ, ਦ੍ਰਿਸ਼ਟੀਗੋਚਰ ਹੈ। ਉਨ੍ਹਾਂ ਨੂੰ ਪੰਜਾਬੀ ਸਾਹਿਤ ਸਭਾ (ਰਜਿ:) ਫ਼ਰੀਦਕੋਟ ਅਤੇ ਦੀਪਕ ਗ਼ਜ਼ਲ ਸਕੂਲ ਦੇ ਸਿਖਿਆਰਥੀ ਹੋਣ 'ਤੇ ਮਾਣ ਹੈ। ਪੰਜਾਬੀ ਸਾਹਿਤ ਦੀ ਬਹੁਪੱਖੀ ਪ੍ਰਤਿਭਾ ਇਕਬਾਲ ਘਾਰੂ ਦਾ ਜਨਮ ਬਾਬਾ ਫ਼ਰੀਦ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਰਿਆਸਤੀ ਸ਼ਹਿਰ ਫ਼ਰੀਦਕੋਟ ਵਿਖੇ ਇੱਕ ਦਲਿਤ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦਾ ਜਨਮ 10 ਜਨਵਰੀ, 1953 ਮਾਤਾ ਰਣਜੀਤ ਕੌਰ ਅਤੇ ਸਰਦਾਰ ਉਜਾਗਰ ਸਿੰਘ ਨੰਬਰਦਾਰ ਦੇ ਗ੍ਰਹਿ ਮੁਹੱਲਾ ਕੰਮੇਆਣਾ ਗੇਟ ਫ਼ਰੀਦਕੋਟ ਵਿਖੇ ਹੋਇਆ। ਇਕਬਾਲ ਘਾਰੂ ਨੇ ਆਪਣੀ ਮੁੱਢਲੀ ਵਿਦਿਆ ਗੌਰਮਿੰਟ ਹਰਿੰਦਰਾ ਪ੍ਰਾਇਮਰੀ ਸਕੂਲ ਮੁਹੱਲਾ ਕੰਮੇਆਣਾ ਗੇਟ (ਹੁਣ ਡਾ. ਅੰਬੇਦਕਰ ਨਗਰ) ਫ਼ਰੀਦਕੋਟ ਵਿਖੇ ਪ੍ਰਾਪਤ ਕੀਤੀ। ਉਹ ਛੇਵੀਂ ਤੋਂ ਦਸਵੀਂ ਜਮਾਤ ਤੱਕ ਗੌਰਮਿੰਟ ਬਲਬੀਰ ਹਾਈ ਸਕੂਲ ਫ਼ਰੀਦਕੋਟ ਵਿੱਚ ਪੜ੍ਹੇ, ਇਥੋਂ ਉਨ੍ਹਾਂ 1970 ਵਿੱਚ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਨੇ 1974 ਵਿੱਚ ਗੌਰਮਿੰਟ ਬਰਜਿੰਦਰਾ ਕਾਲਜ ਫ਼ਰੀਦਕੋਟ ਤੋਂ ਗ੍ਰੈਜੂਏਸ਼ਨ ਅਤੇ ਇਥੋਂ ਹੀ ਐਮ.ਏ.ਪੰਜਾਬੀ ਕੀਤੀ।

ਘਾਰੂ ਸਾਹਿਬ ਬਚਪਨ ਤੋਂ ਹੀ ਕਲਾਤਮਕ ਰੁਚੀਆਂ ਰੱਖਦੇ ਸਨ। ਉਹ ਛੋਟੇ ਹੁੰਦਿਆਂ ਹੀ ਸਕੂਲ ਅਤੇ ਮੁਹੱਲੇ ਦੀਆਂ ਰਾਮਲੀਲਾ ਦੀਆਂ ਸਟੇਜਾਂ 'ਤੇ ਭਾਗ ਲੈਣ ਲੱਗ ਪਏ। ਉਨ੍ਹਾਂ ਦਰਸ਼ਕਾਂ ਤੋਂ ਮਿਲੇ ਉਤਸ਼ਾਹ ਸਦਕਾ ਹੋਰ ਅਗੇਰੇ ਪੁਲਾਂਘਾਂ ਪੁੱਟੀਆਂ। ਬਰਜਿੰਦਰਾ ਕਾਲਜ ਦੇ ਇੱਕ ਸਮਾਗਮ ਦੌਰਾਨ ਉਨ੍ਹਾਂ ਦੀ ਮੁਲਾਕਾਤ ਲੋਕ-ਪੱਖੀ ਕਵੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨਾਲ ਹੋਈ। ਇਹ ਮੇਲ ਘਾਰੂ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣਿਆ। ਉਹ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੀਆਂ ਮੀਟਿੰਗਾਂ ਵਿੱਚ ਸ਼ਿਰਕਤ ਕਰਨ ਲੱਗ ਪਏ। ਘਾਰੂ ਸਾਹਿਬ ਨੇ ਐਮ.ਏ. ਪੰਜਾਬੀ ਕਰਨ ਸਮੇਂ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿੱਚ ਕਵਿਤਾ ਗਾਇਨ ਮੁਕਾਬਲਿਆਂ ਵਿੱਚ

ਕਈ ਮਾਨ- ਸਨਮਾਨ ਪ੍ਰਾਪਤ ਕੀਤੇ ਅਤੇ ਖਾਲਸਾ ਕਾਲਜ ਸਰਹਾਲੀ (ਤਰਨ ਤਰਨ) ਵਿਖੇ ਉਨ੍ਹਾਂ ਨੇ ਕਵਿਤਾ ਗਾਇਨ ਮੁਕਾਬਲੇ ਵਿੱਚ ਭਾਈ ਵੀਰ ਸਿੰਘ ਟਰਾਫ਼ੀ ਪ੍ਰਾਪਤ ਕਰਕੇ ਆਪਣੇ ਕਾਲਜ ਦੀ ਝੋਲੀ ਪਾਈ। ਉਨ੍ਹਾਂ ਦੀਆਂ ਸਾਹਿਤਕ ਅਤੇ ਕਲਾਤਮਕ ਸਰਗਰਮੀਆਂ ਨੂੰ ਦੇਖਦੇ ਹੋਏ ਬਰਜਿੰਦਰਾ ਕਾਲਜ ਫ਼ਰੀਦਕੋਟ ਵੱਲੋਂ ਉਨ੍ਹਾਂ ਨੂੰ ਕਾਲਜ ਕਲਰ ਦਾ ਸਨਮਾਨ ਦੇ ਕੇ ਸਨਮਾਨਿਆ ਗਿਆ। ਕਾਲਜ ਦੀ ਪੜ੍ਹਾਈ ਦੌਰਾਨ ਉਨਾਂ ਨੂੰ ਪੰਜਾਬੀ ਦੇ ਪ੍ਰੋਫੈਸਰ ਕਰਮਜੀਤ ਸਿੰਘ ਅਤੇ ਨਾਵਲ ਵਿਸ਼ੇ ਨਾਲ ਸੰਬੰਧਿਤ ਪ੍ਰੋਫੈਸਰ ਗੁਰਦਿਆਲ ਸਿੰਘ ਨਾਵਲਕਾਰ ਦੀ ਯੋਗ ਅਗਵਾਈ ਮਿਲੀ।

ਇਕਬਾਲ ਘਾਰੂ ਨੇ ਪੰਜਾਬੀ ਕਵਿਤਾ ਤੇ ਗ਼ਜ਼ਲ ਦੀਆਂ ਬਰੀਕੀਆਂ ਜਾਨਣ ਲਈ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਜਨਾਬ ਦੀਪਕ ਜੈਤੋਈ ਸਾਹਿਬ ਨੂੰ ਉਸਤਾਦ ਧਾਰਨ ਕੀਤਾ ਅਤੇ ਮੁਹਾਰਤ ਹਾਸਿਲ ਕੀਤੀ। ਜਨਾਬ ਦੀਪਕ ਜੈਤੋਈ ਸਾਹਿਬ ਦੇ 400 ਤੋਂ ਵਧੇਰੇ ਸ਼ਗਿਰਦ ਹਨ, ਉਨ੍ਹਾਂ ਵਿੱਚ ਗੁਰਦਿਆਲ ਰੋਸ਼ਨ ਸੰਚਾਲਕ ਤੇ ਸੰਸਥਾਪਕ ਦੀਪਕ ਜੈਤੋਈ ਗ਼ਜ਼ਲ ਸਕੂਲ, ਜਨਾਬ ਸੁਲੱਖਣ ਸਰਹੱਦੀ, ਪਾਲ ਗੁਰਦਾਸਪੁਰੀ, ਰਾਜ ਗੁਰਦਾਸਪੁਰੀ, ਦੇਵ ਰਾਉਕੇ (ਮੋਗਾ), ਸਵਰਗੀ ਗੁਰਮੀਤ ਸਿੰਘ ਚਮਕ (ਮੰਡੀ ਬਰੀਵਾਲਾ ਸ੍ਰੀ ਮੁਕਤਸਰ ਸਾਹਿਬ) ਦੇ ਨਾਮ ਵਰਨਣਯੋਗ ਹਨ।

ਇਕਬਾਲ ਘਾਰੂ ਨੇ ਸ਼ੁਰੂ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ, ਫਿਰ ਸਾਹਿਤ ਦੀਆਂ ਹੋਰ ਵਿਧਾਵਾਂ ਗ਼ਜ਼ਲ, ਗੀਤ, ਨਾਟਕ, ਇਕਾਂਗੀ, ਕਹਾਣੀ 'ਤੇ ਵੀ ਹੱਥ ਅਜਮਾਇਆ। ਉਨ੍ਹਾਂ ਦੀ ਸਭ ਤੋਂ ਪਹਿਲੀ ਪੁਸਤਕ 'ਲੋਕਾ ਵੇ ਲੋਕਾ'1990 ਵਿੱਚ ਪ੍ਰਕਾਸ਼ਿਤ ਹੋਈ। ਉਨ੍ਹਾਂ ਦੀਆਂ ਕਈ ਕਹਾਣੀਆਂ ਰੋਜ਼ਾਨਾ ਅਕਾਲੀ ਪੱਤ੍ਰਕਾ (ਜਲੰਧਰ) ਵਿਚ ਪ੍ਰਕਾਸ਼ਿਤ ਹੋਈਆਂ ਅਤੇ ਜਲੰਧਰ ਤੋਂ ਹੀ ਪ੍ਰਕਾਸ਼ਿਤ ਹੁੰਦੇ ਮਾਸਿਕ ਮੈਗਜੀਨ ਤਸਵੀਰ, ਜਿਸ ਦੇ ਮੁੱਖ ਸੰਪਾਦਕ ਬੀਬੀ ਪ੍ਰਕਾਸ਼ ਕੌਰ ਹਮਦਰਦ ਅਜੀਤ ਵਾਲੇ ਹੁੰਦੇ ਸਨ, ਵਿੱਚ ਛਪਣ ਦਾ ਮਾਣ ਪ੍ਰਾਪਤ ਹੋਇਆ। ਘਾਰੂ ਸਾਹਿਬ ਦੀਆਂ ਰਚਨਾਵਾਂ ਹੁਣ ਤੱਕ ਵੱਖ-ਵੱਖ ਅਖਬਾਰਾਂ ਮੈਗਜੀਨਾਂ ਵਿੱਚ ਨਿਰੰਤਰਤਾ ਨਾਲ ਪ੍ਰਕਾਸ਼ਿਤ ਹੋ ਰਹੀਆਂ ਹਨ। ਉਨ੍ਹਾਂ ਦੀਆਂ ਵੱਖ-ਵੱਖ ਵਿਧਾਵਾਂ 'ਤੇ ਹੁਣ ਤੱਕ 17 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ।

ਇਕਬਾਲ ਘਾਰੂ ਦੀ ਸ਼ਾਦੀ 7 ਮਾਰਚ, 1976 ਨੂੰ ਸ਼੍ਰੀਮਤੀ ਸੰਤੋਸ਼ ਕੁਮਾਰੀ ਸਪੁੱਤਰੀ ਸ਼੍ਰੀ ਨਾਥੀ ਰਾਮ ਜੀ ਬੀ.ਡੀ.ਪੀ. ਓ. ਹਾਲ ਨਿਵਾਸੀ ਫ਼ਗਵਾੜਾ ਨਾਲ ਹੋਈ। ਪਰਿਵਾਰਿਕ ਮੈਂਬਰਾਂ ਵਿੱਚ ਘਾਰੂ ਸਾਹਿਬ ਦੇ ਤਿੰਨ ਬੱਚੇ ਹਨ, -ਇੱਕ ਬੇਟਾ ਦੋ

ਬੇਟੀਆਂ। ਬੇਟਾ ਯਾਦਵਿੰਦਰ ਸਿੰਘ ਜ਼ਿਲ੍ਹਾ ਕਚਹਿਰੀਆਂ ਫ਼ਰੀਦਕੋਟ ਵਿਖੇ ਵਕਾਲਤ ਕਰ ਰਿਹਾ ਹੈ। ਵੱਡੀ ਬੇਟੀ ਪਰਮਿੰਦਰ ਕੌਰ (ਵਿੱਕੀ) ਪਰਿਵਾਰ ਸਮੇਤ ਇਟਲੀ ਰਹਿ ਰਹੀ ਹੈ। ਉਨ੍ਹਾਂ ਦੀ ਛੋਟੀ ਬੇਟੀ ਪ੍ਰੀਤ ਇੰਦਰ ਕੌਰ (ਲਵਲੀ) ਕੈਨੇਡਾ ਵਿਖੇ ਵੈਲ ਸੈੱਟਲਡ ਹੈ। ਇਕਬਾਲ ਘਾਰੂ ਦੀ ਨੂੰਹ ਮਨਜੀਤ ਕੌਰ ਖੇਡ ਵਿਭਾਗ ਫ਼ਰੀਦਕੋਟ ਵਿਖੇ ਕਬੱਡੀ ਕੋਚ ਨਿਯੁਕਤ ਹੈ। ਇਕਬਾਲ ਘਾਰੂ ਦੀ ਧਰਮ ਪਤਨੀ ਸੰਤੋਸ਼ ਕੁਮਾਰੀ ਦਾ 17 ਮਈ, 2021 ਨੂੰ ਦਿਹਾਂਤ ਹੋ ਗਿਆ ਸੀ।

ਇਕਬਾਲ ਘਾਰੂ ਦੀ ਨਿਯੁਕਤੀ 1980 ਵਿੱਚ ਬਤੌਰ ਜ਼ਿਲ੍ਹੇਦਾਰ ਨਹਿਰ ਮਹਿਕਮਾ ਪੰਜਾਬ ਵਿੱਚ ਹੋਈ। ਉਨ੍ਹਾਂ ਦੀ ਪਹਿਲੀ ਨਿਯੁਕਤੀ ਕੁਰਾਲੀ, ਜ਼ਿਲ੍ਹਾ ਰੋਪੜ (ਹੁਣ ਰੂਪਨਗਰ) ਵਿਖੇ ਹੋਈ। ਮਹਿਕਮੇ ਵਿੱਚ ਵੱਖ-ਵੱਖ ਸਥਾਨਾਂ ’ਤੇ; ਜਿਵੇਂ ਕਿ ਨਹਿਰ ਕੋਠੀ ਕੋਕਰੀ ਕਲਾਂ ਨਜ਼ਦੀਕ ਅਜੀਤਵਾਲ (ਮੋਗਾ), ਨਹਿਰ ਕੋਠੀ ਜਗਰਾਉਂ ਲੁਧਿਆਣਾ ਨੌਕਰੀ ਕੀਤੀ। ਜਨਵਰੀ 2011 ਵਿੱਚ ਉਹ ਦਫ਼ਤਰ ਜ਼ਿਲ੍ਹੇਦਾਰੀ ਬਰਗਾੜੀ, ਜ਼ਿਲ੍ਹਾ ਫ਼ਰੀਦਕੋਟ ਤੋਂ ਸੇਵਾ ਮੁਕਤ ਹੋਏ।

ਇਕਬਾਲ ਘਾਰੂ ਦੀ ਸੂਚਨਾ ਅਨੁਸਾਰ ਉਨ੍ਹਾਂ ਨੇ ‘ਲੋਕਾ ਵੇ ਲੋਕਾ’ ਨਾਲ 1990 ਵਿੱਚ ਪੱਕੇ ਪੈਰੀਂ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਆਪਣੀ ਸੰਪਾਦਨਾ ਹੇਠ ਨੁੱਕੜ ਨਾਟਕਕਾਰ ਸਫ਼ਦਰ ਹਾਸ਼ਮੀ ਦੀ ਜੀਵਨੀ ’ਤੇ ਅਧਾਰਤ ਨਾਟਕ ਪ੍ਰਕਾਸ਼ਿਤ ਕੀਤਾ। ਉਨ੍ਹਾਂ ਨੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਗ਼ਜ਼ਲ ਸੰਗ੍ਰਹਿ ‘ਭਖਦੇ ਸੱਚ’ (1999), ‘ਘੁੱਪ ਹਨੇਰਾ’ (2000), ‘ਦੌਰ’, ‘ਮਹਿਕਾਂ’ (2015) ਪਾਏ। ਮਹਿਕਾਂ ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਵਿੱਚ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਜਨਾਬ ਦੀਪਕ ਜੈਤੋਈ ਸਾਹਿਬ ਲਿਖਦੇ ਹਨ, ”ਜਨਾਬ ਘਾਰੂ ਸਾਹਿਬ ਦੀ ਸਮੁੱਚੀ ਗ਼ਜ਼ਲਗੋਈ ’ਚੋਂ ਜਿੱਥੇ ਉਹ ਇੱਕ ਨਿਪੁੰਨ ਗ਼ਜ਼ਲਗੋ ਸਾਬਿਤ ਹੋਏ ਹਨ, ਉੱਥੇ ਉਨ੍ਹਾਂ ਦਾ ਸਮਾਜਿਕ ਤੌਰ ’ਤੇ ਜਾਗਰੂਕ ਹੋਣਾ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ। ਉਨ੍ਹਾਂ ਨੇ ਲਿਖਣ ਗਤੀਵਿਧੀਆਂ ਦੇ ਨਾਲ-ਨਾਲ ਸਮਾਜਿਕ ਗਤੀਵਿਧੀਆਂ ਨੂੰ ਵੀ ਸੰਜੀਦਗੀ ਨਾਲ ਲਿਆ ਹੈ ਅਤੇ ਸਮਾਜ ਦੇ ਅਨੇਕਾਂ ਉਥਾਨਿਕ ਕਾਰਜਾਂ ਨਾਲ ਜੁੜ ਕੇ ਆਪਣੇ ਅਸਤਿਤਵ ਨੂੰ ਮਾਨਵਤਾ ਪ੍ਰਤੀ ਸਮਰਪਿਤ ਕਰਕੇ ਖ਼ੂਬ ਸਰਾਹਨਾ ਵੀ ਪ੍ਰਾਪਤ ਕੀਤੀ ਹੈ। -------ਉਨ੍ਹਾਂ ਦੀ ਕਾਵਿ-ਕਲਾ ਅਤੇ ਸੰਗੀਤ-ਕਲਾ ਤੋਂ ਵਿਦਵਾਨ ਲੋਕ ਬੇਹੱਦ ਮੁਤਾਸਰ ਹਨ। ਮੈਨੂੰ ਉਨ੍ਹਾਂ ਦੇ ਉਸਤਾਦ ਹੋਣ ’ਤੇ ਬੜਾ ਮਾਣ ਹੈ।”

ਇਕਬਾਲ ਘਾਰੂ ਨੇ ਸ਼ਾਨਦਾਰ ਗ਼ਜ਼ਲਾਂ ਕਹਿਣ ਤੋਂ ਇਲਾਵਾ ‘ਧੁਖਦੇ ਸਿਵੇ’

(ਨਜ਼ਮ ਸੰਗ੍ਰਹਿ), 'ਭਾਰਤ ਬਚਾਓ' (ਨਜ਼ਮ ਸੰਗ੍ਰਹਿ) ਅਤੇ ਕਈ ਗੀਤ-ਸੰਗ੍ਰਹਿ; ਜਿਨ੍ਹਾਂ ਵਿੱਚ 'ਹਾਲ ਗਰੀਬਾਂ ਦਾ ਕਹਿਣਾ' (2006), 'ਮੈਂ ਕੰਮੀਆਂ ਦਾ ਬੇਟਾ ਹਾਂ' (2009), 'ਯਾਦਾਂ ਦੀ ਲੋਅ' (2012), 'ਮੇਰੇ ਬਾਬਲਾ' (2020), 'ਏਹ ਕੇਹੀ ਰੁੱਤ ਆਈ' (2021) ਪੰਜਾਬੀ ਸਾਹਿਤ ਜਗਤ ਨੂੰ ਭੇਂਟ ਕੀਤੇ ਹਨ। ਉਨ੍ਹਾਂ ਦੇ ਇਕਾਂਗੀ 'ਕਲੰਕ' (1998) ਅਤੇ 'ਭਾਈਚਾਰਾ' ਨਾਟਕ ਵੀ ਬਹੁਤ ਚਰਚਿਤ ਰਹੇ ਹਨ। ਉਨ੍ਹਾਂ 'ਫ਼ਰੀਦਾ ਬੁਰੇ ਦਾ ਭਲਾ ਕਰ' ਨਾਟਕ 1999 ਵਿੱਚ ਲਿਖ ਕੇ ਪੰਜਾਬੀ ਸਾਹਿਤ ਦੇ ਪਿਤਾਮਾ ਬਾਬਾ ਸ਼ੇਖ ਫ਼ਰੀਦ ਜੀ ਦੀਆਂ ਸਿੱਖਿਆਵਾਂ 'ਤੇ ਚਾਨਣਾ ਪਾਇਆ ਅਤੇ ਆਪਣੀ ਨਿਰਦੇਸ਼ਨਾ ਹੇਠ ਕਈ ਥਾਵਾਂ 'ਤੇ ਮੰਚਨ ਕੀਤਾ। ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਫ਼ਰੀਦਕੋਟ ਵਿਖੇ ਬਹੁਤ ਵੱਡੇ ਪੱਧਰ ਤੇ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਂਦੇ ਹਨ। ਇੱਕ ਸਾਲ ਨਾਟਕ ਮੁਕਾਬਲੇ ਵਿੱਚ 'ਫ਼ਰੀਦਾ ਬੁਰੇ ਦਾ ਭਲਾ ਕਰ' ਨਾਟਕ ਇਕਬਾਲ ਘਾਰੂ ਨੇ ਆਪਣੀ ਨਿਰਦੇਸ਼ਨਾਂ ਹੇਠ ਖੇਡਿਆ ਸੀ, ਜੋ ਦਰਸ਼ਕਾਂ ਵੱਲੋਂ ਕਾਫੀ ਸਲਾਹਿਆ ਗਿਆ। ਘਾਰੂ ਸਾਹਿਬ ਦੇ ਦੱਸਣ ਅਨੁਸਾਰ ਨਾਟਕ ਵੇਖਦੇ ਸਮੇਂ ਇੱਕ ਬੱਚੇ ਨੇ ਆਪਣੀ ਮਾਤਾ ਤੋਂ ਪਾਣੀ ਮੰਗਿਆ ਅਤੇ ਮਾਤਾ ਨੇ ਬੱਚੇ ਨੂੰ ਘੂਰਦੇ ਹੋਏ ਕਿਹਾ, "ਮਰ ਜਾਣਿਆ ਪਾਣੀ ਤੇ ਘਰੇ ਚੱਲ ਕੇ ਪੀ ਲਵਾਂਗੇ, ਪਰ ਇਹ ਨਾਟਕ ਨਿੱਤ ਨਿੱਤ ਥੋੜ੍ਹੇ ਦੇਖਿਆ ਜਾਣਾ।"

ਘਾਰੂ ਸਾਹਿਬ ਨਾਲ ਬਹੁਤ ਸਾਰੀਆਂ ਸਾਹਿਤ ਸਭਾਵਾਂ ਵੱਲੋਂ ਰੂਬਰੂ ਅਤੇ ਸਾਹਿਤਕ ਮਿਲਣੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਨੂੰ ਬਹੁਤ ਸਾਰੇ ਮਾਨ-ਸਨਮਾਨ ਮਿਲੇ; ਜਿਨ੍ਹਾਂ ਵਿੱਚੋਂ ਕੁਝ-ਕੁ ਦਾ ਜ਼ਿਕਰ ਇਸ ਪ੍ਰਕਾਰ ਹੈ:- ਵਿਜੈ ਨਿਰਬਾਧ ਗ਼ਜ਼ਲ ਐਵਾਰਡ (ਜਲੰਧਰ), ਲੋਕ ਕਵੀ ਸੰਤ ਰਾਮ ਉਦਾਸੀ ਪੁਰਸਕਾਰ (ਸਾਹਿਤ ਸਭਾ ਦਾਉਧਰ, ਮੋਗਾ), ਕਵੀ ਮੋਦਨ ਸਿੰਘ ਲੋਹੀਆਂ ਯਾਦਗਾਰੀ ਪੁਰਸਕਾਰ 2025 (ਪੰਜਾਬੀ ਸਾਹਿਤ ਸਭਾ ਸ਼੍ਰੀ ਮੁਕਤਸਰ ਸਾਹਿਬ) ਸ਼ਾਮਲ ਹਨ। ਉਨ੍ਹਾਂ ਨੂੰ ਜੈਮਨੀ ਅਕਾਦਮੀ ਪਾਣੀਪਤ (ਹਰਿਆਣਾ) ਵੱਲੋਂ 1999 ਵਿੱਚ ਅਚਾਰੀਆ ਐਵਾਰਡ, 2000 ਵਿੱਚ 20ਵੀਂ ਸ਼ਤਾਬਦੀ ਰਤਨ ਐਵਾਰਡ, ਅਤੇ 2001 ਵਿੱਚ ਪਦਮ ਸ਼੍ਰੀ ਲਕਸ਼ਮੀ ਨਾਰਾਇਣ ਦੂਬੇ ਸਿਮਰਤੀ ਸਨਮਾਨ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਦਿੱਲੀ ਵੱਲੋਂ 1983 ਵਿੱਚ ਡਾ. ਅੰਬੇਦਕਰ ਫੈਲੋਸ਼ਿਪ ਐਵਾਰਡ ਅਤੇ 2002 ਵਿੱਚ ਮਹਾਤਮਾ ਬਾਬਾ ਜੋਤੀ ਫੂਲੇ ਫੈਲੋਸ਼ਿਪ ਸਨਮਾਨ ਦਿੱਤੇ ਗਏ। ਅਮਰੀਕਨ ਬਾਇਓਗ੍ਰਾਫੀਕਲ ਇੰਸਟੀਟਿਊਟ, ਵੱਲੋਂ ਉਨ੍ਹਾਂ ਨੂੰ 2000 ਈ:

ਵਿੱਚ ਸਨਮਾਨਿਆ ਗਿਆ।

ਇਕਬਾਲ ਘਾਰੂ ਆਪ ਦਲਿਤ ਵਰਗ ਵਿੱਚੋਂ ਹੈ। ਉਹ ਦਲਿਤ ਸਮਾਜ ਦੀ ਪੀੜਾ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਸਮਝਦਾ ਹੈ ਅਤੇ ਮਹਿਸੂਸਦਾ ਹੈ। ਉਹ ਸਮਾਜ ਨੂੰ ਦਰਪੇਸ਼ ਚੁਨੌਤੀਆਂ ਦਾ ਵੀ ਪੂਰਾ ਗਿਆਨ ਰੱਖਦਾ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਦਲਿਤ ਸਮਾਜ ਦੀ ਪੀੜਾ ਝਲਕਾਂ ਮਾਰਦੀ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਦਲਿਤ ਚੇਤਨਤਾ, ਦਲਿਤ ਸਮੱਸਿਆਵਾਂ ਦਾ ਝਲਕਾਰਾ ਵੀ ਆਪ ਮੁਹਾਰੇ ਹੀ ਪੈਂਦਾ ਹੈ।

ਉਸ ਦੀਆਂ ਕੁਝ ਰਚਨਾਵਾਂ ਦੇ ਸ਼ਿਅਰ ਇਸ ਪ੍ਰਕਾਰ ਹਨ:-

ਕੰਮੀਆਂ ਦੇ ਘਰ ਮਘਦੇ ਸੂਰਜ,
ਜਦ ਵੀ ਲਿਸ਼ਕਾਂ ਮਾਰਨਗੇ।
ਵਰ੍ਹਿਆਂ ਬੱਧੀ ਦੱਬੇ ਕੁਚਲੇ,
ਆਪਣੀ ਜੂਨ ਸੁਧਾਰਨਗੇ।

ਕਵੀ ਨੂੰ ਦ੍ਰਿੜ ਵਿਸ਼ਵਾਸ ਹੈ ਕਿ ਇਕ ਦਿਨ ਜ਼ਰੂਰ ਇਨਕਲਾਬ ਆਵੇਗਾ। ਕਵੀ ਦ੍ਰਿੜ ਇਰਾਦੇ ਅਤੇ ਵਿਸ਼ਵਾਸ ਨਾਲ ਆਪਣੇ 'ਘੁੱਪ ਹਨੇਰਾ' ਗ਼ਜ਼ਲ ਸੰਗ੍ਰਹਿ ਵਿੱਚ ਕਹਿੰਦਾ ਹੈ;-

ਘੁੱਪ ਹਨੇਰਾ ਦੂਰ ਕਰਾਂਗੇ।
ਧਰਤੀ ਨੂਰੋ ਨੂਰ ਕਰਾਂਗੇ।

ਪਿਛਲੇ ਕਈ ਦਹਾਕਿਆਂ ਤੋਂ ਇਕਬਾਲ ਘਾਰੂ ਪੰਜਾਬੀ ਸਾਹਿਤ ਸਭਾ (ਰਜਿ:) ਫ਼ਰੀਦਕੋਟ ਨਾਲ ਜੁੜਿਆ ਹੋਇਆ ਹੈ ਅਤੇ ਸਰਗਰਮੀ ਨਾਲ ਸਾਹਿਤਕ ਕਾਰਜ ਨੇਪਰੇ ਚੜ੍ਹਾਅ ਰਿਹਾ ਹੈ। ਇਕਬਾਲ ਘਾਰੂ 1984 ਵਿੱਚ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਜਨਰਲ ਸਕੱਤਰ ਬਣੇ। ਉਹ ਸਭਾ ਦੇ ਪ੍ਰਧਾਨ ਸਮੇਤ ਕਈ ਵੱਖ-ਵੱਖ ਅਹੁਦਿਆਂ 'ਤੇ ਰਹੇ ਅਤੇ ਅੱਜਕੱਲ੍ਹ ਵੀ ਉਹ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਵਿੱਚ ਬੜੀ ਸਰਗਰਮੀ ਨਾਲ ਵਿਚਰ ਰਹੇ ਹਨ। ਵੱਖ-ਵੱਖ ਸਮਿਆਂ 'ਤੇ ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵਿੱਚ ਵੀ ਕਈ ਅਹੁਦਿਆਂ 'ਤੇ ਰਹੇ। ਅੱਜਕਲ੍ਹ ਉਹ ਕੇਂਦਰੀ ਸਭਾ ਸੇਖੋਂ ਦੇ ਮੀਤ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਉਹ ਪੰਜਾਬੀ ਦਲਿਤ ਸਭਾ ਪੰਜਾਬ, ਭਾਰਤੀ ਦਲਿਤ ਸਾਹਿਤ ਅਕਾਦਮੀ ਦਿੱਲੀ ਅਤੇ ਅਕਾਦਮੀ ਆਫ਼ ਨੈਸ਼ਨਲ ਲਿਟਰੇਚਰ ਐਂਡ ਕਲਚਰ (ਰਜਿ:) ਇੰਡੀਆ

ਸਮੇਤ ਕਈ ਸੰਸਥਾਵਾਂ ਵਿੱਚ ਸਰਗਰਮ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਮਕਸਦ ਨਾਲ ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਸੱਭਿਆਚਾਰਕ ਮੰਚ ਵੀ ਸਥਾਪਿਤ ਕੀਤਾ ਹੋਇਆ ਹੈ ਅਤੇ ਉਹ ਆਪਣੀ ਟੀਮ ਨਾਲ ਅਕਸਰ ਗਤੀਵਿਧੀਆਂ ਕਰਦੇ ਰਹਿੰਦੇ ਹਨ।

ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਦੇ ਨਾਲ-ਨਾਲ ਇਕਬਾਲ ਘਾਰੂ ਬੜੀ ਸ਼ਿੱਦਤ ਨਾਲ ਸਮਾਜ ਸੇਵਾ ਨੂੰ ਵੀ ਸਮਰਪਿਤ ਹੈ। ਉਹ ਲਾਈਨਜ ਕਲੱਬ ਫ਼ਰੀਦਕੋਟ (ਵਿਸ਼ਾਲ) ਡਿਸਟ੍ਰਿਕਟ 321-F ਦੇ ਵੱਖ-ਵੱਖ ਸਮੇਂ ’ਤੇ ਪ੍ਰਧਾਨ, ਚੇਅਰ ਪਰਸਨ ਅਤੇ ਪਬਲਿਕ ਰਿਲੇਸ਼ਨ ਅਫ਼ਸਰ ਵੀ ਰਹੇ ਹਨ। ਲਾਇਨਜ ਕਲੱਬ ਫਰੀਦਕੋਟ ਵੱਲੋਂ ਵਿਸ਼ੇਸ਼ ਤੌਰ ’ਤੇ ਅੱਖਾਂ ਦੇ ਕੈਂਪ ਲਗਾਏ ਜਾਂਦੇ ਹਨ ਅਤੇ ਹੋਰ ਸਮਾਜ ਭਲਾਈ ਦੇ ਕਾਰਜ ਵੀ ਕੀਤੇ ਜਾਂਦੇ ਹਨ।

ਸਾਹਿਤ, ਸੱਭਿਆਚਾਰ ਅਤੇ ਸਮਾਜ ਸੇਵਾ ਨੂੰ ਪ੍ਰਣਾਈ ਇਸ ਸ਼ਖ਼ਸੀਅਤ ਤੋਂ ਸਮਾਜ ਨੂੰ ਹੋਰ ਵੀ ਵੱਡੀਆਂ ਆਸਾਂ ਹਨ। ਅਸੀਂ ਦੁਆ ਕਰਦੇ ਹਾਂ ਕਿ ਘਾਰੂ ਸਾਹਿਬ ਸਰਗਰਮੀ ਨਾਲ ਆਪਣੇ ਸਾਹਿਤਕ, ਸੰਗੀਤਕ ਅਤੇ ਸਮਾਜ ਸੇਵੀ ਕਾਰਜਾਂ ਵਿੱਚ ਜੁੱਟੇ ਰਹਿਣ।

ਮੋਬਾਇਲ : 98552-19724

# ਸੁਖਵਿੰਦਰ ਅੰਮ੍ਰਿਤ



ਸੁਖਵਿੰਦਰ ਅੰਮ੍ਰਿਤ ਸਾਡੇ ਸਮਿਆਂ ਵਿੱਚ ਪੰਜਾਬੀ ਦੀ ਬਹੁਚਰਚਿਤ ਅਤੇ ਸਥਾਪਿਤ ਸ਼ਾਇਰਾ ਹੈ। ਉਨ੍ਹਾਂ ਦਾ ਜਨਮ 11 ਦਸੰਬਰ,1963 ਨੂੰ ਸਰਦਾਰ ਗੁਰਨਾਮ ਸਿੰਘ ਅਤੇ ਸਰਦਾਰਨੀ ਅਮਰਜੀਤ ਕੌਰ ਦੇ ਗ੍ਰਹਿ ਵਿਖੇ ਪਿੰਡ ਸਦਰਪੁਰਾ, ਨੇੜੇ ਸਿਧਵਾਂ ਬੇਟ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਸੁਖਵਿੰਦਰ ਅੰਮ੍ਰਿਤ ਦੀਆਂ ਚਾਰ ਭੈਣਾਂ ਅਤੇ ਇੱਕ ਭਰਾ ਹੈ। ਉਹ ਆਪਣੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੀ ਹੈ। ਸੁਖਵਿੰਦਰ ਅੰਮ੍ਰਿਤ ਪਿੰਡ ਵਿੱਚ ਸਪੀਕਰਾਂ ਉੱਪਰ ਵੱਜਦੇ ਗੀਤਾਂ ਨੂੰ ਬੜੀ ਰੀਝ ਨਾਲ ਸੁਣਦੀ ਸੀ ਅਤੇ ਇਹ ਗੀਤ ਉਸ ਦੇ ਕਾਵਿਕ-ਮਨ ਨੂੰ ਬਹੁਤ ਧੂਹ ਪਾਉਂਦੇ ਸਨ। ਇਥੋਂ ਹੀ ਉਸ ਨੂੰ ਸਾਹਿਤ ਨਾਲ ਜੁੜਨ ਦੀ ਚੇਟਕ ਲੱਗੀ। ਅੱਠਵੀਂ-ਨੌਵੀਂ ਵਿੱਚ ਪੜ੍ਹਦਿਆਂ ਸੁਖਵਿੰਦਰ ਅੰਮ੍ਰਿਤ ਤੁਕਬੰਦੀ ਕਰਨ ਲੱਗ ਪਈ ਅਤੇ ਜਦੋਂ ਸੁਖਵਿੰਦਰ ਨੌਵੀਂ ਜਮਾਤ ਵਿੱਚ ਪੜ੍ਹਦੀ ਸੀ ਤਾਂ ਉਸ ਸਮੇਂ ਸੁਖਵਿੰਦਰ ਦੇ ਲਿਖੇ ਗੀਤਾਂ ਦੀ ਕਾਪੀ ਉਸ ਦੀ ਮਾਂ ਦੇ ਹੱਥ ਲੱਗ ਗਈ। ਮਾਂ ਨੇ ਉਹ ਕਾਪੀ ਪਾੜ ਕੇ ਟੁਕੜੇ-ਟੁਕੜੇ ਕਰਕੇ ਚੁੱਲ੍ਹੇ ਵਿੱਚ ਸਾੜ ਦਿੱਤੀ ਅਤੇ ਸੁਖਵਿੰਦਰ ਨੂੰ ਬੁਰੀ ਤਰ੍ਹਾਂ ਝਿੜਕਿਆ ਅਤੇ ਮਾਰਿਆ। ਮਾਂ ਨੇ ਸੁਖਵਿੰਦਰ ਨੂੰ ਆਖਿਆ, "ਸ਼ੁਕਰ ਹੈ ਕਿ ਕਾਪੀ ਤੇਰੇ ਪਿਓ ਦੇ ਹੱਥ ਨਹੀਂ ਲੱਗੀ ਉਸਨੇ ਤੇਰੇ ਡੱਕਰੇ ਕਰਕੇ ਤੂੜੀ ਵਾਲੇ ਕੋਠੇ ਵਿੱਚ ਦੱਬ ਦੇਣਾ ਸੀ।" ਨੌਵੀਂ ਪਾਸ ਕਰਨ ਪਿੱਛੋਂ ਸੁਖਵਿੰਦਰ ਨੂੰ ਪੜ੍ਹਨੋਂ ਵੀ ਹਟਾ ਲਿਆ ਗਿਆ ਸੀ।ਪਰਿਵਾਰ ਵੱਲੋਂ ਛੋਟੀ ਉਮਰੇਂ 17 ਸਾਲ ਦੀ ਉਮਰ ਵਿੱਚ ਸੁਖਵਿੰਦਰ ਅੰਮ੍ਰਿਤ ਦਾ ਵਿਆਹ ਕਰ ਦਿੱਤਾ ਗਿਆ। ਸੁਖਵਿੰਦਰ ਅੰਮ੍ਰਿਤ ਦੇ ਮਨ ਵਿੱਚ ਪੜ੍ਹਾਈ ਕਰਨ ਦੀ ਪ੍ਰਬਲ ਤਾਂਘ ਸੀ। ਉਸ ਨੇ ਆਪਣੀਆਂ ਕੋਸ਼ਿਸ਼ਾਂ ਨਾਲ ਆਪਣੇ ਪਤੀ ਅਮਰਜੀਤ ਦੀ ਰਜ਼ਾਮੰਦੀ ਨਾਲ ਵਿਆਹ ਦੇ 12 ਸਾਲ ਪਿੱਛੋਂ ਆਪਣੀ ਪੜ੍ਹਾਈ ਸ਼ੁਰੂ ਕੀਤੀ ਅਤੇ 2002 ਵਿੱਚ ਐਮ.ਏ. ਪੰਜਾਬੀ ਕਰ ਲਈ। ਸੁਖਵਿੰਦਰ ਅੰਮ੍ਰਿਤ ਨੇ 2006-07 ਦੇ ਸੈਸ਼ਨ ਦੌਰਾਨ ਸਰਕਾਰੀ ਕਾਲਜ (ਲੜਕੇ) ਲੁਧਿਆਣਾ ਵਿਖੇ ਅਧਿਆਪਨ ਕਾਰਜ ਵੀ ਕੀਤਾ।

ਸੁਖਵਿੰਦਰ ਅੰਮ੍ਰਿਤ ਦੀ ਬੇਟੀ ਬਲਦੀਪ ਕੌਰ ਅਤੇ ਬੇਟਾ ਸੁਰਦੀਪ ਸਿੰਘ ਮੈਲਬੌਰਨ

ਆਸਟਰੇਲੀਆ ਵਿਖੇ ਵੈਲ ਸੈੱਟਲਡ ਹਨ ਅਤੇ ਆਪਣੇ-ਆਪਣੇ ਪਰਿਵਾਰਾਂ ਸਮੇਤ ਰਹਿ ਰਹੇ ਹਨ। ਉਨ੍ਹਾਂ ਨੂੰ ਉਥੋਂ ਦੀ ਸਿਟੀਜਨਸ਼ਿਪ ਹਾਸਲ ਹੈ। ਸੁਖਵਿੰਦਰ ਅੰਮ੍ਰਿਤ ਨੇ ਅੱਜ ਕੱਲ ਆਪਣੀ ਰਿਹਾਇਸ਼ ਮੁਹਾਲੀ ਵਿਖੇ ਰੱਖੀ ਹੋਈ ਹੈ।

ਸੁਖਵਿੰਦਰ ਨੇ ਵਿਪਰੀਤ ਹਾਲਾਤਾਂ ਦੇ ਬਾਵਜੂਦ ਕਵਿਤਾ ਨਾਲ ਇਸ਼ਕ ਜਾਰੀ ਰੱਖਿਆ। ਉਹ ਝੱਖੜਾਂ ਵਿੱਚ ਡੋਲੀ ਨਹੀਂ। ਕਵਿਤਾ ਉਸ ਦੇ ਅੰਦਰ ਰਮੀ ਹੋਈ ਸੀ। ਸਮਾਂ ਲੰਘਣ ਦੇ ਨਾਲ ਕਵਿਤਾ ਸੁਖਵਿੰਦਰ ਦੇ ਅੰਦਰੋਂ ਨਿਜੀ ਅਨੁਭਵ ਲੈ ਕੇ ਝਰਨੇ ਦੀ ਤਰ੍ਹਾਂ ਬਾਹਰ ਆਉਣੀ ਸ਼ੁਰੂ ਹੋਈ।

ਸੁਖਵਿੰਦਰ ਅੰਮ੍ਰਿਤ ਦੇ ਕਾਵਿ ਸਫ਼ਰ ਦਾ ਆਗਾਜ਼ 1997 ਵਿੱਚ 'ਸੂਰਜ ਦੀ ਦਹਿਲੀਜ਼' ਗ਼ਜ਼ਲ ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਨਾਲ ਹੋਇਆ। ਇਸ ਗ਼ਜ਼ਲ ਸੰਗ੍ਰਹਿ ਦੇ ਸ਼ੁਰੂ ਵਿੱਚ ਪ੍ਰਸਿੱਧ ਸ਼ਾਇਰ ਅਜਾਇਬ ਚਿੱਤਰਕਾਰ ਲਿਖਦੇ ਹਨ, "ਮੈਨੂੰ ਬੇਹੱਦ ਖੁਸ਼ੀ ਹੈ ਕਿ ਪੰਜਾਬੀ ਗ਼ਜ਼ਲ ਕਾਵਿ ਵਿੱਚ ਇੱਕ ਨਵੀਂ ਤੇ ਵਿਲੱਖਣ ਪ੍ਰਤਿਭਾ ਉਦੈ ਹੋਈ ਹੈ, ਜਿਸ ਦਾ ਨਾਮ ਸੁਖਵਿੰਦਰ ਅੰਮ੍ਰਿਤ ਹੈ। ਜਿਸ ਦਾ ਕਲਾਮ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਕਿ ਭਵਿੱਖ ਵਿਚ ਇਹ ਸ਼ਾਇਰਾ ਆਪਣੀ ਕਲਮ ਦਾ ਲੋਹਾ ਮੰਨਵਾਏਗੀ। 'ਸੂਰਜ ਦੀ ਦਹਿਲੀਜ਼' ਗ਼ਜ਼ਲ ਸੰਗ੍ਰਹਿ ਇਸ ਦੀ ਪਲੇਠੀ ਪੁਸਤਕ ਹੈ। ਵੱਖ-ਵੱਖ ਬਹਿਰਾਂ ਵਿੱਚ ਇਸ ਨੇ ਖੂਬਸੂਰਤ ਅੱਕਾਸੀ ਕੀਤੀ ਹੈ। ਹਰ ਸ਼ਿਅਰ ਵਿੱਚ ਜਜ਼ਬੇ ਦੀ ਸ਼ਿੱਦਤ, ਖ਼ਿਆਲ ਦੀ ਡੂੰਘਾਈ, ਕਲਪਨਾ ਦੀ ਉਡਾਰੀ ਤੇ ਜ਼ੁਬਾਨ ਦੀ ਸਾਦਗੀ ਮਾਨਣ ਯੋਗ ਹੈ।" (ਸੂਰਜ ਦੀ ਦਹਿਲੀਜ਼, ਪੰਨਾ 11)। ਇਸ ਪਲੇਠੇ ਸੰਗ੍ਰਹਿ ਨਾਲ ਹੀ ਉਨ੍ਹਾਂ ਦੀ ਪੰਜਾਬੀ ਕਾਵਿ ਜਗਤ ਵਿੱਚ ਇੱਕ ਗ਼ਜ਼ਲਕਾਰਾ ਵਜੋਂ ਨਵੇਕਲੀ ਪਛਾਣ ਬਣ ਗਈ। ਇਸ ਤੋਂ ਪਿੱਛੋਂ ਉਨ੍ਹਾਂ 'ਚਿਰਾਗਾਂ ਦੀ ਡਾਰ' (ਗ਼ਜ਼ਲ-ਸੰਗ੍ਰਹਿ) 1999, 'ਕਣੀਆਂ' (ਕਾਵਿ-ਸੰਗ੍ਰਹਿ) 2000, 'ਪੱਤਝੜ ਵਿੱਚ ਪੁੰਗਰਦੇ ਪੱਤੇ' (ਗ਼ਜ਼ਲ ਸੰਗ੍ਰਹਿ) 2002, 'ਧੁੱਪ ਦੀ ਚੁੰਨੀ' (ਕਾਵਿ ਸੰਗ੍ਰਹਿ) 2006, 'ਹਜ਼ਾਰ ਰੰਗਾਂ ਦੀ ਲਾਟ' (ਗ਼ਜ਼ਲ ਸੰਗ੍ਰਹਿ) 2008, 'ਕਣੀਆਂ' (ਹਿੰਦੀ ਅਨੁਵਾਦ-ਕਿਰਨ ਵਾਲੀਆ) 2007, 'ਪੁੰਨਿਆ' (ਗ਼ਜ਼ਲ ਸੰਗ੍ਰਹਿ) 2011, 'ਨੀਲਿਆ ਮੋਰਾ ਵੇ' (ਗੀਤ-ਸੰਗ੍ਰਹਿ) 2012, 'ਚਿੜੀਆਂ' (ਕਾਵਿ-ਸੰਗ੍ਰਹਿ) 2014 ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਨ੍ਹਾਂ ਦੇ ਸਾਰੇ ਹੀ ਸੰਗ੍ਰਹਿਆਂ ਦੇ ਕਈ-ਕਈ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ।

ਉਨ੍ਹਾਂ 1999 ਵਿੱਚ ਪੁਸਤਕ 'ਲਫਜ਼ਾਂ ਦੀ ਦਰਗਾਹ' ਸੰਪਾਦਿਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬੀ ਦੀਆਂ ਪ੍ਰਤੀਨਿਧ ਗ਼ਜ਼ਲਾਂ ਦੀ ਪੁਸਤਕ 'ਕੇਸਰ ਦੇ

ਛਿੱਟੇ' (2003) ਅਤੇ ਸਮਾਜਿਕ ਰਿਸ਼ਤਿਆਂ ਬਾਰੇ ਕਾਵਿ ਸੰਗ੍ਰਹਿ 'ਰਿਸ਼ਤਿਆਂ ਦੀ ਰੰਗੋਲੀ' (2014) ਸੰਪਾਦਿਤ ਕੀਤੀਆਂ। ਅਨੁਵਾਦ ਦੇ ਖੇਤਰ ਵਿੱਚ ਉਨ੍ਹਾਂ ਨੇ ਹਿੰਦੀ ਦੇ ਪ੍ਰਸਿੱਧ ਸਾਹਿਤਕਾਰ ਧਰਮਵੀਰ ਭਾਰਤੀ ਦੀ ਕਾਵਿ ਪੁਸਤਕ ਕਨੂਪ੍ਰਿਆ (2018) ਅਤੇ ਨਾਟਕ ਅੰਧਾ ਯੁੱਗ (2023) ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੇ ਹਨ। ਉਨ੍ਹਾਂ ਹਿਮਾਚਲ ਪ੍ਰਦੇਸ਼ ਦੀਆਂ ਲੋਕ ਕਥਾਵਾਂ (2022) ਵੀ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ।

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਦਿਲ ਦੀਆਂ ਗਹਿਰਾਈਆਂ ਤੋਂ ਕਸ਼ੀਦੀ ਸਿਰਜਣਾ ਹੈ। ਸੁਖਵਿੰਦਰ ਅੰਮ੍ਰਿਤ ਆਪਣੀ ਕਵਿਤਾ ਵਿੱਚ ਨਾਰੀ ਦੁਖਾਂਤ ਨੂੰ ਬਾਖ਼ੂਬੀ ਉਲੀਕਦੀ ਹੈ। ਉਹ ਨਾਰੀ ਅੰਤਰਮਨ ਤੋਂ ਪੂਰੀ ਤਰ੍ਹਾਂ ਵਾਕਫ਼ ਹੈ ਅਤੇ ਨਾਰੀ ਵੇਦਨਾ-ਸੰਵੇਦਨਾ ਨੂੰ ਆਪਣੀ ਕਵਿਤਾ ਵਿੱਚ ਸਿਰਜਦੀ ਹੈ। ਉਹ ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਪ੍ਰਤੀ ਹੋ ਰਹੀਆਂ ਵਧੀਕੀਆਂ ਤੋਂ ਚਿੰਤਿਤ ਹੈ। ਉਹ ਪੈਰ-ਪੈਰ ਤੇ ਔਰਤਾਂ ਨਾਲ ਹੁੰਦੀ ਨਾ-ਬਰਾਬਰੀ ਬਾਰੇ ਵੀ ਆਪਣੀ ਕਵਿਤਾ ਵਿੱਚ ਜ਼ਿਕਰ ਕਰਦੀ ਹੈ। ਉਹ ਖੁਦ ਲਿਖਦੀ ਹੈ, "ਪੱਤਝੜ ਵਿੱਚ ਪੁੰਗਰਦੇ ਪੱਤੇ ਦੀਆਂ ਗ਼ਜ਼ਲਾਂ ਦਾ ਪ੍ਰਮੁੱਖ ਵਿਸ਼ਾ ਪੁਰਖ ਪ੍ਰਧਾਨ ਸਮਾਜ ਵਿੱਚ ਇਸਤਰੀ ਦੀ ਸਥਿਤੀ ਨਾਲ ਸਬੰਧਿਤ ਹੈ। ਇਹ ਸਥਿਤੀ ਕਾਫ਼ੀ ਅਸੰਤੋਸ਼ਜਨਕ ਹੈ, ਪਰ ਮੈਂ ਆਪਣੀਆਂ ਗ਼ਜ਼ਲਾਂ ਵਿੱਚ ਪੁਰਸ਼ ਨੂੰ ਦੋਸ਼ੀ ਨਹੀਂ ਠਹਿਰਾਉਂਦੀ। ਮੈਨੂੰ ਤਾਂ ਉਸ ਸਮਾਜ ਸੱਭਿਆਚਾਰ ਅਤੇ ਇਤਿਹਾਸ ਨਾਲ਼ ਗਿਲਾ ਹੈ, ਜਿਸ ਨੇ ਪੁਰਸ਼ ਦੀ ਅਜਿਹੀ ਮਾਨਸਿਕਤਾ ਸਿਰਜੀ ਹੈ। ਇਸ ਲਈ ਇਨ੍ਹਾਂ ਗ਼ਜ਼ਲਾਂ ਵਿੱਚ ਜੇ ਕਿਤੇ ਰੋਸ ਜਾਂ ਵਿਦਰੋਹ ਹੈ ਜਿਸ ਦਾ ਸ਼ਿਕਾਰ ਸਿਰਫ ਨਾਰੀ ਹੀ ਨਹੀਂ, ਪੁਰਸ਼ ਵੀ ਹੈ। ਪੁਰਖ ਤੇ ਨਾਰੀ ਵਿਚਕਾਰ ਵਿਰੋਧ ਦਾ ਰਿਸ਼ਤਾ ਪੈਦਾ ਕਰਕੇ ਕਈ ਅਨਿਆਂ-ਪੂਰਨ ਰਾਜ ਪ੍ਰਬੰਧ ਸਹੀ ਮਸਲਿਆਂ ਤੋਂ ਧਿਆਨ ਪਰ੍ਹੇ ਕਰਨਾ ਚਾਹੁੰਦੇ ਹਨ।" (ਪੱਤਝੜ ਵਿੱਚ ਪੁੰਗਰਦੇ ਪੱਤੇ/ਪੰਨਾ9)

ਸੁਖਵਿੰਦਰ ਅੰਮ੍ਰਿਤ ਔਰਤ ਦੀ ਹੋਂਦ ਦੇ ਮਸਲੇ ਨੂੰ ਦ੍ਰਿੜਤਾ ਨਾਲ ਬਣਾਈ ਰੱਖਦੀ ਹੈ। ਉਸ ਦੀ ਕਵਿਤਾ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਵੱਲ ਸਫਰ ਤੈਅ ਕਰਦੀ ਹੈ। ਉਸ ਦੀ ਨਿਜ ਵੇਦਨਾ ਲੋਕ ਵੇਦਨਾ ਬਣਦੀ ਹੈ। ਸੁਖਵਿੰਦਰ ਅੰਮ੍ਰਿਤ ਨੇ ਨਾਰੀ-ਅਨੁਭਵ ਅਤੇ ਪਿਆਰ ਕਵਿਤਾ ਤੋਂ ਇਲਾਵਾ ਹੋਰ ਸਮਕਾਲੀ ਸਰੋਕਾਰਾਂ ਨੂੰ ਵੀ ਆਪਣੀ ਕਵਿਤਾ ਵਿੱਚ ਬਾਖ਼ੂਬੀ ਨਿਭਾਇਆ ਹੈ। ਸੁਖਵਿੰਦਰ ਅੰਮ੍ਰਿਤ ਨੇ ਗੀਤ ਸੰਗ੍ਰਹਿ 'ਨੀਲਿਆ ਮੋਰਾ ਵੇ' ਵਿਚ 'ਮੇਰਾ ਕਿੱਥੇ ਗਿਆ ਪੰਜਾਬ' ਗੀਤ ਰਾਹੀਂ ਪੰਜਾਬ

ਦੀ ਜਵਾਨੀ ਕਿਸਾਨੀ ਨੂੰ ਦਰਪੇਸ਼ ਮਸਲਿਆਂ ਸਮੇਤ ਪੰਜਾਬ ਵਿਚੋਂ ਨਿੱਤ ਹੋ ਰਹੇ ਪਰਵਾਸ ਤੇ ਹੋ ਰਹੀ ਕੂੜ ਦੀ ਪ੍ਰਧਾਨਤਾ ਸਮੇਤ ਕਈ ਸੰਕਟਾਂ ਦਾ ਜ਼ਿਕਰ ਕੀਤਾ ਹੈ। ਪਰਵਾਸ ਦੇ ਦਰਦ ਨੂੰ ਅੰਮ੍ਰਿਤ ਬੜੀ ਸ਼ਿੱਦਤ ਨਾਲ ਇਸ ਤਰ੍ਹਾਂ ਬਿਆਨਦੀ ਹੈ:

ਮਾਂ ਰੋਟੀ ਤੋਂ ਮੁਨਕਰ ਹੋਈ
ਰੁੱਖ ਛਾਵਾਂ ਤੋਂ ਨਾਬਰ ਹੋ ਗਏ
ਛੱਡ ਆਲਣੇ ਉੱਡ ਗਏ ਪੰਛੀ
ਸ਼ਿੰਦੇ ਪੁੱਤ ਮੁਸਾਫਰ ਹੋ ਗਏ। (ਪੰਨਾ60)

ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਬਹੁਤ ਸਾਰੇ ਸਮਾਜਿਕ ਸਰੋਕਾਰਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦੀ ਹੈ। ਉਹ ਚਿੜੀਆਂ ਕਾਵਿ ਸੰਗ੍ਰਹਿ ਦੀ ਸਤਲੁਜ-2 ਕਵਿਤਾ ਵਿੱਚ ਸਤਲੁਜ ਨਾਲ ਪੁਰਖਿਆਂ ਦੇ ਪੁਰਾਣੇ ਰਿਸ਼ਤੇ ਦੀ ਗੱਲ ਕਰਦੀ ਹੈ। ਕਿਵੇਂ ਅਸੀਂ ਇਸ ਨੂੰ ਦੂਸ਼ਿਤ ਕੀਤਾ ਹੈ। ਉਹ ਸਤਲੁਜ ਤੋਂ ਹੀ ਪਾਵਨ ਪਾਣੀ ਬਚਾਉਣ ਲਈ ਅਸੀਸ ਮੰਗਦੀ ਹੈ। ਇਸੇ ਤਰ੍ਹਾਂ ਇਸੇ ਸੰਗ੍ਰਹਿ ਦੀ ਕਵਿਤਾ 'ਆਮ ਆਦਮੀ' ਵਿੱਚ ਉਹ ਲਿਖਦੀ ਹੈ, "ਕਿ ਜਦੋਂ ਆਮ ਆਦਮੀ ਜਾਗ ਜਾਂਦਾ ਹੈ ਖ਼ਾਸ ਲੋਕਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ।" ਕਾਸ਼! ਆਮ ਆਦਮੀ ਜਾਗੇ।

ਸੁਖਵਿੰਦਰ ਅੰਮ੍ਰਿਤ ਸਦਾ ਪੰਜਾਬੀ ਜ਼ੁਬਾਨ ਦੀ ਚੜ੍ਹਦੀ ਕਲਾ ਲੋਚਦੀ ਹੈ। ਉਸ ਨੇ ਬਹੁਤ ਸਾਰੀਆਂ ਕਵਿਤਾਵਾਂ ਮਾਂ ਬੋਲੀ ਬਾਰੇ ਲਿਖੀਆਂ ਹਨ। ਉਹ ਲਿਖਦੇ ਹਨ:

ਹਰ ਇੱਕ ਦਿਸ਼ਾ 'ਚ ਹੋਵੇ ਤੇਰਾ ਹੀ ਬੋਲ ਬਾਲਾ
ਹੇ ਮੇਰੀ ਮਾਤ ਬੋਲੀ, ਹੇ ਅਖੰਡ ਦੀਪ ਮਾਲਾ। (ਹੇ ਮੇਰੀ ਮਾਤ ਬੋਲੀ)

ਆਓ ਸੁਖਵਿੰਦਰ ਅੰਮ੍ਰਿਤ ਦੀਆਂ ਗ਼ਜ਼ਲਾਂ ਦੇ ਕੁਝ ਸ਼ਿਅਰਾਂ ਦਾ ਆਨੰਦ ਮਾਣੀਏ

* ਭੰਵਰਿਆਂ ਦੀ ਹਰ ਇੱਕ ਬੈਠਕ ਇਹੋ ਮੁੱਦਾ ਉਠਾਉਂਦੀ ਹੈ
ਉਨ੍ਹਾਂ ਦੇ ਹੁੰਦਿਆਂ ਤਿਤਲੀਆਂ ਦੇ ਸਿਰ ਤੇ ਤਾਜ ਕਿਉਂ ਹੋਵੇ

* ਪਤਾ ਹੈ ਓਸ ਨੂੰ ਮੈਂ ਪੌਣ ਹਾਂ ਮਛਲੀ ਨਹੀਂ ਕੋਈ
ਨ ਜਾਣੇ ਕਿਉਂ ਮੇਰੇ ਦੁਆਲੇ ਉਹ ਬੁਣਦਾ ਜਾਲ਼ ਰਹਿੰਦਾ ਹੈ

* ਮਹਿਕ ਬਣ ਕੇ ਪੌਣ ਦੇ ਵਿੱਚ ਘੁਲਣ ਦੀ ਹੈ ਲਾਲਸਾ
ਮੈਂ ਨਹੀਂ ਚਾਹੁੰਦੀ ਕਿ ਮੈਨੂੰ ਫੁੱਲ ਦਾ ਰੁਤਬਾ ਮਿਲੇ

*    ਹਨੇਰੇ ਦੀ ਹਕੂਮਤ ਸੀ ਤੇ ਦਿੱਲੀ ਦਾ ਚੌਰਾਹਾ ਸੀ
ਉਨ੍ਹੇ ਸਿਰ ਵਾਰ ਕੇ ਅਪਣਾ ਸਦੀਵੀ ਲੋਅ ਜਗਾ ਦਿੱਤੀ

*    ਨ ਲੋਰੀ ਮੁੱਲ ਮੰਗਦੀ ਹੈ ਨ ਮਮਤਾ ਕਰਜ਼ ਹੁੰਦੀ ਹੈ
ਸਮਝ ਜਾਏਂਗੀ ਧੀਏ ਜਦ ਬਣੇਂਗੀ ਖੁਦ ਮਾਂ ਇਕ ਦਿਨ

*    ਲਗਰ ਟਹਿਕੇ, ਕਲੀ ਮਹਿਕੇ, ਚਿੜੀ ਚਹਿਕੇ ਕਿਵੇਂ ਕੋਈ
ਕਿ ਸਿਵਿਆਂ ਤੋਂ ਤੁਰੀ ਕੁੱਖਾਂ ਦੇ ਤੀਕਰ ਆ ਗਈ ਅਗਨੀ

*    ਪਰਿੰਦੇ ਜਜ਼ਬਿਆਂ ਦੇ ਜਦ ਉਡਾਰੀ ਭਰਨ ਲੱਗਦੇ ਨੇ
ਇਹ ਪਿੰਜਰੇ ਪਿਘਲ ਜਾਂਦੇ ਨੇ ਸ਼ਿਕਾਰੀ ਡਰਨ ਲੱਗਦੇ ਨੇ

*    ਤੁਸੀਂ ਸਭ ਫੁੱਲ ਚੁੱਕ ਲੈਣੇ ਅਸੀਂ ਅੰਗਿਆਰ ਚੁੱਕਾਂਗੇ
ਕਿ ਆਪਾਂ ਮਿਲ ਮਿਲਾ ਕੇ ਜ਼ਿੰਦਗੀ ਦਾ ਭਾਰ ਚੁੱਕਾਂਗੇ

ਸੁਖਵਿੰਦਰ ਅੰਮ੍ਰਿਤ ਦੀਆਂ ਕਈ ਪੁਸਤਕਾਂ ਅਤੇ ਕਵਿਤਾਵਾਂ ਕਈ ਭਾਰਤੀ ਯੂਨੀਵਰਸਿਟੀਆਂ ਅਤੇ ਸਕੂਲ ਸਿੱਖਿਆ ਬੋਰਡਾਂ ਦੇ ਸਿਲੇਬਸ ਦਾ ਹਿੱਸਾ ਹਨ। ਉਨ੍ਹਾਂ ਦੀ ਕਵਿਤਾ ਬਾਰੇ ਪੁਸਤਕ 'ਸੁਖਵਿੰਦਰ ਅੰਮ੍ਰਿਤ ਦੀ ਕਾਵਿ ਚੇਤਨਾ' ਗੁਰਭੇਜ ਸਿੰਘ ਗੁਰਾਇਆ ਦੀ ਸੰਪਾਦਨਾ ਹੇਠ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪ੍ਰਸਿੱਧ ਵਿਦਵਾਨਾਂ ਡਾ. ਜੋਗਿੰਦਰ ਸਿੰਘ ਕੈਰੋਂ ਅਤੇ ਡਾ. ਰਵਿੰਦਰ ਜੀ ਦੀ ਸੰਪਾਦਨਾ ਹੇਠ 'ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਦੇ ਪ੍ਰਮੁੱਖ ਸਰੋਕਾਰ' ਪੁਸਤਕ ਪ੍ਰਕਾਸ਼ਿਤ ਕੀਤੀ ਗਈ ਹੈ। ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਉੱਪਰ ਐਮ.ਫਿਲ ਕਰਨ ਵਾਲੇ ਦਰਜਨ ਦੇ ਕਰੀਬ ਵਿਦਿਆਰਥੀਆਂ ਵੱਲੋਂ ਖੋਜ ਨਿਬੰਧ ਲਿਖੇ ਗਏ ਹਨ ਅਤੇ ਕੁਝ ਹੋਰ ਵਿਦਿਆਰਥੀਆਂ ਨੇ ਉਨ੍ਹਾਂ ਦੀ ਕਵਿਤਾ ਉੱਪਰ (ਹੋਰ ਕਵੀਆਂ ਨਾਲ ਸਾਂਝੇ ਰੂਪ ਵਿੱਚ) ਪੀ.ਐਚ.ਡੀ.ਵੀ ਕੀਤੀ ਹੈ। ਸੁਖਵਿੰਦਰ ਅੰਮ੍ਰਿਤ ਬਾਰੇ ਦੂਰਦਰਸ਼ਨ ਕੇਂਦਰ ਜਲੰਧਰ ਵੱਲੋਂ ਇੱਕ ਦਸਤਾਵੇਜੀ ਫਿਲਮ ਵੀ ਬਣਾਈ ਗਈ ਸੀ।

ਸੁਖਵਿੰਦਰ ਅੰਮ੍ਰਿਤ ਨੂੰ ਦੇਸ਼ ਵਿਦੇਸ਼ ਵਿੱਚ ਬਹੁਤ ਸਾਰੇ ਮਾਨ-ਸਨਮਾਨ, ਪੁਰਸਕਾਰ ਮਿਲੇ ਹਨ ਜਿਨ੍ਹਾਂ ਵਿੱਚੋਂ ਕੁਝ ਕੁ ਸਨਮਾਨਾਂ ਦਾ ਜ਼ਿਕਰ ਇਸ ਪ੍ਰਕਾਰ ਹੈ:

ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ 2007 ਭਾਸ਼ਾ ਵਿਭਾਗ ਪੰਜਾਬ, ਗੁਰਮੁਖ ਸਿੰਘ ਮੁਸਾਫ਼ਿਰ ਪੁਰਸਕਾਰ 2007 ਭਾਸ਼ਾ ਵਿਭਾਗ ਪੰਜਾਬ, ਕਰਤਾਰ ਸਿੰਘ ਧਾਲੀਵਾਲ ਪੁਰਸਕਾਰ 2007 ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਬਾਵਾ ਬਲਵੰਤ ਪੁਰਸਕਾਰ 1999 ਪੰਜਾਬੀ ਸਾਹਿਤ ਟਰੱਸਟ ਢੁੱਡੀਕੇ, ਮਾਤਰੁ ਪਿਤਰੁ ਪੁਰਸਕਾਰ 2002 ਵੱਲੋਂ ਗਾਡਗਿਲ ਸਿਸਟਰਜ ਮਹਾਰਾਸ਼ਟਰ, ਅੰਮ੍ਰਿਤਾ ਪ੍ਰੀਤਮ ਪੁਰਸਕਾਰ 2006 ਪ੍ਰੋਫ਼ੈਸਰ ਮੋਹਨ ਸਿੰਘ ਫਾਊਂਡੇਸ਼ਨ ਲੁਧਿਆਣਾ। ਸੁਖਵਿੰਦਰ ਅੰਮ੍ਰਿਤ ਨੂੰ ਮਿਲਣ ਵਾਲੇ ਇਨਾਮਾਂ ਸਨਮਾਨਾਂ ਦਾ ਸਿਲਸਿਲਾ ਬਦਸਤੂਰ ਜਾਰੀ ਹੈ। ਸੁਖਵਿੰਦਰ ਅੰਮ੍ਰਿਤ ਆਪਣੇ ਪਾਠਕਾਂ ਤੋਂ ਮਿਲੇ ਪਿਆਰ ਨੂੰ ਸਭ ਤੋਂ ਵੱਡਾ ਸਨਮਾਨ ਮੰਨਦੀ ਹੈ। ਮੁਲਾਕਾਤ ਦੌਰਾਨ ਉਨ੍ਹਾਂ ਦੱਸਿਆ ਕਿ, "ਰੋਜ਼ਾਨਾ ਹੀ ਦੇਸ਼ ਵਿਦੇਸ਼ ਤੋਂ ਅਣਗਿਣਤ ਪਾਠਕਾਂ ਦੇ ਮੇਰੀ ਕਵਿਤਾ ਸਬੰਧੀ ਮੋਹ ਭਿੱਜੇ ਬੋਲ ਸੁਣਨ ਨੂੰ ਮਿਲਦੇ ਹਨ, ਜੋ ਮੇਰੇ ਮਨ ਨੂੰ ਸਕੂਨ ਦਿੰਦੇ ਹਨ ਅਤੇ ਮੇਰੇ ਲਈ ਸਭ ਤੋਂ ਵੱਡਾ ਮਾਨ-ਸਨਮਾਨ ਤਾਂ ਮੇਰੇ ਪਾਠਕ ਨੇ, ਜਿਨ੍ਹਾਂ ਨੇ ਮੇਰੀ ਕਵਿਤਾ ਨੂੰ ਇੰਨੀ ਸ਼ਿਦਤ ਨਾਲ ਪੜ੍ਹਿਆ ਅਤੇ ਪ੍ਰਵਾਨ ਕੀਤਾ ਹੈ। ਮੇਰੇ ਪਾਠਕਾਂ ਵਿੱਚ ਨੌਜਵਾਨ ਮੁੰਡੇ-ਕੁੜੀਆਂ, ਮਰਦ-ਔਰਤਾਂ, ਬਜ਼ੁਰਗ ਗੱਲ ਕੀ ਹਰ ਵਰਗ ਦੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹਨ। ਸਾਰਿਆਂ ਤੋਂ ਹੀ ਮੈਨੂੰ ਨਵੀਂ ਊਰਜਾ ਅਤੇ ਹੌਸਲਾ ਅਫ਼ਜ਼ਾਈ ਮਿਲਦੀ ਰਹਿੰਦੀ ਹੈ।"

ਸੁਖਵਿੰਦਰ ਅੰਮ੍ਰਿਤ ਨੇ ਆਲ ਇੰਡੀਆ ਰੇਡੀਓ ਵੱਲੋਂ ਆਯੋਜਿਤ ਸਰਵ ਭਾਸ਼ਾ ਕਵੀ ਸੰਮੇਲਨ 2007 ਵਿੱਚ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕੀਤੀ ਅਤੇ 2013 ਵਿੱਚ ਆਗਰਾ ਵਿਖੇ ਸਾਰਕ ਸਾਹਿਤ ਸਮਾਰੋਹ ਵਿੱਚ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕੀਤੀ ਹੈ। ਉਨ੍ਹਾਂ ਕਵਾਂਟਲੇਨ ਯੂਨੀਵਰਸਿਟੀ, ਸਰੀ ਕੈਨੇਡਾ ਵੱਲੋਂ ਆਯੋਜਿਤ ਮਹਿਲਾ ਕਾਨਫਰੰਸ ਵਿਚ ਅਤੇ ਆਲਮੀ ਪੰਜਾਬੀ ਕਾਨਫਰੰਸ ਲਾਹੌਰ ਪਾਕਿਸਤਾਨ ਵਿੱਚ ਕਵੀ ਵਜੋਂ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਨੇ ਕਾਵਿ ਪਾਠ ਲਈ ਬਰਤਾਨੀਆ, ਯੂ.ਐਸ.ਏ. ਆਸਟਰੇਲੀਆ ਅਤੇ ਨਿਊਜ਼ੀਲੈਂਡ ਦੀ ਯਾਤਰਾ ਕੀਤੀ। ਉਨ੍ਹਾਂ ਭਾਰਤੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਅਕਾਦਮੀ, ਦੂਰਦਰਸ਼ਨ, ਆਕਾਸ਼ਵਾਣੀ ਅਤੇ ਪੰਜਾਬ ਆਰਟਸ ਕੌਂਸਲ ਵੱਲੋਂ ਆਯੋਜਿਤ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਆਯੋਜਿਤ ਕਾਵਿ-ਗੋਸ਼ਟੀਆਂ ਵਿੱਚ ਸ਼ਮੂਲੀਅਤ ਕੀਤੀ ਹੈ।

ਕਿਸਾਨੀ ਅੰਦੋਲਨ ਦੌਰਾਨ ਸੁਖਵਿੰਦਰ ਅੰਮ੍ਰਿਤ ਦਾ ਲਿਖਿਆ ਅਤੇ ਵਾਰਿਸ ਭਰਾਵਾਂ ਦੀ ਆਵਾਜ਼ ਵਿੱਚ ਰਿਕਾਰਡ ਗੀਤ 'ਕਲੇਜੇ ਤੀਰ ਵੇਖਣ ਨੂੰ ਤੇ ਸਿਰ 'ਤੇ ਤਾਜ

ਵੇਖਣ ਨੂੰ' ਬਹੁਤ ਮਕਬੂਲ ਹੋਇਆ ਰਿਹਾ ਹੈ। ਪਿੱਛੇ ਜਿਹੇ ਪੰਜਾਬੀ ਦੇ ਬਹੁ-ਚਰਚਿਤ ਨੌਜਵਾਨ ਗਾਇਕ ਅਰਜਨ ਢਿੱਲੋਂ ਨੇ ਪੰਜਾਬੀ ਦੇ ਉੱਚ ਕੋਟੀ ਦੇ ਸੱਤ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਚੋਣ ਕਰਕੇ ਆਪਣੀ ਨਵੀਂ ਐਲਬਮ 'ਸਿਖ਼ਰ' ਵਿਚ ਪੇਸ਼ ਕੀਤਾ ਹੈ, ਜਿਨ੍ਹਾਂ ਵਿੱਚ ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਤਜੱਮੁਲ ਕਲੀਮ, ਸੁਖਵਿੰਦਰ ਅੰਮ੍ਰਿਤ, ਡਾ. ਜਗਤਾਰ, ਦੀਪਕ ਜੈਤੋਈ ਅਤੇ ਸੰਤ ਰਾਮ ਉਦਾਸੀ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਹਨ। ਇਸ ਐਲਬਮ ਵਿੱਚ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ,

'ਇਉਂ ਨਾ ਤੂੰ ਫੇਰ ਅੱਖੀਆਂ
ਇਉਂ ਨਾ ਨਕਾਰ ਮੈਨੂੰ
ਕਵਿਤਾ ਜ਼ਰਾ ਮੈਂ ਮੁਸ਼ਕਿਲ
ਫਿਰ ਤੋਂ ਵਿਚਾਰ ਮੈਨੂੰ'

ਨੂੰ ਸ਼ਾਮਿਲ ਕੀਤਾ ਹੈ। ਇਸ ਕਵਿਤਾ ਨੂੰ ਦਰਸ਼ਕਾਂ ਵੱਲੋਂ ਬਹੁਤ ਪਿਆਰ ਦਿੱਤਾ ਜਾ ਰਿਹਾ ਹੈ।

ਸੁਖਵਿੰਦਰ ਅੰਮ੍ਰਿਤ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਸੁਖ਼ਨਵਰੀ' ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਜੋ ਮਾਰਚ 2026 ਵਿੱਚ ਪੰਜਾਬੀ ਸਾਹਿਤ ਦੇ ਖਜ਼ਾਨੇ ਵਿੱਚ ਸ਼ਾਮਿਲ ਹੋ ਰਿਹਾ ਹੈ।

ਸੁਖਵਿੰਦਰ ਅੰਮ੍ਰਿਤ ਪੰਜਾਬ ਦੀ ਮਾਣਮੱਤੀ ਸ਼ਾਇਰਾ ਹੈ। ਕਵਿਤਾ ਉਸ ਲਈ ਇਬਾਦਤ ਹੈ। ਸੁਖਵਿੰਦਰ ਅੰਮ੍ਰਿਤ ਜੀ ਦੀ ਸ਼ਾਇਰੀ ਵਿੱਚ ਉਨ੍ਹਾਂ ਦਾ ਜੀਵਨ ਸੰਘਰਸ਼ ਅਤੇ ਜੀਵਨ ਅਨੁਭਵ ਸਮਾਇਆ ਹੋਇਆ ਹੈ। ਉਸਦਾ ਮੁਕੰਮਲ ਆਪਾ ਉਸ ਦੀ ਸ਼ਾਇਰੀ ਵਿੱਚ ਸ਼ਾਮਿਲ ਹੈ। ਸੁਖਵਿੰਦਰ ਦੀ ਸ਼ਾਇਰੀ ਵਿੱਚ ਕੁਦਰਤੀ ਰਵਾਨੀ, ਸੋਹਜ,ਸਲੀਕਾ, ਲੋਕਧਾਰਾ ਅਤੇ ਵਿਸ਼ਾਲ ਸ਼ਬਦ ਭੰਡਾਰ ਉੱਪਰ ਉਨ੍ਹਾਂ ਦੀ ਪਕੜ ਕਵਿਤਾ ਦੀ ਜਿੰਦ ਜਾਨ ਹੈ। ਉਨ੍ਹਾਂ ਦੀ ਕਵਿਤਾ ਬਾਰੇ ਪਦਮ ਸ੍ਰੀ ਸੁਰਜੀਤ ਪਾਤਰ ਜੀ ਦੇ ਅਨੁਸਾਰ, "ਸੁਖਵਿੰਦਰ ਅੰਮ੍ਰਿਤ ਨੇ ਥੋੜ੍ਹੇ ਜਿਹੇ ਸਾਲਾਂ ਵਿੱਚ ਹੀ ਨਜ਼ਮ ਅਤੇ ਗ਼ਜ਼ਲ ਦੇ ਖੇਤਰ ਵਿੱਚ ਮਹੱਤਵਪੂਰਨ ਸਥਾਨ ਹਾਸਿਲ ਕੀਤਾ ਹੈ।ਉਸ ਦੀਆਂ ਨਜ਼ਮਾਂ ਅਤੇ ਗ਼ਜ਼ਲਾਂ ਨਾਰੀ ਦੀ ਹਸਤੀ ਦਾ ਸ਼ਿੱਦਤ ਭਰਿਆ ਇਜ਼ਹਾਰ ਹਨ। ਉਨ੍ਹਾਂ ਵਿੱਚ ਨਾਰੀ ਦਾ ਸੰਤਾਪ ਵੀ ਹੈ, ਉਸਦਾ ਰੋਹ,ਉਸਦੀ ਸ਼ਕਤੀ, ਉਸਦਾ ਹੁਸਨ ਅਤੇ ਅਜ਼ਮਤ ਵੀ। ਉਸ ਦੀ ਕਵਿਤਾ ਵਿੱਚ ਭਵਿੱਖ ਦੀ ਨਾਰੀ ਦੇ ਨੈਣ-ਨਕਸ਼ ਵੀ ਉਜਾਗਰ ਹੁੰਦੇ ਹਨ।

ਨਾਰੀ-ਅਨੁਭਵ ਅਤੇ ਨਾਰੀ-ਚੇਤਨਾ ਤੋਂ ਇਲਾਵਾ ਉਸ ਦੀ ਸ਼ਾਇਰੀ ਵਿੱਚ ਸਮੁੱਚੀ ਮਾਨਵਤਾ ਅਤੇ ਕਾਇਨਾਤ ਦੇ ਰੰਗ ਵੀ ਰੂਪਮਾਨ ਹੁੰਦੇ ਹਨ।" ਆਧੁਨਿਕ ਪੰਜਾਬੀ ਕਵਿਤਾ ਦਾ ਜ਼ਿਕਰ ਸੁਖਵਿੰਦਰ ਅੰਮ੍ਰਿਤ ਦੇ ਜ਼ਿਕਰ ਤੋਂ ਬਿਨਾਂ ਅਧੂਰਾ ਰਹੇਗਾ। ਅਸੀਂ ਕਾਮਨਾ ਕਰਦੇ ਹਾਂ ਕਿ ਪੰਜਾਬੀ ਦੀ ਮਾਣਮੱਤੀ ਸ਼ਾਇਰਾ ਨੂੰ ਮਾਲਕ ਲੰਬੀ ਉਮਰ ਅਤੇ ਸਿਹਤਯਾਬ ਜ਼ਿੰਦਗੀ ਬਖਸ਼ੇ ਅਤੇ ਉਹ ਪੰਜਾਬੀ ਦੇ ਸਾਹਿਤਕ ਖਜ਼ਾਨੇ ਨੂੰ ਭਰਪੂਰ ਕਰਦੀ ਰਹੇ।

ਆਮੀਨ !

ਮੋਬਾਇਲ : 98557-44773

# ਡਾ. ਸੁਰਜੀਤ ਚੰਦਰ



ਡਾ. ਸੁਰਜੀਤ ਚੰਦਰ ਬਹੁਵਿਧਾਵੀ ਲੇਖਕ ਹੈ। ਉਹ ਕਹਾਣੀਕਾਰ, ਇਤਿਹਾਸਕਾਰ, ਜੀਵਨੀਕਾਰ, ਬਾਲ ਸਾਹਿਤਕਾਰ ਅਤੇ ਕਵੀ ਹੈ। ਇਸ ਤੋਂ ਇਲਾਵਾ ਉਹ ਸਮਾਜ ਸੁਧਾਰਕ ਵੀ ਹੈ। ਡਾ. ਸੁਰਜੀਤ ਚੰਦਰ ਦਾ ਜਨਮ 15 ਜੂਨ, 1945 ਈਸਵੀ ਨੂੰ ਮਾਸਟਰ ਮੁਨਸ਼ੀ ਰਾਮ ਦੇ ਘਰ ਮਾਤਾ ਭਾਗਵੰਤੀ ਦੀ ਕੁੱਖੋਂ ਚੁੱਘਾ ਖੁਰਦ, ਤਹਿਸੀਲ ਧਰਮਕੋਟ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿਖੇ ਹੋਇਆ। ਉਨ੍ਹਾਂ ਚੌਥੀ ਜਮਾਤ ਤੱਕ ਪੜ੍ਹਾਈ ਪ੍ਰਾਇਮਰੀ ਸਕੂਲ ਚੁੱਘਾ ਕਲਾਂ ਤੋਂ ਕੀਤੀ ਅਤੇ ਫਿਰ ਅਰਜਨ ਦਾਸ ਹਾਈ ਸਕੂਲ ਧਰਮਕੋਟ ਵਿੱਚ ਦਾਖਲਾ ਲੈ ਲਿਆ, ਜਿੱਥੋਂ ਉਨ੍ਹਾਂ 1961 ਵਿੱਚ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦੇ ਪਿਤਾ ਜੀ ਅਧਿਆਪਕ ਹੋਣ ਕਰਕੇ ਘਰ ਦਾ ਮਾਹੌਲ ਪੜ੍ਹਾਈ ਵਾਲਾ ਅਤੇ ਸਾਹਿਤਕ ਸੀ। ਉਨ੍ਹਾਂ ਨੇ ਛੇਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਉੱਘੇ ਸਾਹਿਤਕਾਰ, ਸਾਹਿਤ ਦੇ ਇਤਿਹਾਸਕਾਰ ਬਾਵਾ ਬੁੱਧ ਸਿੰਘ ਦੀਆਂ ਹੰਸ ਚੋਗ, ਬੰਬੀਹਾ ਬੋਲ ਅਤੇ ਕੋਇਲ ਕੂ ਕਿਤਾਬਾਂ ਪੜ੍ਹੀਆਂ ਤਾਂ ਉਨ੍ਹਾਂ ਦੀ ਖਿੱਚ ਸਾਹਿਤ ਵੱਲ ਹੋ ਗਈ। ਫਿਰ ਉਨ੍ਹਾਂ ਘਰ ਦੀ ਲਾਇਬਰੇਰੀ ਵਿੱਚ ਆਉਂਦੀਆਂ ਹੋਰ ਲੇਖਕਾਂ ਦੀਆਂ ਕਈ ਕਿਤਾਬਾਂ ਵੀ ਪੜ੍ਹੀਆਂ ਅਤੇ ਘਰ ਵਿੱਚ ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਆਉਂਦਾ ਮੈਗਜ਼ੀਨ ਪ੍ਰੀਤ ਲੜੀ ਹਰ ਮਹੀਨੇ ਪੜ੍ਹਨਾ ਸ਼ੁਰੂ ਕਰ ਦਿੱਤਾ। ਪ੍ਰੀਤ ਲੜੀ ਦਾ ਉਨ੍ਹਾਂ ਦੇ ਜੀਵਨ ਉੱਪਰ ਬਹੁਤ ਪ੍ਰਭਾਵ ਪਿਆ।

ਡਾ. ਸੁਰਜੀਤ ਚੰਦਰ ਨੇ 1963 ਵਿੱਚ ਮਿਸ਼ਨ ਸਕੂਲ ਮੋਗਾ ਤੋਂ ਜੇ.ਬੀ.ਟੀ.ਪਾਸ ਕੀਤੀ ਅਤੇ ਇਸੇ ਸਾਲ ਬਤੌਰ ਜੇ.ਬੀ.ਟੀ. ਟੀਚਰ ਉਨ੍ਹਾਂ ਦੀ ਨਿਯੁਕਤੀ ਸਰਕਾਰੀ ਪ੍ਰਾਇਮਰੀ ਸਕੂਲ ਲੋਹਾਰਾ (ਨੇੜੇ ਡੱਬਵਾਲੀ ਮੰਡੀ) ਵਿਖੇ ਹੋ ਗਈ। ਉੱਥੋਂ ਉਨ੍ਹਾਂ ਦੀ ਬਦਲੀ 1965 ਵਿੱਚ ਪ੍ਰਾਇਮਰੀ ਸਕੂਲ ਕੋਟ ਸਦਰ ਖਾਂ ਜ਼ਿਲ੍ਹਾ ਮੋਗਾ ਦੀ ਹੋ ਗਈ। ਇਸ ਸਮੇਂ ਹੀ ਉਨ੍ਹਾਂ ਦੇ ਅੰਦਰਲਾ ਸਾਹਿਤਕਾਰ ਜਾਗ ਉੱਠਿਆ। ਉਨ੍ਹਾਂ ਆਪਣਾ ਸਾਹਿਤਕ ਸਫ਼ਰ ਕਹਾਣੀ ਵਿਧਾ ਤੋਂ ਸ਼ੁਰੂ ਕੀਤਾ। 1965 ਵਿੱਚ ਉਨ੍ਹਾਂ ਦੀ ਕਹਾਣੀ 'ਬੋਝਲ ਪੰਡ' ਅਜੀਤ ਦੇ ਪਹਿਲੇ ਸਫੇ 'ਤੇ ਛਪੀ ਤਾਂ ਉਨ੍ਹਾਂ ਦਾ ਉਤਸ਼ਾਹ ਬਹੁਤ ਵਧ

ਗਿਆ। 1965-66 ਦੌਰਾਨ ਉਨ੍ਹਾਂ ਦੀਆਂ ਕਹਾਣੀਆਂ 'ਇੱਕ ਨਿਪੱਤਰਾ ਰੁੱਖ', 'ਇੱਕ ਰਿਸ਼ਤਾ ਇੱਕ ਪ੍ਰਣ' ਜਗਬਾਣੀ ਵਿੱਚ ਅਤੇ 'ਮਰਦ ਔਰਤ', 'ਇੱਕ ਬੁੱਢਾ ਪਹਾੜ' ਅਤੇ ਕਈ ਹੋਰ ਕਹਾਣੀਆਂ ਅਤੇ ਕਵਿਤਾਵਾਂ ਪੰਜਾਬੀ ਦੇ ਨਾਮਵਰ ਅਖਬਾਰਾਂ ਵਿੱਚ ਛਪੀਆਂ।

1967 ਦੇ ਇਲੈਕਸ਼ਨਾਂ ਸਮੇਂ ਹਲਕੇ ਵਿੱਚ ਸੋਹਣ ਸਿੰਘ ਬਾਸੀ ਤੇ ਲਛਮਣ ਸਿੰਘ ਗਿੱਲ ਚੋਣ ਲੜ ਰਹੇ ਸਨ। ਲਛਮਣ ਸਿੰਘ ਗਿੱਲ ਚੋਣ ਜਿੱਤ ਗਏ ਸਨ, ਪਰੰਤੂ ਗੁਰਨਾਮ ਸਿੰਘ ਜਦੋਂ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਹਾਰੇ ਉਮੀਦਵਾਰ ਸੋਹਣ ਸਿੰਘ ਬਾਸੀ ਨੂੰ ਸਿੱਖਿਆ ਮੰਤਰੀ ਪੰਜਾਬ ਬਣਾ ਦਿੱਤਾ। ਸੋਹਣ ਸਿੰਘ ਬਾਸੀ ਨੇ ਰਾਜਸੀ ਰੰਜਿਸ਼ ਅਧੀਨ ਉਨ੍ਹਾਂ ਅਧਿਆਪਕਾਂ, ਜਿਨ੍ਹਾਂ ਨੇ ਲਛਮਣ ਸਿੰਘ ਗਿੱਲ ਨੂੰ ਵੋਟ ਪਾਈ ਸੀ, ਦੀਆਂ ਬਦਲੀਆਂ ਘਰਾਂ ਤੋਂ ਦੂਰ-ਦੁਰਾਡੇ ਕਰ ਦਿੱਤੀਆਂ। ਉਸ ਸਮੇਂ ਸੁਰਜੀਤ ਚੰਦਰ ਦੀ ਬਦਲੀ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਸਦਰ ਖਾਂ ਤੋਂ ਸਰਕਾਰੀ ਪ੍ਰਾਇਮਰੀ ਸਕੂਲ ਸੁਖਚੈਨ ਨੇੜੇ ਅਬੋਹਰ ਵਿਖੇ ਕਰ ਦਿੱਤੀ ਗਈ ਸੀ। ਪਰ ਉਸ ਸਮੇਂ ਕਿਸੇ ਵੀ ਬਦਲੀ ਅਧੀਨ ਅਧਿਆਪਕ ਨੇ ਆਪਣੀ ਨਵੀਂ ਬਦਲੀ ਵਾਲੀ ਜਗ੍ਹਾ ਤੇ ਡਿਊਟੀ ਜੁਆਇਨ ਨਹੀਂ ਕੀਤੀ ਸੀ। ਡਾ. ਸੁਰਜੀਤ ਚੰਦਰ ਨੇ 1967 ਵਿੱਚ ਪ੍ਰਾਈਵੇਟ ਪ੍ਰੀਖਿਆਰਥੀ ਵਜੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗ੍ਰੈਜੂਏਸ਼ਨ ਕਰ ਲਈ ਸੀ। ਇਸ ਕਰਕੇ 1967 ਵਿੱਚ ਉਨ੍ਹਾਂ ਦੀ ਨਿਯੁਕਤੀ ਬਤੌਰ ਐਸ.ਵੀ. (ਸੀਨੀਅਰ ਵਰਨੈਕੂਲਰ ਟੀਚਰ) ਹਾਈ ਸਕੂਲ ਕੜਿਆਲ ਵਿਖੇ ਕਰ ਦਿੱਤੀ ਗਈ। ਇਸ ਸਕੂਲ ਦੇ ਅਧਿਆਪਨ ਕਾਲ ਦੌਰਾਨ ਉਨ੍ਹਾਂ 1972 ਵਿੱਚ ਐਮ.ਏ. (ਪੰਜਾਬੀ), ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 55% ਨੰਬਰ ਲੈ ਕੇ ਪਾਸ ਕੀਤੀ। ਇਸ ਤੋਂ ਪਿੱਛੋਂ ਉਨ੍ਹਾਂ ਮਹਿਕਮੇ ਵੱਲੋਂ ਛੁੱਟੀ ਲੈ ਕੇ ਰੈਗੂਲਰ ਤੌਰ 'ਤੇ ਡੀ.ਐਮ. ਕਾਲਜ ਮੋਗਾ ਤੋਂ 1973 ਵਿੱਚ ਬੀ.ਐਡ. ਕੀਤੀ। ਬਾਅਦ ਵਿੱਚ ਉਨ੍ਹਾਂ ਇਤਿਹਾਸ ਦੀ ਐਮ.ਏ. ਵੀ ਕਰ ਲਈ। 1973 ਵਿੱਚ ਧਰਮਕੋਟ ਵਿਖੇ ਅਰਜਨ ਦਾਸ ਕਾਲਜ ਦੀ ਸ਼ੁਰੂਆਤ ਹੋਈ, ਜਿੱਥੇ ਉਨ੍ਹਾਂ ਲੈਕਚਰਾਰ ਦੀ ਅਸਾਮੀ ਲਈ ਅਪਲਾਈ ਕੀਤਾ ਅਤੇ ਉਨ੍ਹਾਂ ਦੀ ਚੋਣ ਕਰ ਲਈ ਗਈ। ਕਾਲਜ ਲੈਕਚਰਾਰ ਵਜੋਂ ਚੋਣ ਹੋਣ 'ਤੇ ਉਨ੍ਹਾਂ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਤੋਂ ਐਸ.ਵੀ. ਅਧਿਆਪਕ ਦੀ ਨੌਕਰੀ ਤੋਂ ਅਸਤੀਫਾ ਦੇ ਕੇ ਅਰਜਨ ਦਾਸ ਕਾਲਜ ਵਿੱਚ ਪ੍ਰਾਅਧਿਆਪਕ (ਲੈਕਚਰਾਰ) ਦੀ ਨੌਕਰੀ ਜੁਆਇਨ ਕਰ ਲਈ। ਉਹ ਤਰੱਕੀ ਕਰਕੇ ਪਹਿਲਾਂ

ਸਹਾਇਕ ਪ੍ਰੋਫੈਸਰ, ਫਿਰ ਪ੍ਰੋਫੈਸਰ ਅਤੇ 2000 ਵਿਚ ਅਰਜਨ ਦਾਸ ਕਾਲਜ ਧਰਮਕੋਟ ਦੇ ਪ੍ਰਿੰਸੀਪਲ ਬਣੇ। ਉਹ ਇਸੇ ਕਾਲਜ ਤੋਂ 30 ਜੂਨ 2005 ਨੂੰ ਸੇਵਾ ਮੁਕਤ ਹੋਏ।

ਡਾ. ਸੁਰਜੀਤ ਚੰਦਰ ਦੀ ਸ਼ਾਦੀ 1972 ਵਿੱਚ ਸ਼੍ਰੀਮਤੀ ਸੀਤਾ ਦੇਵੀ ਹਿੰਦੀ ਅਧਿਆਪਕਾ ਨਾਲ ਹੋਈ ਤੇ ਉਨ੍ਹਾਂ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ-ਕਾਸਿਫ਼, ਪ੍ਰੀਕਸ਼ਾ ਅਤੇ ਧਰਮ ਦੀਪ। ਤਿੰਨੇ ਬੱਚੇ ਵਿਦੇਸ਼ਾਂ ਵਿੱਚ ਵੈਲ ਸੈੱਟਲਡ ਹਨ।

ਪੰਜਾਬੀ ਦੇ ਉੱਘੇ ਸਾਹਿਤਕਾਰ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰਭਾਵ ਹੇਠ ਉਨ੍ਹਾਂ 1970 ਵਿੱਚ 'ਪਿੰਡ ਸੁਧਾਰ ਸਭਾ' ਚੁੱਘਾ ਕਲਾਂ ਤੇ ਖੁਰਦ ਬਣਾਈ, ਜਿਸ ਦਾ ਮੁੱਖ ਕੇਂਦਰ ਚੁੱਘਾ ਖੁਰਦ ਸੀ। ਇਸ ਦਾ ਕਾਰਜ ਖੇਤਰ ਪਿੰਡ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਪਿੰਡ ਦੇ ਲੋਕਾਂ ਨੂੰ ਜਾਗ੍ਰਿਤ ਕਰਨਾ ਅਤੇ ਪਿੰਡ ਭਲਾਈ ਦੇ ਕੰਮ ਕਰਨਾ ਸੀ ਅਤੇ ਇਸ ਦਾ ਮੁੱਖ ਉਦੇਸ਼ ਪਿੰਡ ਦੇ ਮਹਾਨ ਯੋਧੇ ਗ਼ਦਰੀ ਸੂਰਬੀਰ ਬਾਬਾ ਨਿਧਾਨ ਸਿੰਘ ਚੁੱਘਾ ਦੇ ਗ਼ਦਰ ਲਹਿਰ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ ਸੀ।

ਲਗਭਗ ਇਸੇ ਹੀ ਸਮੇਂ ਉਨ੍ਹਾਂ ਦੇ ਯਤਨਾਂ ਨਾਲ ਪੰਜਾਬੀ ਸਾਹਿਤ ਸਭਾ ਧਰਮਕੋਟ ਬਣਾਈ ਗਈ। ਜਿਸ ਦਾ ਉਦੇਸ਼ ਧਰਮਕੋਟ ਇਲਾਕੇ ਵਿੱਚ ਸਾਹਿਤਕ ਸਰਗਰਮੀਆਂ ਨੂੰ ਪ੍ਰਫੁੱਲਤ ਕਰਨਾ ਸੀ। ਉਹ ਸ਼ੁਰੂ ਵਿੱਚ ਸਭਾ ਦੇ ਜਨਰਲ ਸਕੱਤਰ ਬਣੇ। ਉਨ੍ਹਾਂ ਨੂੰ ਡਾ. ਅਮੀ ਚੰਦ ਆਜਿਜ਼ ਦੀ ਮੌਤ ਉਪਰੰਤ ਸਭਾ ਦੇ ਪ੍ਰਧਾਨ ਬਣਾਇਆ ਗਿਆ। ਉਨ੍ਹਾਂ ਦੀ ਪ੍ਰਧਾਨਗੀ ਦੌਰਾਨ ਸਭਾ ਦੇ ਉਭਰਦੇ ਕਵੀਆਂ ਦਾ ਸਾਂਝਾ ਕਾਵਿ- ਸੰਗ੍ਰਹਿ 'ਕਲਮਾਂ ਬੋਲਦੀਆਂ' 1995 ਵਿੱਚ ਪ੍ਰਕਾਸ਼ਿਤ ਕੀਤਾ ਗਿਆ, ਜਿਸ ਦੇ ਸੰਪਾਦਕ ਡਾ. ਸੁਰਜੀਤ ਚੰਦਰ ਸਨ।

ਡਾ. ਆਤਮ ਹਮਰਾਹੀ ਦੀ ਨਿਗਰਾਨੀ ਹੇਠ ਡਾ.ਸੁਰਜੀਤ ਚੰਦਰ ਨੇ 'ਸਾਧੂ ਦਯਾ ਸਿੰਘ ਆਰਿਫ਼ ਦਾ ਕਾਵਿ ਜਗਤ' ਵਿਸ਼ੇ 'ਤੇ 1992 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਦਾ ਕਹਾਣੀ ਸੰਗ੍ਰਹਿ ਬੋਝਲ ਪੰਡ (1987) ਅਤੇ ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ (1990) ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਸਨ। ਉਨ੍ਹਾਂ ਦੀ ਪੁਸਤਕ ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ-1990 ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਉਹ ਬਾਬਾ ਨਿਧਾਨ ਸਿੰਘ ਜੀ ਦੀ

ਜੀਵਨੀ ਬਾਰੇ ਇੱਕ ਛੋਟਾ ਜਿਹਾ ਪੈਂਫਲਿਟ ਛਾਪ ਚੁੱਕੇ ਸਨ ਅਤੇ ਇਸ ਨੂੰ ਪਿੰਡ ਚੁੱਘਾ ਕਲਾਂ ਅਤੇ ਚੁੱਘਾ ਖੁਰਦ ਦੇ ਹਰ ਘਰ ਵਿੱਚ ਪਹੁੰਚਾਇਆ ਗਿਆ ਸੀ ਅਤੇ ਇਲਾਕੇ ਵਿੱਚ ਵੀ ਵੰਡਿਆ ਗਿਆ ਸੀ। ਡਾ. ਸੁਰਜੀਤ ਚੰਦਰ ਪਿੰਡ ਵਿੱਚ ਗ਼ਦਰ ਲਹਿਰ ਦੇ ਮਹਾਨ ਨੇਤਾ ਬਾਬਾ ਨਿਧਾਨ ਸਿੰਘ ਚੁੱਘਾ ਜੀ ਦੀ ਯਾਦਗਾਰ ਬਣਾਉਣ ਲਈ ਤਤਪਰ ਸਨ ਅਤੇ ਇੱਕ ਮਿਸ਼ਨ ਲੈ ਕੇ ਤੁਰੇ ਹੋਏ ਸਨ। ਉਹ ਆਪਣੇ ਮਿਸ਼ਨ ਵਿੱਚ ਸਫਲ ਹੋਏ, ਪਿੰਡ ਵਿੱਚ ਬਾਬਾ ਜੀ ਦੀ ਯਾਦਗਾਰ ਬਣੀ। ਡਾ. ਸੁਰਜੀਤ ਚੰਦਰ ਦੇ ਯਤਨਾਂ ਸਦਕਾ 1996 ਵਿੱਚ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸਰਦਾਰ ਗੁਰਬਖਸ਼ ਸਿੰਘ ਮੱਲੀ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਸਰਦਾਰ ਹਰਚਰਨ ਸਿੰਘ ਬਰਾੜ ਨਾਲ ਤਾਲਮੇਲ ਕਰਕੇ ਪਿੰਡ ਸੁਧਾਰ ਸਭਾ ਵੱਲੋਂ ਬਣਾਏ ਗਏ ਦੋ ਬੁੱਤ ਇੱਕੋ ਦਿਨ, ਇੱਕ ਲੁਹਾਰਾ ਚੌਂਕ ਮੋਗਾ ਵਿੱਚ ਅਤੇ ਦੂਸਰਾ ਕੋਟ ਈਸੇ ਖਾਂ ਦੇ ਮੇਨ ਚੌਂਕ ਵਿੱਚ ਲਗਵਾਇਆ। ਡਾ. ਸੁਰਜੀਤ ਚੰਦਰ ਨੇ ਬਾਬਾ ਜੀ ਦੀ ਜੀਵਨੀ ਲਿਖ ਕੇ ਅਤੇ ਪ੍ਰਕਾਸ਼ਿਤ ਕਰਵਾ ਕੇ ਅਤੇ ਉਨ੍ਹਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਯਤਨ ਕਰਕੇ ਪਿੰਡ ਦੇ ਸਪੂਤ ਹੋਣ ਦਾ ਫਰਜ਼ ਨਿਭਾਇਆ।

1992 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਕਹਾਣੀ ਮੁਕਾਬਲਿਆਂ ਵਿੱਚ ਉਨ੍ਹਾਂ ਦੀ ਕਹਾਣੀ ‘ਸਾਂਝੀ ਕੰਧ’ ਪਹਿਲੇ ਨੰਬਰ ’ਤੇ ਰਹੀ ਅਤੇ ਉਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 500 ਰੁਪਏ ਦਾ ਪਹਿਲਾ ਪੁਰਸਕਾਰ ਦਿੱਤਾ ਗਿਆ ਸੀ। ਉਨ੍ਹਾਂ ਦੇ ਕਹਾਣੀ ਸੰਗ੍ਰਹਿ ‘ਮਾਂ ਦੇ ਹੰਝੂ’ (1992), ‘ਚੀਰ ਹਰਣ’ (1997) ਅਤੇ ‘ਕਾਲੇ ਤਿੱਤਰ ਦੇ ਬੋਲ’ (1998) ਪ੍ਰਕਾਸ਼ਿਤ ਹੋਏ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਵਿਸ਼ੇ ਮੁੱਖ ਤੌਰ ’ਤੇ ਇਸਤਰੀ ਪੁਰਖ, ਸਮਾਜਿਕ ਸਬੰਧ, ਕਿਸਾਨ ਦੀ ਮੰਦਹਾਲੀ ਅਤੇ ਉਸ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਮਾਜਿਕ ਤਾਣੇ ਬਾਣੇ ਬਾਰੇ ਹਨ।

ਡਾ. ਸੁਰਜੀਤ ਚੰਦਰ ਨੇ ਕਈ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਹੈ। ਉਨ੍ਹਾਂ ਦਰਵੇਸ਼ ਅਤੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੀਆਂ ਗ਼ਜ਼ਲਾਂ ਨੂੰ ਪੁਸਤਕ ‘ਗ਼ਜ਼ਲ ਦੀ ਖੁਸ਼ਬੂ’ (1991) ਵਿੱਚ ਅਤੇ ਡਾ. ਅਮੀਂ ਚੰਦ ਆਜਿਜ਼ ਦੀ ਮੌਤ ਪਿੱਛੋਂ ਉਨ੍ਹਾਂ ਦੀਆਂ ਰੁਬਾਈਆਂ ਨੂੰ ‘ਰੁਬਾਈ ਦੀ ਖੁਸ਼ਬੂ’ (1994) ਵਿੱਚ ਸੰਪਾਦਿਤ ਕੀਤਾ। ਉਨ੍ਹਾਂ ਡਾ. ਆਤਮ ਹਮਰਾਹੀ ਨਾਲ ਰਲ ਕੇ ਸਾਧੂ ਦਯਾ ਸਿੰਘ ਆਰਿਫ਼ ਦੀ ਸਮੁੱਚੀ ਪ੍ਰਕਾਸ਼ਿਤ ਰਚਨਾ ਨੂੰ ‘ਆਰਿਫ਼ ਰਚਨਾਵਲੀ’ ਨਾਂ ਹੇਠ 2001 ਵਿੱਚ ਪ੍ਰਕਾਸ਼ਿਤ ਕੀਤਾ।

ਜੀਵਨੀ ਸਾਹਿਤ ਵਿੱਚ ਉਨ੍ਹਾਂ ਦੀ ਪੁਸਤਕ 'ਨਿਰਮਲ ਸੰਪਰਦਾਇ ਤੇ ਮਹੰਤ ਚਰਣ ਸਿੰਘ' 2002 ਵਿੱਚ ਛਪੀ। ਉਨ੍ਹਾਂ ਨੇ ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ ਕੁਝ ਵਾਧਿਆਂ ਸਮੇਤ ਦੁਬਾਰਾ 2019 ਵਿੱਚ ਪ੍ਰਕਾਸ਼ਿਤ ਕਰਵਾਈ। ਇਲਾਕਾ ਧਰਮਕੋਟ (ਮੋਗਾ) ਦਾ ਇਤਿਹਾਸ (2020) ਉਨ੍ਹਾਂ ਦਾ ਇਤਿਹਾਸਿਕ ਮਹੱਤਵ ਵਾਲਾ ਕਾਰਜ ਹੈ, ਅਜਿਹੇ ਕਾਰਜ ਨੂੰ ਨੇਪਰੇ ਚਾੜ੍ਹਨਾ ਸੰਸਥਾਵਾਂ ਦਾ ਕਾਰਜ ਹੁੰਦਾ ਹੈ, ਪਰ ਇਸ ਸਿਰੜੀ ਖੋਜੀ ਨੇ ਇਹ ਕਾਰਜ ਨੇਪਰੇ ਚਾੜ੍ਹਿਆ ਹੈ।

ਡਾ. ਸੁਰਜੀਤ ਚੰਦਰ ਦੀ ਸਾਹਿਤਕ ਹਲਕਿਆਂ ਵਿੱਚ ਪਛਾਣ ਕਹਾਣੀਕਾਰ, ਜੀਵਨੀਕਾਰ ਅਤੇ ਇਤਿਹਾਸਕਾਰ ਵਜੋਂ ਬਣੀ ਹੈ। ਪਰ ਉਨ੍ਹਾਂ ਦਾ ਕਾਵਿ-ਸੰਗ੍ਰਹਿ ਲੋਅ 2018 ਵੀ ਪੜ੍ਹਨਯੋਗ ਕ੍ਰਿਤ ਹੈ। ਕਵੀ ਦੇ ਆਪਣੇ ਸ਼ਬਦਾਂ ਅਨੁਸਾਰ, "ਇਹ ਕਾਵਿ ਪੁਸਤਕ ਮੇਰੀ 40 ਸਾਲ ਦੀ ਰਚਨਾ ਹੈ। ਇਸ ਵਿੱਚ ਬਚਪਨ ਦਾ ਰੰਗ ਵੀ ਹੈ ਅਤੇ ਅੱਲੜ੍ਹਪਨ ਵੀ ਹੈ। ਇਸ ਵਿੱਚ ਜਵਾਨੀ ਦਾ ਰਸ ਰੰਗ ਵੀ ਹੈ ਅਤੇ ਬੁਢਾਪੇ ਦੀ ਸੰਗ ਵੀ ਹੈ।" ਬਹੁ ਪੱਖੀ ਸਾਹਿਤਕਾਰ ਡਾ.ਸੁਰਜੀਤ ਚੰਦਰ ਦੀ ਬਾਲ ਕਵਿਤਾਵਾਂ ਦੀ ਪੁਸਤਕ 'ਚਿੜੀਆਂ ਚੀਂ ਚੀਂ ਬੋਲਦੀਆਂ' (ਪ੍ਰੈਸ ਵਿੱਚ) ਹੈ। ਉਨ੍ਹਾਂ ਦੀ ਪੁਸਤਕ 'ਤਾਰਾ ਸਿੰਘ ਗੈਬਾ ਡੱਲੇਵਾਲੀਆ' (ਜੀਵਨੀ) ਅਤੇ 'ਨਦੀ ਤੇ ਸਮੁੰਦਰ' (ਕਹਾਣੀ ਸੰਗ੍ਰਹਿ) ਛਪਾਈ ਅਧੀਨ ਹਨ।

ਡਾ.ਸੁਰਜੀਤ ਚੰਦਰ ਲੰਮਾ ਸਮਾਂ 2005 ਤੱਕ ਪੰਜਾਬੀ ਸਾਹਿਤ ਸਭਾ ਧਰਮਕੋਟ ਦੇ ਪ੍ਰਧਾਨ ਰਹੇ ਹਨ ਅਤੇ ਅੱਜ ਕੱਲ੍ਹ ਸਭਾ ਦੇ ਸਰਪ੍ਰਸਤ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜੀਵਨ ਮੈਂਬਰ ਹਨ। ਉਹ ਜ਼ਿਲ੍ਹਾ ਮੋਗਾ ਦੀਆਂ ਕਈ ਸਾਹਿਤਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੂੰ ਬਹੁਤ ਸਾਰੀਆਂ ਸਾਹਿਤਕ ਸਮਾਜਿਕ ਸੰਸਥਾਵਾਂ ਵੱਲੋਂ ਅਨੇਕਾਂ ਵਾਰ ਸਨਮਾਨਿਤ ਕੀਤਾ ਗਿਆ ਹੈ।

ਮੋਬਾਇਲ : 98880-81547

# ਸੁਰਿੰਦਰ ਸਿੰਘ ਨੇਕੀ



ਸੁਰਿੰਦਰ ਸਿੰਘ ਨੇਕੀ ਦੁਆਬੇ ਦਾ ਜੰਮਪਲ ਪ੍ਰਸਿੱਧ ਪੰਜਾਬੀ ਗਲਪਕਾਰ ਹੈ। ਉਨ੍ਹਾਂ ਦਾ ਜਨਮ 7 ਅਕਤੂਬਰ, 1953 ਨੂੰ ਪਿਤਾ ਸ੍ਰੀ ਸਰਵਣ ਸਿੰਘ ਅਤੇ ਮਾਤਾ ਗੁਰਬਚਨ ਕੌਰ ਦੇ ਗ੍ਰਹਿ ਵਿਖੇ ਪਿੰਡ ਢੋਲੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਸਦੇ ਮਾਤਾ ਪਿਤਾ ਦੋਵੇਂ ਅਧਿਆਪਕ ਸਨ। ਉਸ ਦੇ ਬਚਪਨ ਦਾ ਵਧੇਰੇ ਸਮਾਂ ਆਪਣੇ ਨਾਨਕੇ ਪਿੰਡ ਭੂੰਗਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੀਤਿਆ। ਉਨ੍ਹਾਂ ਨੇ 1967 ਵਿੱਚ ਮਿਡਲ ਅਤੇ 1969 ਵਿੱਚ ਮੈਟ੍ਰਿਕ ਦੇ ਇਮਤਿਹਾਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਤੋਂ ਪਾਸ ਕੀਤੇ। ਉਨ੍ਹਾਂ 1973 ਵਿੱਚ ਖਾਲਸਾ ਕਾਲਜ ਗੜ੍ਹਦੀਵਾਲਾ ਤੋਂ ਗਰੈਜੂਏਸ਼ਨ ਮੁਕੰਮਲ ਕੀਤੀ। ਉਨ੍ਹਾਂ 1976-77 ਦੇ ਸੈਸ਼ਨ ਦੌਰਾਨ ਗੁਰੂ ਨਾਨਕ ਮਿੰਟਗੁੰਮਰੀ ਕਾਲਜ ਆਫ਼ ਐਜੂਕੇਸ਼ਨ ਜਲੰਧਰ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਬੀ.ਐਡ. ਦਾ ਕੋਰਸ ਪਾਸ ਕੀਤਾ। ਬਾਅਦ ਵਿੱਚ ਉਨ੍ਹਾਂ 1981 ਵਿੱਚ ਐਮ.ਏ. ਰਾਜਨੀਤੀ ਸ਼ਾਸਤਰ ਪੰਜਾਬ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਕੋਰਸ ਰਾਹੀਂ ਕੀਤੀ।

ਉਨ੍ਹਾਂ ਦੀ ਪਹਿਲੀ ਨਿਯੁਕਤੀ ਸਮਾਜਿਕ ਸਿੱਖਿਆ ਅਧਿਆਪਕ ਵਜੋਂ 1983 ਵਿੱਚ ਸਰਕਾਰੀ ਮਿਡਲ ਸਕੂਲ ਕਬੀਰਪੁਰ, ਜ਼ਿਲ੍ਹਾ ਕਪੂਰਥਲਾ ਵਿਖੇ ਹੋਈ। ਫਿਰ ਉਹ ਕਪੂਰਥਲਾ ਜ਼ਿਲ੍ਹੇ ਦੇ ਮਿਡਲ ਸਕੂਲਾਂ ਟਿੱਬਾ, ਖਾਲੂ ਆਦਿ ਵਿੱਚ ਵਿਦਿਆਰਥੀਆਂ ਨੂੰ ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਦੇ ਵਿਸ਼ੇ ਪੜ੍ਹਾਉਂਦੇ ਰਹੇ। ਇਸ ਸਮੇਂ ਉਨ੍ਹਾਂ ਨੇ ਵਿਦਿਆਰਥੀ ਨੂੰ ਸਾਹਿਤ ਨਾਲ ਜੋੜਨ ਲਈ ਉਪਰਾਲੇ ਵੀ ਕੀਤੇ। ਉਨ੍ਹਾਂ ਨੇ ਲਗਭਗ 12 ਸਾਲ ਜ਼ਿਲ੍ਹਾ ਕਪੂਰਥਲਾ ਵਿੱਚ ਸਿੱਖਿਆ ਦਾ ਗਿਆਨ ਵੰਡਿਆ ਅਤੇ ਫਿਰ 1995 ਵਿੱਚ ਉਨ੍ਹਾਂ ਦੀ ਬਦਲੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਐਸ.ਐਸ. ਮਾਸਟਰ ਦੀ ਆਸਾਮੀ 'ਤੇ ਹੋ ਗਈ। 2008 ਵਿੱਚ ਉਨ੍ਹਾਂ ਦੀ ਤਰੱਕੀ ਰਾਜਨੀਤੀ ਸ਼ਾਸਤਰ ਦੇ ਲੈਕਚਰਾਰ ਵਜੋਂ ਹੋਈ ਅਤੇ ਉਨ੍ਹਾਂ ਦੀ ਨਿਯੁਕਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇਲੀ ਚੱਕ ਜ਼ਿਲ੍ਹਾ

ਹੁਸ਼ਿਆਰਪੁਰ ਵਿਖੇ ਹੋਈ, ਜਿੱਥੋਂ ਉਹ 31 ਅਕਤੂਬਰ, 2011 ਨੂੰ ਸੇਵਾ ਮੁਕਤ ਹੋਏ।

ਸਾਹਿਤ ਨਾਲ ਉਨ੍ਹਾਂ ਦਾ ਵਧੇਰੇ ਲਗਾਓ 1971-72 ਦੌਰਾਨ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਪੜ੍ਹਦਿਆਂ ਹੋਇਆ। ਇਸ ਸਮੇਂ ਉਨ੍ਹਾਂ ਨੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਬਹੁਤ ਸਾਰੇ ਨਾਵਲ ਪੜ੍ਹੇ ਅਤੇ ਉਹ ਗੁਰਬਖਸ਼ ਸਿੰਘ ਪ੍ਰੀਤ ਲੜੀ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜੀਨ ਪ੍ਰੀਤ ਲੜੀ ਦੇ ਨਿਯਮਤ ਪਾਠਕ ਰਹੇ। ਸ਼ੁਰੂ ਵਿੱਚ ਉਨ੍ਹਾਂ ਨੇ ਹਿੰਦੀ ਵਿੱਚ ਕੁਝ ਗੀਤਾਂ ਭਰੀਆਂ ਕਹਾਣੀਆਂ ਲਿਖੀਆਂ, ਜੋ ਆਕਾਸ਼ਵਾਣੀ ਜਲੰਧਰ ਤੋਂ ਪ੍ਰਸਾਰਿਤ ਵੀ ਹੋਈਆਂ। ਇਸ ਤੋਂ ਪਿੱਛੋਂ ਉਨ੍ਹਾਂ ਦਾ ਝੁਕਾਅ ਪੰਜਾਬੀ ਵਿੱਚ ਲਿਖਣ ਵੱਲ ਹੋਇਆ। ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪਹਿਲਾ ਨਾਵਲ 'ਰੁੱਤ ਨਵਿਆਂ ਦੀ ਆਈ' 1984 ਵਿੱਚ ਪ੍ਰਕਾਸ਼ਿਤ ਕਰਵਾਇਆ। ਇਸ ਤੋਂ ਪਿੱਛੋਂ ਉਨ੍ਹਾਂ ਨੇ 'ਸਧਰਾਂ ਦਾ ਖ਼ੂਨ' (1986), 'ਚੰਨੀ" (1990), 'ਅੱਥਰੂ' (1994), 'ਲਾਵਾ' (2003), 'ਛੇਵਾਂ ਦਰਿਆ' (2010), 'ਪੋਰਸ' (ਇਤਿਹਾਸਕ ਨਾਵਲ 2014) ਅਤੇ ਨੋ ਮੈਨਜ਼ ਲੈਂਡ ਤੋਂ ਸ਼ਕੀਲਾ (2022) ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ। ਮਾਲਵਾ ਐਕਸਪ੍ਰੈਸ ਉਨ੍ਹਾਂ ਦਾ ਬਾਲ ਨਾਵਲ ਹੈ, ਜੋ 2006 ਵਿੱਚ ਪ੍ਰਕਾਸ਼ਿਤ ਹੋਇਆ। ਮਾਨਸ ਦੀ ਜਾਤਿ ਗਲਪ ਰਚਨਾ ਹੈ, ਜੋ 2019 ਵਿੱਚ ਪ੍ਰਕਾਸ਼ਿਤ ਹੋਈ।


ਸੁਰਿੰਦਰ ਸਿੰਘ ਨੇਕੀ ਕਿਸੇ ਵਾਦ ਨਾਲ ਬੱਝੇ ਹੋਏ ਲੇਖਕ ਨਹੀਂ ਹਨ। ਉਨ੍ਹਾਂ ਦੀ ਦਿਬ ਦ੍ਰਿਸ਼ਟੀ ਸਮਾਜ ਵਿੱਚ ਪੱਸਰੀਆਂ ਵਿਸੰਗਤੀਆਂ ਦਾ ਨੋਟਿਸ ਲੈਂਦੀ ਹੈ ਅਤੇ ਨੇਕੀ ਸਾਹਿਬ ਸਮਾਜਿਕ ਕੁਰੀਤੀਆਂ ਅਤੇ ਸਮੱਸਿਆਵਾਂ ਵਿਰੁੱਧ ਆਪਣੀ ਕਲਮ ਦੀ ਸ਼ਕਤੀ ਨੂੰ ਇੱਕ ਹਥਿਆਰ ਵਜੋਂ ਵਰਤਦੇ ਹਨ। ਸੁਰਿੰਦਰ ਸਿੰਘ ਨੇਕੀ ਆਪਣੇ ਤੁਖੱਲਸ ਅਨੁਸਾਰ ਨੇਕ ਵਿਚਾਰਾਂ ਦੇ ਧਾਰਨੀ ਹਨ ਅਤੇ ਨਰੋਏ ਸਮਾਜ ਦੀ ਸਿਰਜਣਾ ਲੋਚਦੇ ਹਨ। ਸੁਰਿੰਦਰ ਸਿੰਘ ਨੇਕੀ ਦੇ ਨਾਵਲਾਂ ਦੇ ਵਿਸ਼ੇ ਸਮਾਜਿਕ ਕਦਰਾਂ ਕੀਮਤਾਂ ਅਤੇ ਸਮਾਜਿਕ ਸਮੱਸਿਆਵਾਂ ਹਨ। ਨੇਕੀ ਦੇ ਨਾਵਲ ਨਿਰੋਲ ਕਲਪਨਾ ਅਧਾਰਿਤ ਨਹੀਂ ਹਨ। ਉਸ ਦੇ ਨਾਵਲਾਂ ਦੇ ਪਾਤਰ ਸਮਾਜ ਵਿੱਚ ਜਿਉਂਦੇ, ਜਾਗਦੇ, ਵਿਚਰਦੇ ਹਨ। ਨੇਕੀ ਆਪਣੀ ਖੁਰਦਬੀਨੀ ਦ੍ਰਿਸ਼ਟੀ ਰਾਹੀਂ ਪਾਤਰਾਂ ਨੂੰ ਢੂੰਡਦਾ ਹੈ ਅਤੇ ਆਪਣੇ ਨਾਵਲਾਂ ਵਿੱਚ ਫਿੱਟ ਕਰਦਾ ਹੈ। ਸਹਿਜਤਾ, ਸਰਲਤਾ ਤੇ ਸਪੱਸ਼ਟਤਾ ਉਸ ਦੇ ਨਾਵਲਾਂ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਉਨ੍ਹਾਂ ਦਾ ਪਲੇਠਾ ਨਾਵਲ 'ਰੁੱਤ ਨਵਿਆਂ ਦੀ ਆਈ' ਦਾਜ ਦੀ ਸਮੱਸਿਆ ਦੁਆਲੇ ਕੇਂਦਰਿਤ ਹੈ। ਉਨ੍ਹਾਂ ਦੇ ਨਾਵਲ 'ਚੰਨੀ" ਦਾ ਵਿਸ਼ਾ ਵਸਤੂ ਪਿੰਡਾਂ

ਵਿੱਚ ਚੱਲ ਰਹੇ ਵੈਰ ਵਿਰੋਧ ਅਤੇ ਲੜਾਈਆਂ ਝਗੜੇ ਹਨ। ਉਨ੍ਹਾਂ ਦਾ ਨਾਵਲ 'ਲਾਵਾ' ਭੱਠਾ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਬਿਆਨਦਾ ਹੈ। ਨਾਵਲਕਾਰ ਦਾ ਨਾਵਲ 'ਛੇਵਾਂ ਦਰਿਆ' ਪੰਜਾਬ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸੀ ਜਵਾਨੀ ਨੂੰ ਨਸ਼ਿਆਂ ਤੋਂ ਮੁਕਤ ਕਰਾਉਣ ਲਈ ਸੁਨੇਹਾ ਦਿੰਦਾ ਹੈ। ਲੇਖਕ ਦੇ ਨਾਵਲ ਛੇਵਾਂ ਦਰਿਆ ਉੱਪਰ (ਪੰਜਾਬੀ ਦੇ ਪੰਜ ਹੋਰ ਨਾਵਲਕਾਰਾਂ ਦੇ ਨਾਵਲਾਂ ਸਮੇਤ ਸਾਂਝੇ ਤੌਰ 'ਤੇ) ਖੋਜਾਰਥੀ ਵੀਰਪਾਲ ਕੌਰ ਵੱਲੋਂ ਥੀਸਿਸ 'ਪੰਜਾਬੀ ਗਲਪ' ਤੇ ਸਮੀਖਿਆ ਸੰਵਾਦ ਤੇ ਰਚਨਾ' ਲਿਖਿਆ ਗਿਆ ਸੀ। ਪ੍ਰਸਿੱਧ ਕਹਾਣੀਕਾਰ ਲਾਲ ਸਿੰਘ, ਸੁਰਿੰਦਰ ਸਿੰਘ ਨੇਕੀ ਦੇ ਨਾਵਲ 'ਛੇਵਾਂ ਦਰਿਆ' ਬਾਰੇ ਲਿਖਦੇ ਹਨ, "ਸੁਰਿੰਦਰ ਸਿੰਘ ਨੇਕੀ ਨੇ ਨਾਵਲ ਦੀ ਵਿਧਾ ਰਾਹੀਂ ਸਮਾਜ ਦੀ ਤੰਦਰੁਸਤ ਦੇਹੀ ਨੂੰ ਸਮੇਂ-ਸਮੇਂ ਲੱਗਦੇ ਰਹੇ ਘੁਣ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ, ਸਗੋਂ ਇਸ ਉੱਪਰ ਥੋਪੀਆਂ ਜਾ ਰਹੀਆਂ ਨਾ-ਮੁਰਾਦ ਬਿਮਾਰੀਆਂ ਤੋਂ ਛੁਟਕਾਰਾ ਦਿਵਾਉਣ ਲਈ ਯਥਾ-ਸੰਭਵ ਉਪਰਾਲੇ ਕੀਤੇ ਹਨ। ਉਨ੍ਹਾਂ ਦਾ ਨਾਵਲ 'ਛੇਵਾਂ ਦਰਿਆ' ਪੰਜਾਬ ਦੀ ਨੌਜਵਾਨ ਪੀੜੀ ਨੂੰ ਚਿੰਤਾ ਦੀ ਹੱਦ ਤੱਕ ਆ ਚਿੰਬੜੀ ਨਸ਼ਿਆਂ ਦੀ ਅਲਾਮਤ ਜੋ ਇੱਕ ਤਰ੍ਹਾਂ ਨਾਲ ਮਹਾਂਮਾਰੀ ਦਾ ਰੂਪ ਧਾਰਨ ਕਰ ਬੈਠੀ ਹੈ, ਇਸ ਤੋਂ ਸੁਰਖ਼ਰੂ ਕਰਨ ਦੇ ਇਕ ਉਤਸ਼ਾਹਜਨਕ ਉਪਰਾਲੇ ਵਜੋਂ ਪਾਠਕਾਂ ਦੀ ਸੱਥ ਅੰਦਰ ਪੇਸ਼ ਹੈ। ਜਿਸ ਵਿੱਚ ਪੇਸ਼ ਹੋਈ ਸਮੱਸਿਆ ਤੋਂ ਉਸਦੇ ਰੌਚਿਕਤਾ ਭਰਪੂਰ ਨਿਭਾ ਨੇ ਲੇਖਕ ਦੀ ਪਛਾਣ ਨਾਵਲਕਾਰ ਦੇ ਨਾਲ-ਨਾਲ ਇਕ ਗੰਭੀਰ ਚਿੰਤਕ ਵਜੋਂ ਵੀ ਕਰਵਾਈ ਹੈ।" ਇਤਿਹਾਸਕ ਨਾਵਲ 'ਪੋਰਸ' ਰਾਹੀਂ ਲੇਖਕ ਨੇ ਪੋਰਸ ਦੀ ਵੀਰਤਾ ਅਤੇ ਕਿਰਦਾਰ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ। ਉਨ੍ਹਾਂ ਦਾ ਨਾਵਲ 'ਨੋ ਮੈਨਜ਼ ਲੈਂਡ ਤੋਂ ਸ਼ਕੀਲਾ' 1947 ਵਿੱਚ ਹੋਈ ਦੇਸ਼ ਵੰਡ ਦੇ ਦੁਖਾਂਤ ਨੂੰ ਦਰਸਾਉਂਦਾ ਹੈ ਅਤੇ ਨਾਲ ਹੀ ਅੰਤਰਰਾਸ਼ਟਰੀ ਸ਼ਾਂਤੀ ਸਦਭਾਵਨਾ ਦਾ ਸੰਦੇਸ਼ ਵੀ ਦਿੰਦਾ ਹੈ। ਪੰਜਾਬੀ ਸਾਹਿਤ ਨੂੰ ਇਸ ਸੰਭਾਵਨਾਵਾਂ ਭਰਪੂਰ ਨਾਵਲਕਾਰ ਤੋਂ ਬਹੁਤ ਇੱਛਾਵਾਂ ਹਨ।

ਲੇਖਕ ਨੇਕੀ ਸਮੇਂ-ਸਮੇਂ ਤੇ ਦੂਰਦਰਸ਼ਨ ਅਤੇ ਆਕਾਸ਼ਵਾਣੀ ਜਲੰਧਰ ਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਆਪਣੀਆਂ ਵਾਰਤਾਂਵਾਂ ਪੇਸ਼ ਕਰਦੇ ਰਹਿੰਦੇ ਹਨ। ਵਰਤਮਾਨ ਸਮੇਂ ਲੇਖਕ ਸਾਹਿਤ ਸਭਾ ਦਸੂਹਾ-ਗੜ੍ਹਦੀਵਾਲਾ ਦੇ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੂੰ ਬਹੁਤ ਸਾਰੀਆਂ ਸਾਹਿਤ ਸਭਾਵਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਮਾਨ ਸਨਮਾਨ ਦਿੱਤੇ ਗਏ ਹਨ।

ਮੋਬਾਇਲ : 98552-35424

# ਸੁਲੱਖਣ ਸਰਹੱਦੀ



ਸੁਲੱਖਣ ਸਰਹੱਦੀ ਪੰਜਾਬੀ ਦਾ ਅਜ਼ੀਮ ਸਾਹਿਤਕਾਰ ਹੈ। ਉਸ ਨੂੰ ਪੰਜਾਬੀ ਗ਼ਜ਼ਲ ਦਾ ਉਸਤਾਦ ਗ਼ਜ਼ਲਗੋ ਹੋਣ ਦਾ ਮਾਣ ਹਾਸਲ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਸਰਹੱਦੀ ਦੇ ਜ਼ਿਕਰ ਬਿਨਾਂ ਪੰਜਾਬੀ ਗ਼ਜ਼ਲ ਅਧੂਰੀ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਵੱਖ- ਵੱਖ ਸਾਹਿਤ ਸਭਾਵਾਂ, ਸਾਹਿਤਕ ਸੰਸਥਾਵਾਂ ਵੱਲੋਂ ਸਰਹੱਦੀ ਨੂੰ ਗ਼ਜ਼ਲ ਸਮਰਾਟ, ਗ਼ਜ਼ਲ ਦਾ ਸ਼ਹਿਨਸ਼ਾਹ, ਪੰਜਾਬੀ ਗ਼ਜ਼ਲ ਦਾ ਧਰੂ ਤਾਰਾ, ਪੰਜਾਬੀ ਗ਼ਜ਼ਲ ਦਾ ਬੇਤਾਜ ਬਾਦਸ਼ਾਹ ਸਮੇਤ ਅਜਿਹੇ ਅਣਗਿਣਤ ਲਕਬਾਂ ਨਾਲ ਨਿਵਾਜਿਆ ਗਿਆ ਹੈ। ਸੁਲੱਖਣ ਸਰਹੱਦੀ ਦਾ ਜਨਮ 6 ਮਾਰਚ, 1946 ਨੂੰ ਗਰੀਬ ਕਿਸਾਨ ਪਰਿਵਾਰ ਵਿੱਚ ਸਰਦਾਰ ਸੋਹਨ ਸਿੰਘ ਅਤੇ ਮਾਤਾ ਗੁਰਮੇਜ ਕੌਰ ਦੇ ਗ੍ਰਹਿ ਵਿਖੇ ਅਤਿ ਪੱਛੜੇ ਇਲਾਕੇ ਦੇ ਪਿੰਡ ਕੁਹਾੜ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। 1954 ਵਿੱਚ ਜਦ ਉਨ੍ਹਾਂ ਦੇ ਪਿੰਡ ਸਕੂਲ ਖੁੱਲ੍ਹਿਆ ਤਾਂ ਸਵਾ ਅੱਠ ਸਾਲ ਦੇ ਸੁਲੱਖਣ, ਪੰਜ ਸਾਲ ਦੇ ਉਸ ਦੇ ਭਰਾ ਮੱਖਣ ਅਤੇ ਸਰਹੱਦੀ ਦੀ ਸਾਢੇ ਗਿਆਰਾਂ ਸਾਲਾਂ ਦੀ ਭੈਣ ਨੂੰ ਇਕੱਠਿਆਂ ਪੜ੍ਹਨੇ ਲਾਇਆ ਗਿਆ। ਸੁਲੱਖਣ ਸਰਹੱਦੀ ਨੇ ਚੌਥੀ ਜਮਾਤ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿੱਚੋਂ ਕੀਤੀ। ਚੌਥੀ ਜਮਾਤ ਵਿੱਚ ਪੜ੍ਹਦਿਆਂ ਹੀ ਕਿਸ਼ੋਰ ਅਵਸਥਾ ਵਿੱਚ ਸੁਲੱਖਣ ਸਰਹੱਦੀ ਨੇ ਬਾਲੋ ਮਾਹੀਆ ਦੇ ਨਵੇਂ ਟੱਪੇ ਜੋੜ ਕੇ ਜਮਾਤੀਆਂ ਨੂੰ ਸੁਣਾਏ ਤਾਂ ਉਹ ਹੈਰਾਨ ਰਹਿ ਗਏ ਅਤੇ ਸਰਹੱਦੀ ਦਾ ਝੁਕਾਅ ਸਾਹਿਤ ਵੱਲ ਵੱਧਦਾ ਗਿਆ। ਸੁਲੱਖਣ ਸਰਹੱਦੀ ਨੇ ਮਿਡਲ ਲਾਗਲੇ ਪਿੰਡ ਬੁੱਟਰ ਕਲਾਂ ਦੇ ਸਕੂਲ ਤੋਂ ਪਾਸ ਕੀਤੀ। ਇਸ ਤੋਂ ਪਿੱਛੋਂ ਉਸ ਨੇ ਵਡਾਲਾ ਗ੍ਰੰਥੀਆਂ ਦੇ ਸਕੂਲ ਤੋਂ ਨੌਂਵੀਂ ਜਮਾਤ ਪਾਸ ਕੀਤੀ। ਉਹ ਜੂਨ 1963 ਵਿੱਚ ਸਕੂਲ ਵਿੱਚੋਂ ਭੱਜ ਕੇ ਫੌਜ ਵਿੱਚ ਭਰਤੀ ਹੋ ਗਿਆ। 15 ਜੂਨ, 1963 ਤੋਂ ਲੈ ਕੇ 15 ਅਕਤੂਬਰ, 1972 ਤੱਕ ਉਸ ਨੇ ਫੌਜ ਵਿੱਚ ਨੌਕਰੀ ਕੀਤੀ। ਫੌਜੀ ਨੌਕਰੀ ਦੌਰਾਨ ਉਹ ਸਮਾਂ ਮਿਲਣ ’ਤੇ ਬਟਾਲੀਅਨ ਦੀ ਲਾਇਬਰੇਰੀ ਵਿੱਚੋਂ ਪੁਸਤਕਾਂ, ਰਸਾਲੇ ਅਤੇ ਅਖਬਾਰ ਪੜ੍ਹਦਾ ਰਹਿੰਦਾ। ਫੌਜ ਵਿੱਚ ਰਹਿੰਦਿਆਂ ਉਸ ਨੇ ਬੁੱਧੀਮਾਨੀ ਅਤੇ ਗਿਆਨੀ ਦੇ ਇਮਤਿਹਾਨ ਪ੍ਰਾਈਵੇਟ ਤੌਰ ’ਤੇ ਪਾਸ ਕੀਤੇ। ਉਹ

ਬੁੱਧੀਮਾਨੀ ਵਿੱਚੋਂ ਪੰਜਾਬ ਯੂਨੀਵਰਸਿਟੀ ’ਚੋਂ ਅੱਵਲ ਅਤੇ ਗਿਆਨੀ ਵਿੱਚੋਂ ਸੈਕਿੰਡ ਰਿਹਾ। ਉਸ ਨੇ 1965 ਤੇ 1971 ਦੀਆਂ ਲੜਾਈਆਂ ਲੜੀਆਂ ਅਤੇ ਸਰਹੱਦੀ ਮੋਰਚਿਆਂ ’ਤੇ ਲੜਾਈਆਂ ਲੜਨ ਕਰਕੇ ਆਪਣੇ ਨਾਂ ਨਾਲ ਤੁਖ਼ੱਲਸ ‘ਸਰਹੱਦੀ’ ਲਾ ਲਿਆ।

1972 ਵਿੱਚ ਸੁਲੱਖਣ ਸਰਹੱਦੀ ਜੀ ਨੇ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਜਨਾਬ ਦੀਪਕ ਜੈਤੋਈ ਜੀ ਨੂੰ ਉਨ੍ਹਾਂ ਦੇ ਘਰ ਜੈਤੋ ਵਿਖੇ ਜਾ ਕੇ ਗੁਰੂ ਧਾਰਨ ਕੀਤਾ। ਇਸੇ ਵਰ੍ਹੇ ਦੀਪਕ ਜੈਤੋਈ ਜੀ ਅੰਮ੍ਰਿਤਸਰ ਤੋਂ ਛਪਦੇ ‘ਕਵਿਤਾ’ ਰਸਾਲੇ ਦਾ ਗ਼ਜ਼ਲ ਅੰਕ ਸੰਪਾਦਿਤ ਕਰ ਰਹੇ ਸਨ। ਉਸ ਅੰਕ ਵਿੱਚ ਉਨ੍ਹਾਂ ਸਰਹੱਦੀ ਦੀਆਂ ਤਿੰਨ ਗ਼ਜ਼ਲਾਂ ਸ਼ਾਮਿਲ ਕਰ ਦਿੱਤੀਆਂ। ਸਰਹੱਦੀ ਦਾ ਹੌਸਲਾ ਵਧਿਆ ਅਤੇ ਉਹ ਗ਼ਜ਼ਲਕਾਰਾਂ ਵਿੱਚ ਸ਼ੁਮਾਰ ਹੋ ਗਿਆ।

ਸਰਹੱਦੀ ਨੇ ਫੌਜ ਵਿੱਚੋਂ ਭਗੌੜਾ ਹੋ ਕੇ ਰਾਓ ਬਰਿੰਦਰ ਸਿੰਘ ਕਾਲਜ ਆਫ਼ ਐਜੂਕੇਸ਼ਨ ਰਿਵਾੜੀ ਤੋਂ ਓ.ਟੀ. (ਓਰੀਐਂਟਲ ਲੈਂਗੁਏਜਿਜ ਟੀਚਰ ਟ੍ਰੇਨਿੰਗ) ਕੀਤੀ ਅਤੇ ਸਾਲ 1973 ਵਿੱਚ ਉਨ੍ਹਾਂ ਕੁਝ ਮਹੀਨਿਆਂ ਲਈ ਅਹਿਮਦੀਆ ਹਾਈ ਸਕੂਲ ਕਾਦੀਆਂ ਦੇ ਪਹਿਲੇ ਪੰਜਾਬੀ ਟੀਚਰ ਵਜੋਂ ਪ੍ਰਾਈਵੇਟ ਤੌਰ ’ਤੇ ਅਧਿਆਪਨ ਕਾਰਜ ਕੀਤਾ। ਉਸ ਸਮੇਂ ਪੰਜਾਬ ਸਰਕਾਰ ਵੱਲੋਂ ਹਦਾਇਤਾਂ ਸਨ ਕਿ ਜੋ ਵਿਦਿਆਰਥੀ ਮਿਡਲ ਵਿੱਚ ਪੰਜਾਬੀ ਪਾਸ ਨਹੀਂ ਕਰਦਾ ਉਸ ਨੂੰ ਅੱਗੇ ਦਾਖਲਾ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੇ ਪੜ੍ਹਾਏ ਹੋਏ ਸਾਰੇ ਵਿਦਿਆਰਥੀ ਮਿਡਲ ਦੇ ਇਮਤਿਹਾਨ ਵਿੱਚੋਂ ਪੰਜਾਬੀ ਵਿਸ਼ੇ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਏ। ਇਸ ਸਮੇਂ ਦਾ ਸਦਉਪਯੋਗ ਕਰਦਿਆਂ ਸਰਹੱਦੀ ਸਾਹਿਬ ਨੇ ਅਧਿਆਪਨ ਕਾਰਜ ਕਰਨ ਦੇ ਨਾਲ-ਨਾਲ ਉਰਦੂ ਵੀ ਸਿੱਖ ਲਿਆ। ਇੱਥੇ ਸਰਹੱਦੀ ਸਾਹਿਬ ਦੇ ਉੱਤੇ ‘ਨਾਲੇ ਪੁੰਨ ਤੇ ਨਾਲੇ ਫਲੀਆਂ’ ਵਾਲੀ ਕਹਾਵਤ ਪੂਰੀ ਢੁੱਕਦੀ ਹੈ, ਉਨ੍ਹਾਂ ਅਧਿਆਪਨ ਕਾਰਜਾਂ ਦੀ ਸਕੂਲ ਤੋਂ ਉਜਰਤ ਵੀ ਲਈ ਅਤੇ ਮੁਫ਼ਤ ਵਿੱਚ ਉਰਦੂ ਵੀ ਸਿੱਖ ਲਿਆ। ਉਨ੍ਹਾਂ ਦੀ 15 ਦਸੰਬਰ, 1973 ਨੂੰ ਪੰਜਾਬੀ ਅਧਿਆਪਕ ਵਜੋਂ ਸਿੱਖਿਆ ਵਿਭਾਗ ਪੰਜਾਬ ਵਿੱਚ ਨਿਯੁਕਤੀ ਹੋ ਗਈ। 1974 ਵਿੱਚ ਉਹ ਬਕਾਇਦਾ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸਰਗਰਮ ਮੈਂਬਰ ਬਣ ਗਏ। ਉਹ ਮੁਲਾਜ਼ਮਾਂ ਅਤੇ ਅਧਿਆਪਕ ਜਥੇਬੰਦੀਆਂ ਦੇ ਘੋਲਾਂ ਵਿੱਚ ਆਪਣੀਆਂ ਸੰਗਰਾਮੀ ਕਵਿਤਾਵਾਂ ਸੁਣਾਉਣ ਲੱਗ ਪਏ। ਇਸ ਸਮੇਂ ਉਨ੍ਹਾਂ ਉੱਪਰ ਮਾਰਕਸਵਾਦ ਦਾ ਡੂੰਘਾ ਪ੍ਰਭਾਵ ਪਿਆ। ਆਪਣੇ ਅਧਿਆਪਨ ਕਾਰਜ

ਦੌਰਾਨ ਉਨ੍ਹਾਂ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਇਆ ਅਤੇ ਉਨ੍ਹਾਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਆ। ਉਹ 31 ਮਾਰਚ, 2004 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾਬਾਲਾ ਜ਼ਿਲ੍ਹਾ ਗੁਰਦਾਸਪੁਰ ਤੋਂ ਪੰਜਾਬੀ ਮਾਸਟਰ ਵਜੋਂ ਸੇਵਾ ਮੁਕਤ ਹੋਏ। ਆਪਣੇ ਅਧਿਆਪਨ ਕਾਰਜ ਦੌਰਾਨ ਉਹ ਅਧਿਆਪਕ ਜਥੇਬੰਦੀਆਂ ਦੇ ਸਰਗਰਮ ਜੁਝਾਰੂ ਆਗੂ ਰਹੇ।

ਸੁਲੱਖਣ ਸਰਹੱਦੀ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਜਨਾਬ ਦੀਪਕ ਜੈਤੋਈ ਦਾ ਮਾਣਮੱਤਾ ਸ਼ਾਗਿਰਦ ਹੈ। ਸੁਲੱਖਣ ਸਰਹੱਦੀ ਨੇ 80 ਤੋਂ ਵਧੇਰੇ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਗ਼ਜ਼ਲ ਸੰਗ੍ਰਹਿ ਤੀਜੀ ਅੱਖ ਦਾ ਜਾਦੂ (1983), ਪੰਜ ਬਲਦੇ ਦਰਿਆ (1991), ਬਸਤੀ ਬਸਤੀ ਜੰਗਲ (2004), ਬੇੜੀਆਂ ਦਾ ਪੁੱਲ (2006), ਸੂਰਜ ਦਾ ਆਲ੍ਹਣਾ (2009) ਪਾਏ। 'ਬੇੜੀਆਂ ਦਾ ਪੁਲ' ਸੁਲੱਖਣ ਸਰਹੱਦੀ ਦਾ ਪੰਜਾਬੀ ਗ਼ਜ਼ਲ ਵਿੱਚ ਇੱਕ ਨਵਾਂ ਕੀਰਤੀਮਾਨ ਅਤੇ ਪ੍ਰਤੀਮਾਨ ਹੈ, ਜਿਸ ਨੂੰ ਨੈਸ਼ਨਲ ਬੁੱਕ ਟਰੱਸਟ ਇੰਡੀਆ ਵੱਲੋਂ ਰਾਇਲਟੀ ਦੇ ਕੇ ਛਾਪਿਆ ਗਿਆ। ਇਸ ਸੰਗ੍ਰਹਿ ਵਿੱਚ ਸਰਹੱਦੀ ਜੀ ਨੇ ਇੱਕੋ ਬਹਿਰ ਕਾਫੀਏ ਅਤੇ ਰਦੀਫ਼ ਵਿੱਚ 160 ਗ਼ਜ਼ਲਾਂ (1262 ਸ਼ਿਅਰ) ਕਹੀਆਂ ਹਨ।

'ਗ਼ਜ਼ਲ' ਸੰਵੇਦਨਾ ਦੀ ਅੱਧੀ ਸਦੀ ਸੁਲੱਖਣ ਸਰਹੱਦੀ' ਪੁਸਤਕ ਨੈਸ਼ਨਲ ਬੁੱਕ ਟਰੱਸਟ ਆਫ਼ ਇੰਡੀਆ ਦੇ ਸਾਬਕਾ ਡਾਇਰੈਕਟਰ ਡਾ. ਬਲਦੇਵ ਸਿੰਘ ਬੱਦਨ ਨੇ 2019 ਵਿੱਚ ਸੰਪਾਦਿਤ ਕੀਤੀ ਹੈ, ਜਿਸ ਵਿੱਚ ਸੁਲੱਖਣ ਸਰਹੱਦੀ ਦੀਆਂ ਕੁੱਲ ਗ਼ਜ਼ਲਾਂ ਸ਼ਾਮਿਲ ਹਨ। 'ਤਿਤਲੀ ਦੋਸਤੀ ਦੀ' (ਸਰਹੱਦੀ ਦੀ ਚੋਣਵੀਂ ਗ਼ਜ਼ਲ) ਡਾ. ਬਲਦੇਵ ਸਿੰਘ ਬੱਦਨ ਦੁਆਰਾ 2021 ਵਿੱਚ ਸੰਪਾਦਿਤ ਕੀਤੀ ਗਈ ਹੈ।

ਸੁਲੱਖਣ ਸਰਹੱਦੀ ਦੇ ਪੰਜਾਬ ਦੇ ਕਾਲੇ ਦੌਰ ਦੌਰਾਨ ਲਿਖੇ ਗੀਤਾਂ ਨੂੰ 'ਵਕਤ ਦੀ ਚੀਖ' ਅਨੁਵਾਨ ਤਹਿਤ 1993 ਵਿੱਚ ਭਾਸ਼ਾ ਵਿਭਾਗ ਪੰਜਾਬ ਨੇ ਪ੍ਰਕਾਸ਼ਿਤ ਕੀਤਾ ਹੈ। 'ਉੱਚਾ ਬੁਰਜ ਲਾਹੌਰ ਦਾ' ਸਰਹੱਦੀ ਦਾ ਸੰਗਰਾਮੀ ਗੀਤਾਂ, ਗ਼ਜ਼ਲਾਂ ਅਤੇ ਨਜ਼ਮਾਂ ਦਾ ਸਾਂਝਾ ਸੰਗ੍ਰਹਿ ਹੈ, ਜੋ 2004 ਵਿੱਚ ਪ੍ਰਕਾਸ਼ਿਤ ਹੋਇਆ ਹੈ। ਸਰਹੱਦੀ ਨੇ 'ਸਰਹੱਦੀ ਦੋਹਾ ਸਾਗਰ' (2010) ਵਿੱਚ 4100 ਦੋਹੇ ਸ਼ਾਮਿਲ ਕਰਕੇ ਵਿਸ਼ਵ ਪੱਧਰੀ ਕੀਰਤੀਮਾਨ ਸਥਾਪਿਤ ਕੀਤਾ ਹੈ।

ਸੁਲੱਖਣ ਸਰਹੱਦੀ ਨੇ ਪੰਜਾਬੀ ਗ਼ਜ਼ਲ ਦੀ ਤਕਨੀਕ ਬਣਤਰ, ਵਿਕਾਸ ਅਤੇ ਇਤਿਹਾਸ ਬਾਰੇ ਵੀ ਮਹੱਤਵਪੂਰਨ ਕਾਰਜ ਕੀਤਾ ਹੈ, ਜਿਸ ਵਿੱਚ 'ਪੰਜਾਬੀ ਗ਼ਜ਼ਲ

ਰੂਪ ਤੇ ਆਕਾਰ' (1995), 'ਪੰਜਾਬੀ ਗ਼ਜ਼ਲ ਦਾ ਸੁਹਜ ਸ਼ਾਸਤਰ' (2012), 'ਪੰਜਾਬੀ ਗ਼ਜ਼ਲ ਗਲੋਬਲੀ ਸਮੀਖਿਆ' (2017) ਸ਼ਾਮਿਲ ਹੈ।

ਸੁਲੱਖਣ ਸਰਹੱਦੀ ਨੇ 'ਸੰਪੂਰਨ ਪਿੰਗਲ ਅਤੇ ਅਰੂਜ਼' (2005), 'ਸਰਲ ਪਿੰਗਲ ਤੇ ਅਰੂਜ਼' (2010), ਪਿੰਗਲ ਤੇ ਅਰੂਜ਼ : ਸੰਦਰਭ ਕੋਸ਼ (2016), ਸੋਧਿਆ ਹੋਇਆ ਸੰਸਕਰਨ 'ਸੰਪੂਰਨ ਪਿੰਗਲ ਤੇ ਅਰੂਜ਼' (2020) ਵੀ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ। ਸੁਲੱਖਣ ਸਰਹੱਦੀ ਦੁਆਰਾ ਰਚਿਤ ਵੱਡ ਅਕਾਰੀ ਗ੍ਰੰਥ 'ਪਿੰਗਲ ਤੇ ਅਰੂਜ਼ ਸੰਦਰਭ ਕੋਸ਼' ਪੰਨੇ 850 ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ 2014 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਸੁਲੱਖਣ ਸਰਹੱਦੀ ਨੇ ਏਸ਼ੀਆ ਅਤੇ ਯੂਰਪ ਦੇ ਲਗਭਗ 50 ਦੇਸ਼ਾਂ ਦਾ ਭਰਮਣ ਕੀਤਾ ਹੈ। ਉਨ੍ਹਾਂ ਨੇ ਦੇਸ਼ ਆਸਟਰੇਲੀਆ ਦੀਆਂ ਵੱਖ-ਵੱਖ ਸਟੇਟਾਂ ਨੂੰ ਵੀ ਨੀਝ ਨਾਲ ਨਿਹਾਰਿਆ ਹੈ। ਆਪਣੇ ਸਫ਼ਰ ਦੇ ਅਨੁਭਵ ਅਤੇ ਵੱਖ-ਵੱਖ ਦੇਸ਼ਾਂ ਦੇ ਰਹਿਣ ਸਹਿਣ, ਸੱਭਿਆਚਾਰ ਅਤੇ ਭੂਗੋਲਿਕ ਜਾਣਕਾਰੀਆਂ ਦਿੰਦਿਆਂ ਉਨ੍ਹਾਂ ਨੇ ਸਫ਼ਰਨਾਮਾ ਸਾਹਿਤ ਵਿੱਚ ਜ਼ਿਕਰਯੋਗ ਯੋਗਦਾਨ ਪਾਇਆ ਹੈ। ਉਨ੍ਹਾਂ ਦਾ ਲਿਖਿਆ ਹੋਇਆ ਸਫ਼ਰਨਾਮਾ 'ਮੈਂ ਇਵੇਂ ਵੇਖਿਆ ਆਸਟਰੇਲੀਆ -1' (2005), ਕਾਫੀ ਮਕਬੂਲ ਹੋਇਆ ਅਤੇ ਵਿਕਰੀ ਪੱਖੋਂ ਰਿਕਾਰਡ ਬਣਾਇਆ। ਉਨ੍ਹਾਂ ਦੇ 'ਮੈਂ ਇਵੇਂ ਵੇਖਿਆ ਆਸਟਰੇਲੀਆ-2 (2014) ਅਤੇ ਸਾਡਾ ਆਸਟਰੇਲੀਆ (2016) ਸਫ਼ਰਨਾਮੇ ਪ੍ਰਕਾਸ਼ਿਤ ਹੋਏ। ਸਫ਼ਰਨਾਮਾ 'ਸਾਡਾ ਆਸਟਰੇਲੀਆ' ਨੂੰ ਭਾਸ਼ਾ ਵਿਭਾਗ ਪੰਜਾਬ ਦੁਆਰਾ 21000 ਰੁਪਏ ਦਾ ਸਰਵੋਤਮ ਪੁਸਤਕ ਪੁਰਸਕਾਰ ਦਿੱਤਾ ਗਿਆ। ਆਸਟ੍ਰੇਲੀਆ ਦੇ ਸਫ਼ਰਨਾਮੇ ਲਿਖਣ ਕਰਕੇ ਸਰਹੱਦੀ ਨੂੰ ਦੱਖਣੀ ਆਸਟ੍ਰੇਲੀਆ ਦੀ ਪਾਰਲੀਮੈਂਟ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਆ ਗਿਆ। ਇੱਥੇ ਇਹ ਵੀ ਵਰਨਣਯੋਗ ਹੈ ਕਿ ਆਸਟਰੇਲੀਆ ਬਾਰੇ ਸਫ਼ਰਨਾਮਾ ਸਭ ਤੋਂ ਪਹਿਲਾਂ ਸਰਹੱਦੀ ਨੇ ਹੀ ਲਿਖਿਆ। ਜਮਰੌਦ ਤੱਕ (2009) ਸਰਹੱਦੀ ਦਾ ਚੌਥਾ ਸਫ਼ਰਨਾਮਾ ਹੈ। ਸਰਹੱਦੀ ਦਾ ਪੰਜਵਾਂ ਸਫ਼ਰਨਾਮਾ 'ਹੁਗਲੀ ਤੋਂ ਅਟਕ ਪਾਰ' (ਭਾਰਤ- ਪਾਕਿ ਸਫ਼ਰਨਾਮਾ) 2012 ਵਿੱਚ ਪ੍ਰਕਾਸ਼ਿਤ ਹੋਇਆ। ਇਹ ਸਫ਼ਰਨਾਮਾ ਅੰਗਰੇਜ਼ੀ ਅਤੇ ਸ਼ਾਹਮੁਖੀ ਵਿੱਚ ਵੀ ਛਪਿਆ। ਸੁਲੱਖਣ ਸਰਹੱਦੀ ਨੇ ਯੂਰਪ ਦੇ ਵੱਖ-ਵੱਖ ਦੇਸ਼ਾਂ ਦਾ ਭਰਮਣ ਕਰਕੇ 'ਕੁੱਲ ਯੂਰਪ ਦਾ ਸਫਰਨਾਮਾ' (800 ਪੰਨੇ) ਵੀ ਲਿਖਿਆ ਹੈ।

ਜਨਾਬ ਸੁਲੱਖਣ ਸਰਹੱਦੀ ਨੇ 17ਵੀਂ ਸਦੀ ਦੇ ਪ੍ਰਸਿੱਧ ਸੂਫੀ ਸ਼ਾਇਰ ਸੁਲਤਾਨ

ਬਾਹੂ ਦੇ ਜੀਵਨ ਅਤੇ ਰਚਨਾ ਉੱਪਰ 'ਦਿਲ ਦਰਿਆ ਸਮੁੰਦਰੋਂ ਡੂੰਘੇ' (2010) ਪੁਸਤਕ ਲਿਖ ਕੇ ਮਹੱਤਵਪੂਰਨ ਸਾਹਿਤਕ ਕਾਰਜ ਕੀਤਾ ਹੈ। ਉਸ ਨੇ ਡੂੰਘੀ ਖੋਜ ਕਰਕੇ ਸੁਲਤਾਨ ਬਾਹੂ ਦੀਆਂ ਸੀਹਰਫੀਆਂ ਦੀ ਗਿਣਤੀ 113 ਨਿਰਧਾਰਿਤ ਕੀਤੀ ਹੈ। ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਥਮ ਪੁਰਸਕਾਰ ਦੇ ਕੇ ਨਿਵਾਜਿਆ ਗਿਆ ਸੀ। ਉਨ੍ਹਾਂ ਨੇ ਸੁਲਤਾਨ ਬਾਹੂ ਦੀ ਵਾਰਤਕ ਦੀ ਪੁਸਤਕ 'ਹੱਕ ਨੁਮਾਏ' (ਸੂਫੀ ਮੱਤ ਦੇ ਸਿਧਾਂਤ) (2016) ਅਤੇ ਸੂਫੀ ਮੱਤ ਦੀ ਵਾਰਤਕ ਬਾਰੇ ਪੁਸਤਕਾਂ 'ਅਰਫਾਨ ਭਾਗ-1' ਅਤੇ ਭਾਗ-2 ਪ੍ਰਕਾਸ਼ਿਤ ਕੀਤੀਆਂ।

ਸੁਲੱਖਣ ਸਰਹੱਦੀ ਨੇ ਬਹੁਤ ਸਾਰਾ ਮੁੱਲਵਾਨ ਇਤਿਹਾਸਿਕ ਕਾਰਜ ਵੀ ਕੀਤਾ ਹੈ। ਇਸ ਵਿੱਚ 'ਅਗਨਗਾਥਾ-ਦਾਸਤਾਨ ਛੋਟਾ ਘੱਲੂਘਾਰਾ' ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ। ਕਾਹਨੂੰਵਾਨ ਛੰਭ ਗੁਰਦਾਸਪੁਰ ਦੇ ਇਲਾਕੇ ਵਿੱਚ ਹੀ ਹੈ। ਇਹ ਪੁਸਤਕ ਛੋਟਾ ਘੱਲੂਘਾਰਾ ਟਰੱਸਟ ਨੇ 2006 ਵਿੱਚ ਪ੍ਰਕਾਸ਼ਿਤ ਕਰਵਾ ਕੇ ਵੱਡੀ ਗਿਣਤੀ ਵਿੱਚ ਵੰਡੀ ਹੈ। ਉਸ ਨੇ ਸਿੱਖ ਇਤਿਹਾਸ ਬਾਰੇ ਇੱਕ ਹੋਰ ਮਹੱਤਵਪੂਰਨ ਪੁਸਤਕ 'ਅਨੰਦਪੁਰ ਤੋਂ ਲਾਹੌਰ ਤੱਕ' ਲਿਖੀ, ਜਿਸ ਵਿੱਚ 1699 ਤੋਂ ਲੈ ਕੇ 1799 ਈਸਵੀ ਤੱਕ ਇੱਕ ਸਦੀ ਦੇ ਸਿੱਖ ਇਤਿਹਾਸ ਦਾ ਵਰਨਣ ਬੜੀ ਬਾਖੂਬੀ ਨਾਲ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਸਰਹੱਦੀ ਸਾਹਿਬ ਨੇ 'ਸਾਂਝਾਂ ਦਾ ਮਜ਼ਬੂਤ ਪੁਲ : ਸਾਈਂ ਮੀਆਂ ਮੀਰ' ਪੁਸਤਕ 2013 ਵਿੱਚ ਪ੍ਰਕਾਸ਼ਿਤ ਕਰਵਾਈ।

ਨੈਸ਼ਨਲ ਬੁੱਕ ਟਰੱਸਟ ਇੰਡੀਆ ਨੇ 'ਪੰਜਾਬ ਦੇ ਪਿੰਡਾਂ ਦਾ ਬਦਲ ਰਿਹਾ ਸੱਭਿਆਚਾਰਕ ਮੁਹਾਂਦਰਾ' ਅਤੇ 'ਵਿਸਰ ਰਿਹਾ ਪੰਜਾਬੀ ਵਿਰਸਾ' ਪੁਸਤਕਾਂ ਉਚੇਚੇ ਤੌਰ 'ਤੇ ਸੁਲੱਖਣ ਸਰਹੱਦੀ ਤੋਂ ਲਿਖਵਾ ਕੇ ਪ੍ਰਕਾਸ਼ਿਤ ਕੀਤੀਆਂ। ਨੈਸ਼ਨਲ ਬੁੱਕ ਟਰੱਸਟ ਦੇ ਸਾਬਕਾ ਡਾਇਰੈਕਟਰ ਡਾ. ਬਲਦੇਵ ਸਿੰਘ ਬੱਦਨ ਨੇ 2022 ਵਿੱਚ ਸਰਹੱਦੀ ਦਾ ਗੀਤ ਸੰਗ੍ਰਹਿ 'ਛੱਤਾਂ ਹੇਠ ਕਾਹਦੀਆਂ ਉਡਾਰੀਆਂ' ਅਤੇ 'ਸੁਲੱਖਣ ਸਰਹੱਦੀ ਦੀ ਅਨੂਠੀ ਸਾਹਿਤਕ ਜੀਵਨ ਧਾਰਾ' ਪੁਸਤਕ ਨੂੰ 2023 ਵਿੱਚ ਸੰਪਾਦਤ ਕੀਤਾ ਹੈ। ਸਰਹੱਦੀ ਦੀਆਂ ਬਹੁਤ ਸਾਰੀਆਂ ਪੁਸਤਕਾਂ ਦੇ ਕਈ-ਕਈ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਸਰਹੱਦੀ ਸਾਹਿਬ ਨੇ ਸੰਪਾਦਨਾ ਦੇ ਖੇਤਰ ਵਿੱਚ ਵੀ ਮਾਅਰਕੇ ਮਾਰੇ ਹਨ। ਉਨ੍ਹਾਂ ਨੇ ਬਹੁਤ ਸਾਰੇ ਪ੍ਰਸਿੱਧ ਗ਼ਜ਼ਲਕਾਰਾਂ/ਸਾਹਿਤਕਾਰਾਂ ਦੀ ਸਾਹਿਤਕਾਰੀ ਉੱਪਰ ਦਰਜਨ ਤੋਂ ਵਧੇਰੇ ਪੁਸਤਕਾਂ ਸੰਪਾਦਿਤ ਕੀਤੀਆਂ ਹਨ।

ਸੁਲੱਖਣ ਸਰਹੱਦੀ ਸਾਹਿਤਕ ਅਤੇ ਸੰਪਾਦਨਾ ਦੇ ਕਾਰਜਾਂ ਤੋਂ ਇਲਾਵਾ ਸੰਸਾਰ

ਭਰ ਦੇ ਲੇਖਕਾਂ ਦੀ ਪ੍ਰਸਿੱਧ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: ਵਿੱਚ ਪਿਛਲੇ 30 ਸਾਲ ਤੋਂ ਸਰਗਰਮ ਮੈਂਬਰ ਵਜੋਂ ਵਿਚਰ ਰਹੇ ਹਨ। ਉਨ੍ਹਾਂ ਨੇ ਕੇਂਦਰੀ ਲੇਖਕ ਸਭਾ ਵਿੱਚ ਚਾਰ ਵਾਰ ਵੋਟਾਂ ਨਾਲ ਜਿੱਤ ਕੇ ਵਾਈਸ ਪ੍ਰੈਜੀਡੈਂਟ ਅਤੇ ਦੋ ਵਾਰ ਦੂਜੇ ਵੱਡੇ ਅਹੁਦੇ ਸੀਨੀਅਰ ਮੀਤ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਸਰਹੱਦੀ ਸਾਹਿਬ ਨੇ ਪੰਜਾਬੀ ਭਾਸ਼ਾ ਦੀ ਬੇਹਤਰੀ ਲਈ ਚੱਲੇ ਅੰਦੋਲਨਾਂ ਦੌਰਾਨ ਧਰਨੇ, ਮੁਜਾਰਿਆਂ ਅਤੇ ਹੜਤਾਲਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਕੈਦਾਂ ਕੱਟੀਆਂ ਹਨ। ਉਨ੍ਹਾਂ ਨੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦਾ ਇਤਿਹਾਸ ਵੀ ਲਿਖਿਆ। ਉਹ ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਿਤ ਬਹੁਤ ਸਾਰੀਆਂ ਸਾਹਿਤ ਸਭਾਵਾਂ ਦੇ ਫਾਊਂਡਰ ਪ੍ਰਧਾਨ ਹਨ ਅਤੇ ਵੱਖ-ਵੱਖ ਸਾਹਿਤਕ ਜਥੇਬੰਦੀਆਂ ਵਿੱਚ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਖੇ ਪੰਜਾਬੀ ਕੌਂਸਲ ਆਫ ਆਸਟਰੇਲੀਆ ਕਾਇਮ ਕਰਨ ਵਿੱਚ ਮੁੱਢਲਾ ਯੋਗਦਾਨ ਪਾਇਆ। ਉਨ੍ਹਾਂ ਨੇ 100 ਤੋਂ ਵਧੇਰੇ ਸ਼ਾਗਿਰਦਾਂ ਨੂੰ ਗ਼ਜ਼ਲ ਦੀਆਂ ਬਰੀਕੀਆਂ ਸਮਝਾਈਆਂ ਅਤੇ ਪ੍ਰਪੱਕ ਗ਼ਜ਼ਲਗੋ ਬਣਾਇਆ ਹੈ। ਉਨ੍ਹਾਂ ਨੇ ਆਪਣੇ ਬਹੁਤ ਸਾਰੇ ਸ਼ਾਗਿਰਦਾਂ ਨੂੰ ਉਸਤਾਦ ਗ਼ਜ਼ਲਗੋ ਵਜੋਂ ਮਾਨਤਾ ਦਿੱਤੀ ਹੈ। ਸਰਹੱਦੀ ਦੀ ਗ਼ਜ਼ਲ ਖੇਤਰ ਦੀ ਮਾਨਤਾ ਨੂੰ ਉਸ ਦੇ ਸਮਕਾਲੀ ਮਹਾਂਰਥੀਆਂ ਨੇ ਵੀ ਸਵੀਕਾਰਿਆ ਹੈ। ਪੰਜਾਬੀ ਦੇ ਉਸਤਾਦ ਗ਼ਜ਼ਲਗੋ ਬਲਬੀਰ ਸਿੰਘ ਸੈਣੀ ਸੰਪਾਦਕ ਸੂਲ ਸਰਾਹੀ ਲਿਖਦੇ ਹਨ, "ਸਰਹੱਦੀ ਪੰਜਾਬੀ ਸਾਹਿਤ ਦਾ ਤੇ ਖਾਸ ਕਰਕੇ ਪੰਜਾਬੀ ਗ਼ਜ਼ਲ ਦਾ ਚਲਦਾ ਫਿਰਦਾ ਵਿਕੀਪੀਡੀਆ ਹੈ। ਉਸ ਨੂੰ ਜਦ ਵੀ ਤੇ ਜਿੱਥੇ ਮਰਜ਼ੀ ਗ਼ਜ਼ਲ ਬਾਰੇ ਕੋਈ ਪ੍ਰਸ਼ਨ ਦਿਓ, ਉਹ ਬੱਸ ਵਿੱਚੋਂ ਵੀ ਤੁਹਾਨੂੰ ਉੱਤਰ ਦੇ ਸਕਦਾ ਹੈ। ਉਹ ਗ਼ਜ਼ਲ ਦਾ ਉਸਤਾਦ ਹੈ, ਪਰ ਨਿਮਰਤਾ ਦਾ ਪੁੰਜ ਹੈ। ਗ਼ਜ਼ਲਾਂ ਨੂੰ ਨਵੀਆਂ ਲੀਹਾਂ ਉੱਤੇ ਤੋਰਨ ਵਿਚ ਸਰਹੱਦੀ ਵਰਗਾ ਹੋਰ ਘੱਟ ਹੀ ਨਜ਼ਰ ਆਉਂਦਾ ਹੈ।" ਪੰਜਾਬੀ ਗ਼ਜ਼ਲ ਦੇ ਇੱਕ ਹੋਰ ਮਹਾਂਰਥੀ ਡਾ. ਜਗਤਾਰ ਵੱਲੋਂ ਸਰਹੱਦੀ ਨੂੰ ਉਸਤਾਦ ਗ਼ਜ਼ਲਗੋ ਦਾ ਖਿਤਾਬ ਦਿੱਤਾ ਗਿਆ ਹੈ।

ਜੇਕਰ ਸਰਹੱਦੀ ਸਾਹਿਬ ਨੂੰ ਮਿਲੇ ਇਨਾਮਾਂ ਸਨਮਾਨਾਂ ਦੀ ਗੱਲ ਕਰੀਏ ਤਾਂ ਇਹ ਗਿਣਤੀ ਸੈਂਕੜਿਆਂ ਵਿੱਚ ਬਣਦੀ ਹੈ। ਪੰਜਾਬੀ ਗ਼ਜ਼ਲ ਦਾ ਬਾਬਾ ਬੋਹੜ, ਦੀਪਕ ਜੈਤੋਈ ਗ਼ਜ਼ਲ ਐਵਾਰਡ, ਪ੍ਰਿੰਸੀਪਲ ਤਖ਼ਤ ਸਿੰਘ ਗ਼ਜ਼ਲ ਐਵਾਰਡ, ਡਾਕਟਰ ਸਾਧੂ ਸਿੰਘ ਹਮਦਰਦ ਗ਼ਜ਼ਲ ਐਵਾਰਡ, ਪੰਜਾਬੀ ਗ਼ਜ਼ਲ ਦਾ ਮਾਣ ਸਰਹੱਦੀ,

ਪੰਜਾਬੀ ਗ਼ਜ਼ਲ ਦਾ ਬਾਦਸ਼ਾਹ ਉਲਫ਼ਤ ਬਾਜਵਾ ਅੰਤਰਰਾਸ਼ਟਰੀ ਐਵਾਰਡ, ਡਾ. ਰਣਧੀਰ ਸਿੰਘ ਚੰਦ ਗ਼ਜ਼ਲ ਐਵਾਰਡ, ਉਸਤਾਦ ਦਾਮਨ ਯਾਦਗਾਰੀ ਐਵਾਰਡ, ਸ਼੍ਰੋਮਣੀ ਗ਼ਜ਼ਲਕਾਰ ਐਵਾਰਡ 2015, ਗ਼ਜ਼ਲ ਮਹਾਂਰਥੀ ਸਨਮਾਨ, ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸਨਮਾਨ ਅਤੇ ਭਾਈ ਕਾਹਨ ਸਿੰਘ ਨਾਭਾ ਰਚਨਾ ਵਿਚਾਰ ਮੰਚ ਵੱਲੋਂ ਸਨਮਾਨ, ਬਿਸਮਿਲ ਫ਼ਰੀਦਕੋਟੀ ਐਵਾਰਡ 2025 ਸਮੇਤ ਬਹੁਤ ਸਾਰੇ ਸਨਮਾਨ ਸ਼ਾਮਿਲ ਹਨ।

2007 ਵਿੱਚ ਉਨ੍ਹਾਂ ਨੂੰ ਨੂਰ ਬਾਹੂ ਇੰਟਰਨੈਸ਼ਨਲ ਫਾਊਂਡੇਸ਼ਨ ਲਾਹੌਰ ਵੱਲੋਂ ਸੁਲਤਾਨ ਬਾਹੂ ਐਵਾਰਡ ਦਿੱਤਾ ਗਿਆ। ਪੰਜਾਬੀ ਸਾਹਿਤ ਸਭਾ ਫਰੀਦਾਬਾਦ (ਹਰਿਆਣਾ) ਵੱਲੋਂ 2011 ਦਾ ਕਬੀਰ ਪੁਰਸਕਾਰ ਸਰਹੱਦੀ ਨੂੰ ਦਿੱਤਾ ਗਿਆ। ਸੁਲੱਖਣ ਸਰਹੱਦੀ ਨੂੰ ਪੰਜਾਬੀ ਲੋਕ ਮੰਚ ਦਿੱਲੀ (ਰਜਿ:), ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਵੱਖ-ਵੱਖ ਸਮਿਆਂ 'ਤੇ ਸਨਮਾਨਿਆ ਗਿਆ। ਆਸਟਰੇਲੀਆ ਦੇ ਤਿੰਨ ਸਫ਼ਰਨਾਮੇ ਲਿਖਣ ਤੇ ਉਨ੍ਹਾਂ ਦਾ ਐਡੀਲੇਡ ਦੀ ਪਾਰਲੀਮੈਂਟ ਵਿੱਚ 2015 ਵਿੱਚ ਸਨਮਾਨ ਹੋਇਆ। 2016 ਵਿੱਚ ਬ੍ਰਿਸਬੇਨ ਵਿਖੇ ਆਸਟਰੇਲੀਆ ਦੇਸ਼ ਦੀ ਪਹਿਲੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਵਿੱਚ ਸਰਹੱਦੀ ਨੂੰ ਭਾਰਤ ਤੋਂ ਉਚੇਚੇ ਤੌਰ 'ਤੇ ਬੁਲਾਇਆ ਗਿਆ ਅਤੇ ਸਨਮਾਨਿਤ ਕੀਤਾ ਗਿਆ। ਸਿੱਖ ਹੈਰੀਟੇਜ ਪਰਥ ਦੇ ਸੰਚਾਲਕ ਸ. ਤਰਨਪ੍ਰੀਤ ਸਿੰਘ ਵੱਲੋਂ ਉਚੇਚੇ ਤੌਰ 'ਤੇ ਸਨਮਾਨ ਸਮੇਤ ਦੇਸ਼ ਵਿਦੇਸ਼ ਦੀਆਂ ਅਣਗਿਣਤ ਸੰਸਥਾਵਾਂ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਹੈ। ਸਰਹੱਦੀ ਨੇ ਸੈਂਕੜੇ ਵਾਰ ਸੰਸਾਰ ਪੱਧਰੀ ਅਤੇ ਪੰਜਾਬ ਪੱਧਰੀ ਸਾਹਿਤਕ ਸਮਾਗਮਾਂ ਦੀ ਪ੍ਰਧਾਨਗੀ ਕੀਤੀ ਹੈ। ਉਸਨੇ ਸੈਂਕੜੇ ਗ਼ਜ਼ਲ ਪੁਸਤਕਾਂ ਦੇ ਮੁੱਖ ਬੰਦ ਲਿਖੇ ਹਨ। ਪੰਜਾਬੀ ਦੇ ਨਾਮਵਰ ਅਖਬਾਰਾਂ ਵਿੱਚ ਉਨ੍ਹਾਂ ਦੇ ਕੀਤੇ ਹਜ਼ਾਰਾਂ ਰੀਵਿਊ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਨਿਰੰਤਰਤਾ ਨਾਲ ਪ੍ਰਕਾਸ਼ਿਤ ਹੋ ਰਹੇ ਹਨ। ਪੰਜਾਬੀ ਦੇ ਗ਼ਜ਼ਲਕਾਰ ਸਰਹੱਦੀ ਤੋਂ ਆਪਣੀਆਂ ਪੁਸਤਕਾਂ ਦੇ ਮੁੱਖਬੰਦ ਲਿਖਵਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਨ। ਸੁਲੱਖਣ ਸਰਹੱਦੀ ਪੰਜਾਬੀ ਦੇ ਤ੍ਰੈ ਮਾਸਿਕ ਮੈਗਜ਼ੀਨ 'ਚਿਰਾਗ' ਦੇ ਪਿਛਲੇ ਲੰਮੇ ਸਮੇਂ ਤੋਂ ਸੰਪਾਦਕੀ ਬੋਰਡ ਵਿੱਚ ਸ਼ਾਮਿਲ ਹਨ।

ਸੁਲੱਖਣ ਸਰਹੱਦੀ ਦੀ ਪਰਿਵਾਰਕ ਫੁਲਵਾੜੀ ਵਿੱਚ ਤਿੰਨ ਬੇਟੀਆਂ ਰਾਜਵੰਤ ਕੌਰ, ਨਵਜੋਤ ਕੌਰ ਅਤੇ ਮਨਪ੍ਰੀਤ ਕੌਰ ਹਨ। ਉਨ੍ਹਾਂ ਦੇ ਦੋ ਬੇਟੇ ਬਚਿੱਤਰ ਸਿੰਘ ਅਤੇ ਗੁਰਪ੍ਰੀਤ ਸਿੰਘ ਹਨ। ਉਨ੍ਹਾਂ ਦੀ ਬੇਟੀ ਰਾਜਵੰਤ ਕੌਰ ਅਤੇ ਨਵਜੋਤ ਕੌਰ ਸਿਡਨੀ

(ਆਸਟਰੇਲੀਆ) ਵਿਖੇ ਸਿਟੀਜਨਸ਼ਿਪ ਹਨ। ਉਨ੍ਹਾਂ ਦਾ ਬੇਟਾ ਸ੍ਰੀ ਬਚਿੱਤਰ ਸਿੰਘ ਕੁਹਾੜ ਐਡੀਲੇਡ (ਆਸਟਰੇਲੀਆ) ਵਿਖੇ ਸਿਟੀਜਨ ਵਜੋਂ ਰਹਿ ਰਿਹਾ ਹੈ ਅਤੇ ਉੱਥੋਂ ਪੰਜਾਬੀ ਟ੍ਰਿਬਿਊਨ ਦਾ ਪੱਤਰਕਾਰ ਹੈ। ਉਨ੍ਹਾਂ ਦਾ ਛੋਟਾ ਬੇਟਾ ਗੁਰਪ੍ਰੀਤ ਸਿੰਘ ਇਟਲੀ ਦਾ ਨਾਗਰਿਕ ਹੈ ਅਤੇ ਸਭ ਤੋਂ ਛੋਟੀ ਬੇਟੀ ਮਨਪ੍ਰੀਤ ਕੌਰ ਫਰਾਂਸ ਵਿਖੇ ਵੈਲ ਸੈੱਟਲਡ ਹੈ। ਸੁਲੱਖਣ ਸਰਹੱਦੀ ਦੀ ਧਰਮਪਤਨੀ ਸ਼੍ਰੀਮਤੀ ਰਘਵੀਰ ਕੌਰ 2015 ਵਿੱਚ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਪੰਜਾਬੀ ਦੇ ਨਾਮਵਰ ਸਾਹਿਤਕਾਰ ਸੁਲੱਖਣ ਸਰਹੱਦੀ ਛੋਟੇ ਜਿਹੇ ਅਤੀ ਪਛੜੇ ਪਿੰਡ ਵਿੱਚ ਅਣਸੁਖਾਵੇਂ ਹਾਲਾਤਾਂ ਵਿੱਚ ਪੜ੍ਹ-ਲਿਖ ਕੇ ਪੰਜਾਬੀ ਦੇ ਵੱਡੇ ਸਾਹਿਤਕਾਰ ਬਣੇ। ਉਨ੍ਹਾਂ ਦਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਅਤੇ ਮਾਰਗਦਰਸ਼ਨ ਦਾ ਕਾਰਜ ਕਰ ਰਿਹਾ ਹੈ। ਅੱਜ ਸੁਲੱਖਣ ਸਰਹੱਦੀ ਦੇ ਸਾਹਿਤਕ ਕਾਰਜਾਂ ਉੱਪਰ ਖੋਜ ਕਾਰਜ ਹੋ ਰਹੇ ਹਨ। ਜਦੋਂ ਡਾ.ਬਲਜਿੰਦਰ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੰਜਾਬੀ ਗ਼ਜ਼ਲ ਉੱਤੇ ਪੀ.ਐਚ.ਡੀ. ਕੀਤੀ, ਤਾਂ ਉਸ ਸਮੇਂ ਉਸ ਨੇ ਡਾ. ਸੁਰਜੀਤ ਪਾਤਰ, ਸੁਰਜੀਤ ਜੱਜ ਤੇ ਸੁਲੱਖਣ ਸਰਹੱਦੀ ਨੂੰ ਇਸ ਖੋਜ ਵਿੱਚ ਸ਼ਾਮਿਲ ਕੀਤਾ। ਖੋਜਾਰਥੀ ਜਗਮੀਤ ਹਰਫ਼ ਨੇ 2019-21 ਦੌਰਾਨ ਸਰਹੱਦੀ ਦੀਆਂ ਗ਼ਜ਼ਲਾਂ ਉੱਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਫਿਲ. ਕੀਤੀ, ਉਸ ਦਾ ਇਹ ਖੋਜ ਕਾਰਜ 'ਸੁਲੱਖਣ ਸਰਹੱਦੀ ਦੀ ਗ਼ਜ਼ਲ ਦਾ ਛੰਦ ਵਿਧਾਨ' ਅਨੁਵਾਨ ਤਹਿਤ 2023 ਵਿੱਚ ਪ੍ਰਕਾਸ਼ਿਤ ਹੋਇਆ। ਸਰਹੱਦੀ ਦੀਆਂ ਤਿੰਨ ਪੁਸਤਕਾਂ 'ਦਿਲ ਦਰਿਆ ਸਮੁੰਦਰੋਂ ਡੂੰਘੇ' (ਖੋਜ ਪੁਸਤਕ), 'ਸਾਡਾ ਆਸਟਰੇਲੀਆ' (ਸਫ਼ਰਨਾਮਾ) ਅਤੇ 'ਦਰਦ ਬੋਲਦਾ ਹੈ' (ਗ਼ਜ਼ਲ ਸੰਗ੍ਰਹਿ) ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੁਸਤਕ ਪੁਰਸਕਾਰ ਦੇ ਕੇ ਨਿਵਾਜਿਆ ਗਿਆ ਹੈ। ਸਰਹੱਦੀ ਸਾਹਿਬ ਲਗਭਗ ਅੱਠ ਦਹਾਕੇ ਪਾਰ ਕਰਕੇ ਵੀ ਨਵਯੁਵਕਾਂ ਤੋਂ ਵਧੇਰੇ ਸਰਗਰਮ ਹਨ। ਗ਼ਜ਼ਲ ਸੰਗ੍ਰਹਿ 'ਬਾਜਾਂ ਦੀ ਚੁੰਝ ਤੋਂ' (2025) ਅਤੇ ਸਿੱਖ ਇਤਿਹਾਸ ਸਬੰਧੀ ਖੋਜ ਭਰਪੂਰ ਪੁਸਤਕ 'ਅਠਾਰਵੀਂ ਸਦੀ ਦੇ ਸਿੱਖ ਸਾਕੇ ਤੇ ਘੱਲੂਘਾਰੇ (2025) ਉਨ੍ਹਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ ਹਨ। ਸਰਹੱਦੀ ਉਪਰ ਦੂਰਦਰਸ਼ਨ ਕੇਂਦਰ ਜਲੰਧਰ ਵੱਲੋਂ ਪੌਣੇ ਘੰਟੇ ਦੀ ਡਾਕੂਮੈਂਟਰੀ ਫਿਲਮ ਅਤੇ ਏ. ਵਨ. ਟੀ.ਵੀ. ਆਸਟਰੇਲੀਆ ਵੱਲੋਂ ਵੀ ਡਾਕੂਮੈਂਟਰੀ ਫਿਲਮ ਬਣਾਈ ਗਈ ਹੈ।

ਅੱਧੀ ਸਦੀ ਤੋਂ ਵੀ ਪਹਿਲਾਂ ਜਦੋਂ ਸਰਹੱਦੀ ਨੇ ਗ਼ਜ਼ਲ ਦੇ ਖੇਤਰ ਵਿੱਚ ਪੈਰ

ਧਰਿਆ ਸੀ ਤਾਂ ਉਹ ਸਮਾਂ ਪੰਜਾਬੀ ਗ਼ਜ਼ਲ ਲਈ ਖੁਸ਼ਗਵਾਰ ਨਹੀਂ ਸੀ। ਪੰਜਾਬੀ ਗ਼ਜ਼ਲ ਨੂੰ ਅਜੋਕੇ ਫ਼ਖ਼ਰਯੋਗ ਮੁਕਾਮ ਤੱਕ ਪਹੁੰਚਾਉਣ ਲਈ ਹੋਰਨਾਂ ਗ਼ਜ਼ਲਕਾਰਾਂ ਦੇ ਨਾਲ-ਨਾਲ ਸੁਲੱਖਣ ਸਰਹੱਦੀ ਨੇ ਵੀ ਜ਼ਿਕਰਯੋਗ ਯੋਗਦਾਨ ਪਾਇਆ ਹੈ, ਤਾਂ ਕਿਤੇ ਜਾ ਕੇ ਪੰਜਾਬੀ ਗ਼ਜ਼ਲ ਨੂੰ ਵਰਤਮਾਨ ਸੁਲੱਖਣੀ ਘੜੀ ਨਸੀਬ ਹੋਈ ਹੈ। ਸੁਲੱਖਣ ਸਰਹੱਦੀ ਦੇ ਸਾਹਿਤਕ ਕਾਰਜਾਂ ਨੂੰ ਮਾਨਤਾ ਦਿੰਦਿਆਂ ਹੋਇਆਂ ਡਾ. ਬਲਦੇਵ ਸਿੰਘ ਬੱਦਨ ਸਾਬਕਾ ਡਾਇਰੈਕਟਰ ਨੈਸ਼ਨਲ ਬੁੱਕ ਟਰੱਸਟ ਇੰਡੀਆ ਵੱਲੋਂ 1400 ਸਫੇ ਦਾ ਅਭਿਨੰਦਨ ਗ੍ਰੰਥ ਤਿਆਰ ਕੀਤਾ ਜਾ ਰਿਹਾ ਹੈ, ਜੋ ਕਿ ਆਉਣ ਵਾਲੇ ਸਮੇਂ ਵਿੱਚ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਰਹੱਦੀ ਜੀ ਨੂੰ ਭੇਂਟ ਕੀਤਾ ਜਾਵੇਗਾ।

ਸਰਹੱਦੀ ਸਾਹਿਬ ਦੇ ਇੱਕ ਸ਼ਿਅਰ ਨਾਲ ਆਪਣੀ ਰਚਨਾ ਨੂੰ ਵਿਰਾਮ ਦੇਣਾ ਚਾਹਾਂਗਾ:-

ਜੇ ਕਵੀ ਰਹਿਬਰ ਨਹੀਂ ਤਾਂ ਕੁਝ ਨਹੀਂ।
ਤਰਕ ਜੇ ਨਸ਼ਤਰ ਨਹੀਂ ਤਾਂ ਕੁਝ ਨਹੀਂ।
ਲੱਖ ਵੇਰਾਂ ਉਸ ਨੂੰ ਆਖੋ ਦੇਵਤਾ,
ਆਦਮੀ ਜੇਕਰ ਨਹੀਂ ਤਾਂ ਕੁਝ ਨਹੀਂ।

ਮੋਬਾਇਲ : 94174-84337

# ਗੁਰਚਰਨ ਸਿੰਘ ਨੂਰਪੁਰ



ਗੁਰਚਰਨ ਸਿੰਘ ਨੂਰਪੁਰ ਅੱਖਰਕਾਰੀ ਅਤੇ ਕਿਰਤਾਰਥੀ ਪੈਡਿਆਂ ਸੰਗ ਪ੍ਰਣਾਈ ਸ਼ਖਸ਼ੀਅਤ ਦਾ ਨਾਮ ਹੈ। ਬਹੁਵਿਧਾਵੀ ਲੇਖਣਕਾਰੀ ਨਾਲ ਜੁੜਦਿਆਂ ਕਵਿਤਾ, ਕਹਾਣੀ, ਨਾਵਲ ਅਤੇ ਵਾਰਤਕ ਲਿਖਦਿਆਂ ਨੂਰਪੁਰ ਦਾ ਕੇਂਦਰੀ ਫਿਕਰ ਪੰਜਾਬੀ ਰਹਿਤਲ ਦੇ ਵਰਤਮਾਨ ਤੇ ਭਵਿੱਖ ਦੀਆਂ ਚੁਣੌਤੀਆਂ ਨਾਲ ਸਬੰਧਤ ਰਿਹਾ ਹੈ। ਜਨ-ਸਧਾਰਨ ਦੀ ਤਰਾਸਦੀ, ਤਿੜਕਦੀ ਹੋਂਦ ਅਤੇ ਅਣਸੁਖਾਵੀਂ ਹੋਣੀ ਬਾਰੇ ਉਸਦੀ ਸੰਵੇਦਨਾ ਦਾ ਦਰਦ ਵੱਖ-ਵੱਖ ਮੰਚਾਂ ਤੋਂ ਨਿਰੰਤਰ ਪ੍ਰਵਾਹਿਤ ਹੁੰਦਾ ਰਹਿੰਦਾ ਹੈ। ਪੰਜਾਬੀ ਵਸੇਬ ਦੀ ਸੋਚ ਨੂੰ ਟੁੰਬਣ ਵਾਲੀਆਂ ਨੂਰਪੁਰ ਦੀਆਂ ਲਿਖਤਾਂ ਅਖਬਾਰਾਂ ਵਿੱਚ ਛਪਣ ਕਰਕੇ ਉਸ ਦੀ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਪ੍ਰਤੀ ਹੇਜ਼ ਰੱਖਣ ਵਾਲੇ ਲੋਕਾਂ ਵਿੱਚ ਪਹਿਚਾਣ ਬਣੀ ਹੋਈ ਹੈ।

ਪੰਜਾਬੀ ਦੇ ਨਾਮਵਰ ਚਿੰਤਕ, ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ ਦਾ ਜਨਮ 31 ਮਾਰਚ, 1972 ਨੂੰ ਸਰਦਾਰ ਬਾਜ ਸਿੰਘ ਅਤੇ ਸ਼੍ਰੀਮਤੀ ਹਰਬੰਸ ਕੌਰ ਦੇ ਗ੍ਰਹਿ ਵਿਖੇ ਪਿੰਡ ਨੂਰਪੁਰ ਤਹਿਸੀਲ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਉਨ੍ਹਾਂ ਨੇ ਮੁੱਢਲੀ ਵਿਦਿਆ ਪ੍ਰਾਇਮਰੀ ਸਕੂਲ ਤੱਕ ਨੂਰਪੁਰ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਉਹ ਜੀਵਨ ਮੱਲ ਸਰਕਾਰੀ ਸਕੂਲ ਜ਼ੀਰਾ ਵਿਚ ਪੜ੍ਹੇ। ਗੁਰਚਰਨ ਸਿੰਘ ਨੂਰਪੁਰ ਲਗਭਗ ਚਾਰ ਦਹਾਕਿਆਂ ਤੋਂ ਵੱਖ ਵੱਖ ਅਖਬਾਰਾਂ ਮੈਗਜ਼ੀਨਾਂ ਵਿੱਚ ਛਪਦਾ ਆ ਰਿਹਾ ਹੈ। ਉਹ ਜੋ ਕੁਝ ਵੀ ਲਿਖਦਾ ਹੈ, ਉਸ ਸੋਚ ’ਤੇ ਪਹਿਰਾ ਦੇਣ ਲਈ ਵੀ ਯਤਨਸ਼ੀਲ ਰਹਿੰਦਾ ਹੈ। ਇਹੋ ਕਾਰਨ ਸੀ ਕਿ ਵਾਤਾਵਰਨ ਲਈ ਲਿਖਦਿਆਂ, ਬੋਲਦਿਆਂ ਅਤੇ ਲੋਕਾਂ ਦੇ ਜੀਵਨ ਨਾਲ ਜੁੜੇ ਮਸਲਿਆਂ ਲਈ ਆਵਾਜ਼ ਬੁਲੰਦ ਕਰਨ ਦੇ ਇਵਜ਼ ਵਿੱਚ ਸ਼ਰਾਬ ਫੈਕਟਰੀ ਜ਼ੀਰਾ ਖ਼ਿਲਾਫ਼ ਹੋਏ ਸ਼ੰਘਰਸ਼ ਦੌਰਾਨ ਉਸ ’ਤੇ ਪੰਜ ਪਰਚੇ ਦਰਜ ਹੋਏ। ਚਾਰ ਦਿਨ ਪੁਲਿਸ ਦੀਆਂ ਧਾੜਾਂ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕਰਦੀਆਂ ਰਹੀਆਂ। ਇਸ ਸਮੇਂ ਦੌਰਾਨ ਉਹ ਰੱਤੀ ਭਰ ਵੀ ਡਰਿਆ ਤੇ ਝੁਕਿਆ ਨਹੀਂ, ਬਲਕਿ ਉਸ ਨੇ ਲੋਕਪੱਖੀ ਆਵਾਜ਼ ਨੂੰ ਹੋਰ ਬੁਲੰਦ ਕਰਨ ਦੀ

ਜੁਰਅੱਤ ਕੀਤੀ। ਪੰਜਾਬ ਭਰ ਤੋਂ ਉਸ ਦੇ ਹੱਕ ਵਿੱਚ ਵੱਖ- ਵੱਖ ਨਾਮੀ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਸੰਸਥਾਵਾਂ ਨੇ ਉਸ 'ਤੇ ਪਰਚੇ ਦਰਜ ਕਰਨ ਦਾ ਵਿਰੋਧ ਕੀਤਾ। ਇਸ ਫੈਕਟਰੀ ਦੇ ਕਾਲੇ ਚਿੱਠੇ ਜੱਗ ਜਾਹਰ ਹੋਣ ਮਗਰੋਂ ਸਰਕਾਰ ਨੂੰ ਉਸ 'ਤੇ ਦਰਜ ਕੀਤੇ ਕੇਸ ਵਾਪਸ ਲੈਣੇ ਪਏ।

ਪੰਜਾਬ ਦੇ ਵਾਤਾਵਰਣ ਲਈ ਫਿਕਰਮੰਦੀ ਜਾਹਿਰ ਕਰਦਿਆਂ ਉਹ ਲਗਾਤਾਰ ਲਿਖਦਾ ਬੋਲਦਾ ਹੈ ਅਤੇ ਪੰਜਾਬੀ ਦੇ ਵੱਡੇ ਅਖਬਾਰ ਉਸ ਦੀਆਂ ਲਿਖਤਾਂ ਨੂੰ ਵਿਸ਼ੇਸ਼ ਸਥਾਨ ਦੇ ਕੇ ਛਾਪਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ।

ਵਾਤਾਵਰਨ ਸਬੰਧ ਫਿਕਰਮੰਦੀ ਜਾਹਿਰ ਕਰਦਿਆਂ ਓਸ ਦੇ ਬੋਲ ਵੇਖਣ ਵਾਲੇ ਹਨ:-

ਵੇਲਾ ਸੀ ਕਦੇ ਅਸੀਂ ਵੀ ਮਾਲਕ ਹੁੰਦੇ ਸਾਂ ਦਰਿਆਵਾਂ ਦੇ,<br>
ਅੱਜਕਲ੍ਹ ਸ਼ਹਿਰੋਂ ਭਾਅ ਪੁੱਛਦੇ ਹਾਂ ਬੋਤਲ ਵਾਲੇ ਪਾਣੀ ਦਾ।

ਗੰਧਲੇ ਹੋ ਰਹੇ ਵਾਤਾਵਰਨ ਦਾ ਫਿਕਰ ਕਰਦਿਆਂ ਕਿਸਾਨ ਜਥੇਬੰਦੀਆਂ ਦੇ ਮੰਚਾਂ 'ਤੇ ਖੜ੍ਹ ਕੇ ਵੀ ਇਹ ਗੱਲ ਜ਼ੋਰ ਦੇ ਕੇ ਆਖਣੀ ਕਿ "ਸਾਨੂੰ ਝੋਨੇ ਦੀ ਪਰਾਲੀ ਤੇ ਕਣਕ ਦੇ ਨਾੜ ਨੂੰ ਅੱਗ ਨਹੀਂ ਲਾਉਣੀ ਚਾਹੀਦੀ", ਇਹ ਹਿੰਮਤ ਨੂਰਪੁਰ ਦੇ ਹਿੱਸੇ ਆਈ ਹੈ। ਇਸੇ ਤਰ੍ਹਾਂ ਅੰਧਵਿਸ਼ਵਾਸ਼ ਖਿਲਾਫ ਉਹ ਤਰਕਸ਼ੀਲ ਨਜ਼ਰੀਏ ਨਾਲ ਲਿਖਦਾ ਬੋਲਦਾ ਹੈ। ਤਰਕਸ਼ੀਲ ਸੋਚ ਲਈ ਉਸ ਨੇ ਲਿਖਿਆ ਬੋਲਿਆ ਹੀ ਨਹੀਂ ਬਲਕਿ ਸਰਗਰਮੀ ਨਾਲ ਕੰਮ ਵੀ ਕੀਤਾ। ਸੰਨ 2016 ਵਿੱਚ ਪੜ੍ਹੇ ਲਿਖੇ ਲੋਕਾਂ ਨੂੰ ਭਰਮਜਾਲ ਵਿੱਚ ਪਾ ਕੇ ਲੁੱਟਣ ਵਾਲੀ ਬਰੇਨ ਪੀਡੀਆ ਵਰਗੀ ਕੰਪਨੀ, ਜੋ ਬੱਚਿਆਂ ਨੂੰ ਨੱਕ ਨਾਲ ਸੁੰਘ ਕੇ ਪੜ੍ਹਨ ਅਤੇ ਅਖੌਤੀ ਖਾਸ ਤਕਨੀਕ ਨਾਲ ਦਿਮਾਗ ਤੇਜ ਕਰਨ ਦੇ ਦਾਅਵੇ ਕਰਕੇ ਲੋਕਾਂ ਤੋਂ ਲੱਖਾਂ ਰੁਪਏ ਲੁੱਟ ਰਹੀ ਸੀ ਅਤੇ ਹਜ਼ਾਰਾਂ ਲੋਕਾਂ ਨੇ ਇਸ ਅਖੌਤੀ ਕੰਪਨੀ ਵੱਲੋਂ ਲੁੱਟੇ ਜਾਣਾ ਸੀ। ਇਸ ਸੰਸਥਾ ਵੱਲੋਂ ਜ਼ੀਰਾ ਵਿਖੇ ਕੀਤੇ ਜਾ ਰਹੇ ਇੱਕ ਵਿਸ਼ਾਲ ਚਲਦੇ ਪ੍ਰੋਗਰਾਮ ਵਿੱਚ ਉਸ ਨੇ ਬੇਝਿਜਕ ਹੋ ਕੇ ਕਿਹਾ ਸੀ, "ਇਹ ਲੋਕਾਂ ਨਾਲ ਸਰਾਸਰ ਠੱਗੀ ਮਾਰੀ ਜਾ ਰਹੀ ਹੈ, ਧੋਖਾ ਹੈ, ਫਰੇਬ ਹੈ। ਦੁਨੀਆਂ ਦਾ ਕੋਈ ਬੰਦਾ ਜੇਕਰ ਨੱਕ ਨਾਲ ਸੁੰਘ ਕੇ ਪੜ੍ਹਨ ਦਾ ਦਾਅਵਾ ਕਰਦਾ ਹੈ ਤਾਂ ਅਸੀਂ ਉਸ ਨਾਲ ਦਸ ਲੱਖ ਰੁਪਏ ਦੀ ਸ਼ਰਤ ਲਾਉਣ ਲਈ ਤਿਆਰ ਹਾਂ।" ਇਸ ਅਖੌਤੀ ਬਰੇਨ ਪੀਡੀਆ ਕੰਪਨੀ ਨਾਲ ਸ਼ਰਤ ਲੱਗੀ। ਉਸ ਨੂੰ ਨੌਸਰਬਾਜਾਂ ਦੀਆਂ ਧਮਕੀਆਂ ਵੀ ਆਉਂਦੀਆਂ ਰਹੀਆਂ, ਪਰ ਉਹ ਲੋਕ ਪੱਖੀ ਸੋਚ 'ਤੇ ਕਾਇਮ ਰਿਹਾ। ਉਸ ਨੇ

ਤਰਕਸ਼ੀਲ ਸੋਚ ਰੱਖਣ ਵਾਲੇ ਸਾਥੀਆਂ ਨਾਲ ਮਿਲ ਕੇ ਇਸ ਸੰਸਥਾ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਪੰਜਾਬ ਭਰ ਦੀ ਪ੍ਰੈਸ ਸਾਹਮਣੇ ਨੰਗਾ ਕਰਕੇ ਪੂਰੇ ਉੱਤਰੀ ਭਾਰਤ ਦੇ ਸੂਬਿਆਂ ’ਚੋਂ ਇਸ ਕੰਪਨੀ ਦੀ ਲੁੱਟ ਦਾ ਧੰਦਾ ਬੰਦ ਕਰਵਾਇਆ।

ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ ਨੇ ਆਪਣੀ ਪਲੇਠੀ ਪੁਸਤਕ ਤਰਕਸ਼ੀਲ ਲੇਖਾਂ ਦੀ ‘ਕੀ ਸੱਚ ਕੀ ਝੂਠ’ (2003) ਵਿੱਚ ਪੰਜਾਬੀ ਸਾਹਿਤ ਦੀ ਝੋਲੀ ਪਾਈ, ਜਿਸ ਦੇ ਹੁਣ ਤੱਕ ਕਈ ਐਡੀਸ਼ਨ ਛਪ ਚੁੱਕੇ ਹਨ। ਉਸ ਦੀਆਂ ਹੋਰ ਪੁਸਤਕਾਂ ਵਿੱਚ ਗੇੜ ਚੁਰਾਸੀ ਦਾ (ਲੇਖ ਸੰਗ੍ਰਹਿ) 2004, ਹਾਰੀ ਜੰਗ ਦਾ ਨਾਇਕ (ਕਹਾਣੀ-ਸੰਗ੍ਰਹਿ) 2008, ਮਨ ਦੀ ਭਟਕਦਾ ਦੇ ਪਾਰ 2010, ਸੁਪਨੇ ਜੇਕਰ ਬੀਜਣੇ (ਕਵਿਤਾ) 2011, ਕਦਰਾਂ ਕੀਮਤਾਂ ਦਾ ਪੱਲਾ ਨਾ ਛੱਡੋ (2015), ਬੌਧਿਕ ਔੜ ਦਾ ਯੁੱਗ (2018) ਸ਼ਾਮਿਲ ਹਨ। ਉਨ੍ਹਾਂ ਦੀਆਂ ਪੁਸਤਕਾਂ ਮਨ ਦੀ ਭਟਕਣਾ ਦੇ ਪਾਰ, ਕਦਰਾਂ ਕੀਮਤਾਂ ਦਾ ਪੱਲਾ ਨਾ ਛੱਡੋ ਅਤੇ ਬੌਧਿਕ ਔੜ ਦਾ ਯੁੱਗ ਦੇ ਕਈ-ਕਈ ਐਡੀਸ਼ਨ ਛਪ ਚੁੱਕੇ ਹਨ।

ਪੰਜਾਬ ਦੀ ਸਿਰਮੌਰ ਸੰਸਥਾ ਭਗਤ ਪੂਰਨ ਸਿੰਘ ਪਿੰਗਲਵਾੜਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਉਸ ਦੇ ਲੇਖ ‘ਵੱਡੇ ਹਸਪਤਾਲ ਦਾ ਰੂਪ ਲੈ ਰਹੀ ਪੰਜਾਬ ਦੀ ਧਰਤੀ’ ਅਤੇ ‘ਕੁਦਰਤ ਦੀ ਰਹਿਬਰੀ ਤਿਆਗ ਕੇ ਕਿਹੜੇ ਸੁੱਖਾਂ ਦੀ ਭਾਲ?’ ਨੂੰ ਪੈਂਫਲਿਟ ਦੇ ਰੂਪ ਵਿੱਚ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਤ ਕਰਕੇ ਦਰਬਾਰ ਸਾਹਿਬ ਦੇ ਬਾਹਰਵਾਰ ਲੱਗੀ ਪਿੰਗਲਵਾੜਾ ਸੰਸਥਾ ਦੀ ਸਟਾਲ ਅਤੇ ਹੋਰ ਮੰਚਾਂ ’ਤੇ ਵੰਡਿਆ ਗਿਆ/ਜਾ ਰਿਹਾ ਹੈ। ਇਸੇ ਸੰਸਥਾ ਵੱਲੋਂ ਨੂਰਪੁਰ ਦੀ ਪੁਸਤਕ “ਕੁਝ ਕੁ ਛਾਵਾਂ ਰੱਖਿਓ” ਦੀਆਂ 2019 ਵਿੱਚ 10 ਹਜਾਰ ਕਾਪੀਆਂ ਪ੍ਰਕਾਸ਼ਿਤ ਕਰਵਾਕੇ ਪਾਠਕਾਂ ਨੂੰ ਭੇਟਾ ਰਹਿਤ ਵੰਡੀਆਂ ਗਈਆਂ ਸਨ। ਮੁੜ 2022 ਵਿੱਚ ਇਸ ਦੀਆਂ 5 ਹਜ਼ਾਰ ਕਾਪੀਆਂ ਪਾਠਕਾਂ ਵਿੱਚ ਮੁਫ਼ਤ ਵੰਡਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਸਨ। ਇਸ ਪੁਸਤਕ ਵਿੱਚ ਪੂੰਜੀਵਾਦ ਦੇ ਵਿਸ਼ਾਲ ਹੋ ਰਹੇ ਖ਼ੂੰਨੀ ਪੰਜੇ ਅਤੇ ਬਰਬਾਦ ਕੀਤੇ ਜਾ ਰਹੇ ਵਾਤਾਵਰਨ ਨਾਲ ਸਬੰਧਤ ਲਿਖਤਾਂ ਹਨ।

ਸਿੱਖ ਫੌਜ ਅਤੇ ਅੰਗਰੇਜ਼ਾਂ ਦਰਮਿਆਨ ਹੋਈ ਫੈਸਲਾਕੁੰਨ ਫ਼ਿਰੋਜ਼ਸ਼ਾਹ ਦੀ ਜੰਗ ਸਬੰਧੀ ਉਸ ਦੀ ਇੱਕ ਲਿਖਤ, ‘ਇਹਨਾਂ ਖੇਤਾਂ ਵਿੱਚ ਡੁੱਲੀ ਹੈ ਰੱਤ ਸਾਡੀ’ ਚਾਰ ਕਿਸ਼ਤਾਂ ਵਿੱਚ ਅਜੀਤ ਅਖਬਾਰ ਵਿੱਚ ਪ੍ਰਕਾਸ਼ਤ ਹੋਈ। ਇਸ ਨੂੰ ਪੜ੍ਹ ਕੇ ਦੂਰਦਰਸ਼ਨ ਜਲੰਧਰ ਦੇ ਪ੍ਰੋਡਿਊਸਰ ਅਮਰਜੀਤ ਕੁੱਕੂ ਨੇ ਇਸ ’ਤੇ ਇੱਕ ਡਾਕੂਮੈਂਟਰੀ ਫਿਲਮ

"ਜੰਗ ਮੁੱਦਕੀ" ਬਣਾਈ, ਜੋ ਬੇਹੱਦ ਚਰਚਿਤ ਹੋਈ।

ਨੂਰਪੁਰ ਨਿਰੰਤਰਤਾ ਨਾਲ ਲਿਖਣ ਵਾਲਾ ਲੇਖਕ ਹੈ। ਉਸ ਨੇ 'ਸੁਕਰਾਤ ਕਦੇ ਮਰਦਾ ਨਹੀਂ" ਨਾਵਲ 2021 ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਇਹ ਨਾਵਲ ਲਹਿੰਦੇ ਪੰਜਾਬ (ਪਾਕਿਸਤਾਨ) ਵਿੱਚ ਬਾਬਾ ਫਰੀਦ ਫਾਊਂਡੇਸ਼ਨ ਨੇ ਸ਼ਾਹਮੁਖੀ ਲਿੱਪੀ ਵਿੱਚ ਵੀ ਪ੍ਰਕਾਸ਼ਿਤ ਕੀਤਾ ਹੈ। ਉਸ ਵੱਲੋਂ ਲਿਖਿਆ ਨਾਵਲ 'ਸੁਕਰਾਤ ਕਦੇ ਮਰਦਾ ਨਹੀਂ" ਸਾਹਿਤਕ ਹਲਕਿਆਂ ਵਿੱਚ ਬਹੁਤ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਇਸਦੇ ਹੁਣ ਤੱਕ ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ।

ਜਿਉਣ ਦਾ ਹੁਨਰ (2023), ਗੁਆਚੀ ਹੋਈ ਕਿਤਾਬ (2025) ਅਤੇ ਗਹਿਰਾਈਆਂ (2025) ਲੇਖਕ ਦੀਆਂ ਹੋਰ ਪੁਸਤਕਾਂ ਹਨ।

ਲੇਖਕ ਨੇ ਬਾਲ ਸਾਹਿਤ ਵਿੱਚ ਵੀ ਜ਼ਿਕਰਯੋਗ ਯੋਗਦਾਨ ਪਾਇਆ ਹੈ। ਬਾਲ ਪਾਠਕਾਂ ਲਈ ਉਸ ਦੇ ਬਾਲ ਕਹਾਣੀਆਂ ਦੇ ਸੰਗ੍ਰਹਿ ਗਿੱਦੜ ਕਿਵੇਂ ਸੁਧਰਿਆ, ਬਾਂਦਰ ਦੀ ਚਲਾਕੀ (2013), ਭੂਤ ਦਾ ਸਾਇਆ (2014), ਭੂਤਾਂ ਵਾਲਾ ਪਹਾੜ (2015), ਇੱਕ ਟਾਪੂ ਦੀ ਕਹਾਣੀ (2024), ਬਿਜੜੇ ਦੂਰ ਉੱਡ ਗਏ (2024) ਸ਼ਾਮਿਲ ਹਨ। ਗੁਰਚਰਨ ਸਿੰਘ ਨੂਰਪੁਰ ਨੇ ਹੁਣ ਤੱਕ 20 ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਪੰਜਾਬੀ ਦੇ ਪ੍ਰਸਿੱਧ ਲੇਖਕ ਡਾ.ਅਮਰ ਕੋਮਲ ਨੇ ਇੱਕ ਵੱਡ ਅਕਾਰੀ ਕਿਤਾਬ 'ਚੋਣਵੇਂ ਪੰਜਾਬੀ ਨਿਬੰਧ' ਪ੍ਰਕਾਸ਼ਤ ਕੀਤੀ ਹੈ, ਜਿਸ ਵਿੱਚ ਵੀਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੇ ਲੇਖਕਾਂ ਦੇ ਲੇਖ ਸ਼ਾਮਿਲ ਹਨ। ਇਸ ਕਿਤਾਬ ਵਿੱਚ ਗੁਰਚਰਨ ਸਿੰਘ ਨੂਰਪੁਰ ਦਾ ਇੱਕ ਲੇਖ 'ਤਾਂ ਕਿ ਚਾਨਣ ਦੀ ਹੋਂਦ ਬਰਕਰਾਰ ਰਹੇ...' ਨੂੰ ਸ਼ਾਮਿਲ ਕੀਤਾ ਗਿਆ ਹੈ। ਗੁਰਚਰਨ ਸਿੰਘ ਨੂਰਪੁਰ ਕਵਿਤਾ ਬੇਸ਼ੱਕ ਘੱਟ ਲਿਖਦਾ ਹੈ, ਪਰ ਉਹ ਜੋ ਵੀ ਲਿਖਦਾ ਹੈ ਉਹ ਅਰਥਪੂਰਨ ਹੁੰਦਾ ਹੈ। ਉਸ ਦੀਆਂ ਕਵਿਤਾਵਾਂ ਦੀਆਂ ਕੁਝ ਸਤਰਾਂ ਹਨ:

1. ਸੋਚਾਂ ਹੋਈਆਂ ਬੌਣੀਆਂ, ਉੱਚੇ ਬਣੇ ਮਕਾਨ।
   ਭੀੜਾਂ ਨਜ਼ਰੀਂ ਪੈਂਦੀਆਂ, ਲੱਭਦੇ ਨਹੀਂ ਇਨਸਾਨ।

2. ਨਾ ਸਾਰਾ ਸ਼ੀਸ਼ਿਆਂ ਵਰਗਾ, ਤੇ ਨਾ ਹੀ ਪੱਥਰਾਂ ਵਰਗਾ,
   ਘਰਾਂ ਵਿੱਚ ਰਹਿਣ ਦੇਵੋਂ ਯਾਰੋ, ਕੁਝ ਤਾਂ ਘਰਾਂ ਵਰਗਾ।

3. ਆਪਣਾ ਆਪ ਗਵਾਈ ਜਾਂਦੇ, ਫੜਿਆ ਕਿਹੜੇ ਧੰਦਿਆਂ ਨੂੰ,
ਆਓ ਯਾਰੋ ਲੱਭਣ ਚੱਲੀਏ, ਬੰਦਿਆਂ ਵਿੱਚੋਂ ਬੰਦਿਆਂ ਨੂੰ।

4. ਲਿਖ ਤੂੰ ਗੀਤ ਤੇ ਗ਼ਜ਼ਲਾਂ, ਭਾਵੇਂ ਕੁਝ ਕਵਿਤਾਵਾਂ ਲਿਖ,
ਧੁੱਪ 'ਚ ਬਲਦੇ ਬਿਰਖਾਂ ਦੇ ਲਈ, ਠੰਡੀਆਂ ਕੁਝ ਹਵਾਵਾਂ ਲਿਖ।

ਨੂਰਪੁਰ ਨੇ ਸਮਾਜ ਵਿੱਚ ਤਬਦੀਲੀ ਲਿਆਉਣ ਵਾਲੀਆਂ ਲਿਖਤਾਂ ਲਿਖੀਆਂ ਹਨ। ਸ਼ੁਰੂ ਵਿੱਚ ਨੂਰਪੁਰ ਨੂੰ ਗੀਤ ਲਿਖਣ ਦਾ ਸ਼ੌਕ ਸੀ। ਉਸ ਦੇ ਕੁਝ ਗੀਤ ਰਿਕਾਰਡ ਵੀ ਹੋਏ। "ਪੁੱਤ ਲੱਗ ਗਏ ਨਸ਼ਿਆਂ 'ਤੇ ਮਰਦੀਆਂ ਤਿਲ ਤਿਲ ਕਰਕੇ ਮਾਵਾਂ" ਵਰਗੇ ਉਸ ਦੇ ਗੀਤ ਚਰਚਾ ਦਾ ਵਿਸ਼ਾ ਬਣੇ। ਨੂਰਪੁਰ ਨੂੰ ਬਚਪਨ ਤੋਂ ਪਿਆ ਪੜ੍ਹਨ ਦਾ ਸ਼ੌਕ, ਅੱਜ ਤੱਕ ਜਾਰੀ ਹੈ। ਪੁਸਤਕ ਮੇਲਿਆਂ ਵਿੱਚ ਜਾ ਕੇ ਹੁਣ ਵੀ ਉਸ ਦੀ ਰੁਚੀ ਉਸਾਰੂ ਸਾਹਿਤ ਖਰੀਦਣ ਦੀ ਹੁੰਦੀ ਹੈ। ਉਹ ਦੱਸਦਾ ਹੈ ਕਿ ਉਸ ਦੇ ਮੇਜ ਬਿਸਤਰੇ 'ਤੇ ਉਸ ਵੱਲੋਂ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਉਸ ਦੇ ਆਸ-ਪਾਸ ਹੁੰਦੀਆਂ। ਸੰਨ 1992 ਵਿੱਚ ਉਸ ਦਾ ਵਿਆਹ ਪਰਮਜੀਤ ਕੌਰ ਨਾਲ ਹੋਇਆ। ਉਸ ਦੇ ਘਰ ਤਿੰਨ ਬੱਚੇ— ਵੱਡੀ ਬੇਟੀ ਡਾ.ਅਮਨਦੀਪ ਕੌਰ ਜੋ ਕਿ ਵਿਆਹੀ ਹੋਈ ਹੈ, ਛੋਟੀ ਬੇਟੀ ਡਾ. ਰਜਨੀਤ ਕੌਰ ਅਤੇ ਬੇਟਾ ਡਾ. ਸੰਦੀਪ ਸਿੰਘ ਪੈਦਾ ਹੋਏ। 2006 ਵਿੱਚ ਇਹ ਪਰਿਵਾਰ ਨੂਰਪੁਰ ਪਿੰਡ ਤੋਂ ਜ਼ੀਰਾ ਆ ਕੇ ਰਹਿਣ ਲੱਗਾ। ਇੱਥੇ ਹੀ ਉਸ ਦੇ ਬੱਚਿਆਂ ਨੇ ਪੜ੍ਹਾਈ ਪੂਰੀ ਕੀਤੀ ਅਤੇ ਡਾਕਟਰ ਬਣੇ। ਹੁਣ ਇਹ ਜ਼ੀਰਾ ਵਿੱਚ ਹੀ ਬੱਚਿਆਂ ਨਾਲ ਮਿਲ ਕੇ ਆਪਣਾ ਅਮਨ ਹਸਪਤਾਲ ਚਲਾ ਰਹੇ ਹਨ, ਜੋ ਬੇਹੱਦ ਸਫਲਤਾ ਪੂਰਵਕ ਚੱਲ ਰਿਹਾ ਹੈ।

ਗੁਰਚਰਨ ਸਿੰਘ ਨੂਰਪੁਰ ਨੇ ਦੂਰਦਰਸ਼ਨ ਜਲੰਧਰ ਦੇ ਡੀ. ਡੀ. ਪੰਜਾਬੀ ਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਭਾਗ ਲਿਆ ਹੈ ਅਤੇ ਅਨੇਕਾਂ ਪ੍ਰੋਗਰਾਮ ਕੀਤੇ ਹਨ। ਵਿਸ਼ੇਸ਼ ਤੌਰ 'ਤੇ 'ਅੱਜ ਦਾ ਮਸਲਾ', ਸੱਜਰੀ ਸਵੇਰ ਦੇ 'ਗੱਲਾਂ ਤੇ ਗੀਤ' ਆਦਿ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਕੇ ਕਈ ਵਾਰ ਆਪਣੇ ਵਿਚਾਰ ਰੱਖੇ ਹਨ। ਪੂੰਜੀਵਾਦ, ਵਿਸ਼ਵੀਕਰਨ ਵਾਤਾਵਰਨ, ਅੰਧਵਿਸ਼ਵਾਸ, ਸਮਾਜਿਕ ਵਿਗਾੜ ਅਤੇ ਪ੍ਰਵਾਸ ਆਦਿ ਵਿਸ਼ਿਆਂ ਤੇ ਲਿਖੇ ਉਸਦੇ ਲੇਖ ਅਕਸਰ ਹੀ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ।

ਨੂਰਪੁਰ ਨੇ ਸੰਸਾਰ ਭਰ ਦੇ ਵੱਡੇ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਪੜ੍ਹਿਆ ਸਮਝਿਆ ਅਤੇ ਅੱਜ ਵੀ ਉਹ ਪੜ੍ਹ ਰਿਹਾ ਹੈ। ਉਸ ਨੇ ਜ਼ੀਰਾ ਵਿੱਚ ਸਾਹਿਤ ਸਭਾ

ਜ਼ੀਰਾ ਦੇ ਮੈਬਰਾਂ ਨਾਲ ਮਿਲ ਕੇ ਸਾਹਿਤ, ਕਲਾ ਅਤੇ ਪੁਸਤਕ ਮੇਲੇ ਦੀ ਸ਼ੁਰੂਆਤ ਕੀਤੀ। ਉਸ ਨੂੰ ਅਨੇਕਾਂ ਵੱਡੇ ਮੰਚਾਂ 'ਤੇ ਜਾ ਕੇ ਬੋਲਣ ਦਾ ਮੌਕਾ ਮਿਲਿਆ। ਬਹੁਤ ਸਾਰੇ ਮਾਨ ਸਨਮਾਨ ਪ੍ਰਾਪਤ ਹੋਏ। ਪੰਜਾਬੀ ਸੱਥ ਲਾਂਬੜਾ ਵੱਲੋਂ ਸਾਧੂ ਦਯਾ ਸਿੰਘ ਆਰਿਫ਼ ਐਵਾਰਡ, ਡਾ. ਨਿਰਮਲ ਸਿੰਘ ਆਜ਼ਾਦ ਐਵਾਰਡ ਅਤੇ ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ ਆਦਿ ਵੱਲੋਂ ਵੀ ਉਨ੍ਹਾਂ ਦਾ ਮਾਨ ਸਨਮਾਨ ਹੋਇਆ ਹੈ। ਨੂਰਪੁਰ ਦਾ ਮੰਨਣਾ ਹੈ ਕਿ ਕਿਸੇ ਵੀ ਭਾਸ਼ਾ ਦੇ ਲੇਖਕ ਨੇ ਮਾਨ-ਸਨਮਾਨ ਲਈ ਨਹੀਂ ਲਿਖਣਾ ਹੁੰਦਾ, ਉਸ ਦੇ ਹਿੱਸੇ ਤਾਂ ਸਮਾਜ ਦਾ ਇੱਕ ਬਹੁਤ ਵੱਡਾ ਫਰਜ਼ ਲੱਗਾ ਹੁੰਦਾ ਹੈ, ਜਿਸ ਫਰਜ਼ ਨੂੰ ਉਸ ਨੇ ਸਮਰਪਿਤ ਹੋਣਾ ਹੁੰਦਾ ਹੈ।

ਉਸ ਨੂੰ ਬੇਇਨਸਾਫ਼ ਅਤੇ ਅਨਿਆ ਨਾਲ ਸਖਤ ਨਫ਼ਰਤ ਹੈ। ਨੂਰਪੁਰ ਦੀ ਸੋਚ ਵਿੱਚ ਮਾਵਨਤਾ ਹੈ। ਇਲਾਕੇ ਵਿੱਚ ਨੂਰਪੁਰ ਦਾ ਵੱਡਾ ਮਾਣ ਸਨਮਾਨ ਹੈ। ਤੰਗੀਆਂ ਤੁਰਸ਼ੀਆਂ ਅਤੇ ਸੀਮਤ ਸਾਧਨਾਂ ਵਾਲੇ ਪਰਿਵਾਰ ਚੋਂ ਉੱਠ ਕੇ ਗੁਰਚਰਨ ਨੇ ਇਲਾਕੇ ਵਿੱਚ ਹੀ ਨਹੀਂ, ਪੂਰੇ ਪੰਜਾਬ ਵਿੱਚ ਆਪਣੀ ਪਹਿਚਾਣ ਬਣਾਈ ਹੈ। ਉਹ ਪੰਜਾਬ ਦੇ ਕਾਲਮ ਨਵੀਸ ਮੰਚ ਦਾ ਜਨਰਲ ਸਕੱਤਰ ਹੈ। ਉਹ ਪੰਜਾਬ ਦੇ ਵੱਡੇ ਦਾਨਿਸ਼ਵਰ ਵਿਦਵਾਨ ਲੋਕਾਂ ਦੀ ਸੰਸਥਾ ਪੰਜਾਬ ਚੇਤਨਾ ਮੰਚ ਦਾ ਮਾਲਵਾ ਜ਼ੋਨ ਦਾ ਕਨਵੀਨਰ ਵੀ ਹੈ। ਸਾਹਿਤਕ ਹਲਕਿਆਂ ਵਿੱਚ ਬੇਸ਼ੱਕ ਉਹ ਜਾਣਿਆ ਪਹਿਚਾਣਿਆ ਨਾਮ ਹੈ, ਪਰ ਸਾਹਿਤਕ ਸੰਸਥਾਵਾਂ ਦੇ ਅਹੁਦਿਆਂ ਅਤੇ ਮਾਨ ਸਨਮਾਨ ਲਈ ਜੁਗਾੜ ਕਰਨ ਵਾਲੀ ਜਮਾਤ ਤੋਂ ਕੋਹਾਂ ਦੂਰ ਹੈ। ਉਹ ਲਗਾਤਰ ਵੀਹ ਸਾਲ ਸਾਹਿਤ ਸਭਾ ਜ਼ੀਰਾ ਦੇ ਪ੍ਰਧਾਨ ਰਹੇ ਹਨ ਅਤੇ ਅੱਜਕੱਲ੍ਹ ਸਰਪ੍ਰਸਤ ਵਜੋਂ ਸੇਵਾਵਾਂ ਦੇ ਰਹੇ ਹਨ। ਨੂਰਪੁਰ ਸਾਹਿਬ ਦੀ ਅਗਵਾਈ ਵਿੱਚ ਸਾਹਿਤ ਸਭਾ ਜ਼ੀਰਾ ਨੇ ਬਹੁਤ ਹੀ ਸਫਲ ਅਤੇ ਪ੍ਰਭਾਵਸ਼ਾਲੀ ਸਮਾਗਮ ਕੀਤੇ ਹਨ। ਸਾਹਿਤ ਸਭਾ ਜ਼ੀਰਾ ਬਾਰੇ ਉਸ ਦਾ ਇੱਕੋ ਇੱਕ ਮਿਸ਼ਨ ਹੈ ਕਿ ਸਭਾ ਕਰਕੇ ਇਸ ਜ਼ੀਰੇ ਇਲਾਕੇ ਵਿੱਚ ਸ਼ਬਦ, ਸਾਹਿਤ ਅਤੇ ਕਿਤਾਬ ਦੀ ਆਮਦ ਬਣੀ ਰਹੇ।

ਨੂਰਪੁਰ ਮਾਨਵਵਾਦੀ ਸੋਚ ਨੂੰ ਪ੍ਰਣਾਇਆ ਹੋਇਆ ਸਾਹਿਤਕਾਰ ਹੈ। ਜੋ ਧਰਮ ਜਾਤ, ਵਰਗ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਲਈ ਕੰਮ ਕਰਨ ਵਿੱਚ ਵਿਸ਼ਵਾਸ਼ ਰੱਖਦਾ ਹੈ। ਸਾਡੇ ਜ਼ੀਰੇ ਇਲਾਕੇ ਨੂੰ ਹੀ ਨਹੀਂ, ਪੂਰੇ ਪੰਜਾਬੀ ਸਾਹਿਤ ਜਗਤ ਅਤੇ ਪੰਜਾਬੀ ਨੂੰ ਪਿਆਰ ਕਰਨ ਵਾਲੇ, ਪੜ੍ਹਨ ਵਾਲੇ, ਪੰਜਾਬ ਦਾ ਭਲਾ ਸੋਚਣ ਵਾਲੇ ਲੋਕਾਂ ਨੂੰ ਇਸ ਮਾਣਮੱਤੇ ਸਾਹਿਤਕਾਰ 'ਤੇ ਵੱਡਾ ਮਾਣ ਹੈ।

ਮੋਬਾਇਲ : 98550-51099

# ਡਾ. ਗੁਰਚਰਨ ਕੌਰ ਕੋਚਰ



ਡਾ. ਗੁਰਚਰਨ ਕੌਰ ਕੋਚਰ ਪੰਜਾਬ ਦੀ ਪ੍ਰਮੁੱਖ ਗ਼ਜ਼ਲਗੋ, ਗੀਤਕਾਰ, ਨਾਟਕਕਾਰ ਸਿੱਖਿਆ ਸ਼ਾਸਤਰੀ ਅਤੇ ਸਮਾਜ ਸੇਵਿਕਾ ਹੈ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦੇ ਸੀਨੀਅਰ ਮੀਤ ਪ੍ਰਧਾਨ, ਸਿਰਜਣਧਾਰਾ ਸਾਹਿਤਕ ਸੰਸਥਾ ਲੁਧਿਆਣਾ ਅਤੇ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ ਦੇ ਪ੍ਰਧਾਨ ਸਮੇਤ ਹੋਰ ਸਾਹਿਤਕ ਸੰਸਥਾਵਾਂ ਵਿੱਚ ਵੀ ਉੱਚ ਅਹੁਦਿਆਂ ’ਤੇ ਸੁਸ਼ੋਭਿਤ ਹਨ। ਉਹ ਭਾਰਤ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫ਼ੇਅਰ ਕੌਂਸਲ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਹਨ। ਉਹ ਗਲੋਬਲ ਵੂਮੈਨ ਵੈਲਫ਼ੇਅਰ ਐਸੋਸੀਏਸ਼ਨ ਦੇ ਚੇਅਰਪਰਸਨ, ਪੰਜਾਬ ਇਸਤਰੀ ਸਭਾ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਅਤੇ ਭਾਰਤ ਜਨ ਗਿਆਨ ਵਿਗਿਆਨ ਜੱਥਾ ਲੁਧਿਆਣਾ ਦੇ ਮੀਤ ਪ੍ਰਧਾਨ ਹਨ।

ਗੁਰਚਰਨ ਕੌਰ ਕੋਚਰ ਦਾ ਜਨਮ 13 ਜੁਲਾਈ, 1948 ਨੂੰ ਸ. ਸਰਦਾਰ ਸਿੰਘ ਚਾਵਲਾ ਅਤੇ ਸ੍ਰੀਮਤੀ ਜਸਵੰਤ ਕੌਰ ਚਾਵਲਾ ਦੇ ਗ੍ਰਹਿ ਵਿਖੇ ਲੁਧਿਆਣਾ ਪੰਜਾਬ ਵਿੱਚ ਹੋਇਆ। ਉਨ੍ਹਾਂ ਨੇ ਮੁੱਢਲੀ ਸਿੱਖਿਆ ਛਾਉਣੀ ਮੁਹੱਲਾ ਲੁਧਿਆਣਾ ਤੋਂ ਹਾਸਿਲ ਕੀਤੀ ਅਤੇ 1963 ਵਿੱਚ ਗੌਰਮਿੰਟ ਗਰਲਜ਼ ਹਾਈ ਸਕੂਲ ਲੱਕੜ ਬਜ਼ਾਰ, ਲੁਧਿਆਣਾ ਤੋਂ ਦਸਵੀਂ ਪਾਸ ਕੀਤੀ। 1963-65 ਦੇ ਸੈਸ਼ਨ ਦੌਰਾਨ ਉਨ੍ਹਾਂ ਬੇਸਿਕ ਟ੍ਰੇਨਿੰਗ ਸਕੂਲ ਜਗਰਾਉਂ ਤੋਂ ਵਜ਼ੀਫਾ ਲੈ ਕੇ ਜੇ.ਬੀ.ਟੀ. ਕੀਤੀ। ਜੇ.ਬੀ.ਟੀ.ਕਰਨ ਪਿੱਛੋਂ ਉਨ੍ਹਾਂ ਦੀ ਪਹਿਲੀ ਨਿਯੁਕਤੀ 1970 ਵਿੱਚ ਬਤੌਰ ਜੇ.ਬੀ.ਟੀ. ਅਧਿਆਪਕ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਹੋਈ। ਉਨ੍ਹਾਂ 1972 ਵਿੱਚ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਲੁਧਿਆਣਾ ਤੋਂ ਬੀ.ਐਡ. ਕੀਤੀ। ਬੀ.ਐਡ. ਕਰਦਿਆਂ ਹੀ ਉਨ੍ਹਾਂ ਦੀ ਬਦਲੀ ਪੀ.ਏ.ਯੂ. ਲੁਧਿਆਣਾ ਸਥਿਤ ਗੌਰਮਿੰਟ ਸੀਨੀਅਰ ਸੈਕੰਡਰੀ ਮਾਡਲ ਸਕੂਲ ਵਿੱਚ ਹੋ ਗਈ। ਉਨ੍ਹਾਂ ਨੇ 1975 ਵਿੱਚ ਲਖਨਊ ਯੂਨੀਵਰਸਿਟੀ ਤੋਂ ਐਲ.ਐਲ.ਬੀ.ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ 1976, 1978 ਅਤੇ 1980 ਵਿੱਚ ਕ੍ਰਮਵਾਰ

ਇਤਿਹਾਸ, ਅੰਗਰੇਜ਼ੀ ਅਤੇ ਰਾਜਨੀਤੀ ਸ਼ਾਸਤਰ ਵਿਸ਼ਿਆਂ ਵਿੱਚ ਪ੍ਰਾਈਵੇਟ ਤੌਰ 'ਤੇ ਪੰਜਾਬ ਯੂਨੀਵਰਸਿਟੀ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ। 1978 ਵਿੱਚ ਉਨ੍ਹਾਂ ਦੀ ਤਰੱਕੀ ਸਮਾਜਿਕ ਸਿੱਖਿਆ ਵਿਸ਼ੇ ਦੀ ਅਧਿਆਪਕਾ ਵਜੋਂ ਹੋਈ। ਬਾਅਦ ਵਿੱਚ ਉਨ੍ਹਾਂ ਦੀ ਤਰੱਕੀ ਲੈਕਚਰਾਰ ਵਜੋਂ ਹੋ ਗਈ ਅਤੇ ਇੱਥੋਂ ਹੀ ਉਹ 2008 ਵਿੱਚ ਸੇਵਾ ਮੁਕਤ ਹੋਏ। ਉਰਦੂ ਸਿੱਖਣ ਦੀ ਚਾਹਤ ਸਦਕਾ ਉਨ੍ਹਾਂ ਸਾਲ 2019 ਵਿੱਚ ਉਰਦੂ ਆਮੋਜ਼ ਦੀ ਪ੍ਰੀਖਿਆ ਵੀ ਪਾਸ ਕੀਤੀ। ਉਨ੍ਹਾਂ ਦੀ ਵਿੱਦਿਅਕ ਯੋਗਤਾ ਟ੍ਰਿਪਲ ਐਮ.ਏ., ਐਲ ਐਲ.ਬੀ. ਅਤੇ ਪੀ.ਐਚ.ਡੀ. (ਆਨਰੇਰੀ) ਅਤੇ ਆਮੋਜ਼ ਹੈ।

ਡਾ. ਗੁਰਚਰਨ ਕੌਰ ਕੋਚਰ ਦੀ ਸ਼ਾਦੀ 4 ਦਸੰਬਰ, 1968 ਨੂੰ ਇੰਜੀਨੀਅਰ ਜੇ.ਬੀ. ਸਿੰਘ ਕੋਚਰ ਨਾਲ ਹੋਈ, ਜੋ ਕਿ 5 ਮਈ, 2023 ਨੂੰ ਸਦੀਵੀਂ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਡਾ. ਕੋਚਰ ਦੀ ਪਰਿਵਾਰਕ ਫੁਲਵਾੜੀ ਵਿੱਚ ਦੋ ਬੇਟੇ ਅਤੇ ਇੱਕ ਧੀ ਅਤੇ ਅੱਗੋਂ ਉਨ੍ਹਾਂ ਦੇ ਪਰਿਵਾਰ ਹਨ। ਉਨ੍ਹਾਂ ਦਾ ਵੱਡਾ ਬੇਟਾ ਬਰਜਿੰਦਰ ਸਿੰਘ ਕੋਚਰ ਗੁੜਗਾਉਂ ਵਿਖੇ ਐਮ.ਐਨ. ਸੀ. ਵਿੱਚ ਬਤੌਰ ਪ੍ਰਿੰਸੀਪਲ ਸੋਫ਼ਟਵੇਅਰ ਇੰਜੀਨੀਅਰ ਕੰਮ ਕਰ ਰਿਹਾ ਹੈ। ਛੋਟੇ ਬੇਟੇ ਇੰਜੀਨੀਅਰ ਗਗਨਦੀਪ ਸਿੰਘ ਕੋਚਰ ਦੀਆਂ ਹਾਂਗਕਾਂਗ ਅਤੇ ਲੁਧਿਆਣਾ ਵਿੱਚ ਪ੍ਰਾਈਵੇਟ ਲਿਮਿਟਿਡ ਕੰਪਨੀਆਂ ਹਨ। ਡਾ.ਕੋਚਰ ਦੀ ਬੇਟੀ ਅੰਜੂ ਗਰੋਵਰ ਬਤੌਰ ਪ੍ਰਿੰਸੀਪਲ ਪ੍ਰਾਈਵੇਟ ਸੈਕਟਰ ਵਿੱਚ ਅਧਿਆਪਨ ਦਾ ਕਾਰਜ ਕਰ ਰਹੀ ਹੈ। ਉਨ੍ਹਾਂ ਦੇ ਦਾਮਾਦ ਡਾਕਟਰ ਅਮਨਦੀਪ ਸਿੰਘ ਗਰੋਵਰ ਪੰਚਕੂਲਾ ਵਿਖੇ ਨਿਫਟ ਦੇ ਡਾਇਰੈਕਟਰ ਹਨ। ਉਨ੍ਹਾਂ ਦੇ ਪਿਤਾ ਸ੍ਰੀ ਸਰਦਾਰ ਸਿੰਘ ਚਾਵਲਾ ਜੀ ਉਰਦੂ ਅਤੇ ਪੰਜਾਬੀ ਭਾਸ਼ਾ ਦੇ ਨਾਮਵਰ ਸ਼ਾਇਰ ਸਨ। ਉਨ੍ਹਾਂ ਤੋਂ ਗੁਰਚਰਨ ਕੌਰ ਨੂੰ ਬਚਪਨ ਵਿੱਚ ਹੀ ਲਿਖਣ ਦੀ ਗੁੜ੍ਹਤੀ ਮਿਲ ਗਈ। ਉਨ੍ਹਾਂ ਨੇ ਬਾਲ ਸਾਹਿਤ ਦੇ ਸ਼੍ਰੋਮਣੀ ਸਾਹਿਤਕਾਰ ਸ੍ਰੀ ਰਾਜ ਦੁਲਾਰ ਜੀ ਦੀ ਪ੍ਰੇਰਨਾ ਸਦਕਾ ਦੋ ਕਵਿਤਾਵਾਂ ਜਗ ਬਾਣੀ ਵਿੱਚ ਛਪਣ ਹਿਤ ਭੇਜੀਆਂ। ਉਹ ਰਚਨਾਵਾਂ ਆਉਂਦੇ ਐਤਵਾਰ ਹੀ ਜਗ ਬਾਣੀ ਦੇ ਮੈਗਜ਼ੀਨ ਸੈਕਸ਼ਨ ਵਿੱਚ ਮੁੱਖ ਪੰਨੇ 'ਤੇ ਛਪ ਗਈਆਂ। ਇਸ ਨਾਲ ਉਨ੍ਹਾਂ ਦਾ ਹੌਸਲਾ ਵਧਿਆ। ਫਿਰ ਉਨ੍ਹਾਂ ਦੀਆਂ ਰਚਨਾਵਾਂ ਦੇਸ਼-ਵਿਦੇਸ਼ ਦੀਆਂ ਸਾਰੀਆਂ ਨਾਮਵਰ ਅਖ਼ਬਾਰਾਂ ਅਤੇ ਸਾਹਿਤਕ ਰਸਾਲਿਆਂ ਵਿੱਚ ਛਪਣ ਲੱਗ ਪਈਆਂ। ਉਨ੍ਹਾਂ ਦੇ ਸਿੱਖਿਆ ਤੇ ਸਮਾਜਿਕ ਸਰੋਕਾਰਾਂ ਬਾਰੇ ਲਿਖੇ ਹੋਏ ਲੇਖ ਵੀ ਵੱਖ-ਵੱਖ ਅਖ਼ਬਾਰਾਂ ਵਿੱਚ ਛਪਦੇ ਰਹੇ। ਉਹ ਸ਼ੁਰੂ ਵਿੱਚ ਆਪਣੀਆਂ ਲਿਖੀਆਂ ਸਿੱਖਿਆਦਾਇਕ ਕਹਾਣੀਆਂ ਦੂਰਦਰਸ਼ਨ ਕੇਂਦਰ ਜਲੰਧਰ ਦੇ ਪ੍ਰੋਗਰਾਮ 'ਬੋਧ ਕਥਾ'

ਵਿਚ ਪੇਸ਼ ਕਰਦੇ ਰਹੇ ਹਨ।

ਉਨ੍ਹਾਂ ਨੇ ਉਸਤਾਦ ਗ਼ਜ਼ਲਗੋ ਅਜਾਇਬ ਚਿੱਤਰਕਾਰ ਅਤੇ ਉਰਦੂ ਦੇ ਸ਼੍ਰੋਮਣੀ ਸਾਹਿਤਕਾਰ ਉਸਤਾਦ ਗ਼ਜ਼ਲਗੋ ਸਰਦਾਰ ਪੰਛੀ ਜੀ ਤੋਂ ਗ਼ਜ਼ਲ ਵਿਧਾ ਦੀਆਂ ਬਾਰੀਕੀਆਂ ਨੂੰ ਸਮਝਿਆ ਅਤੇ ਬੜੀ ਸ਼ਿੱਦਤ ਨਾਲ ਗ਼ਜ਼ਲ ਕਹਿਣੀ ਸ਼ੁਰੂ ਕੀਤੀ। ਉਨ੍ਹਾਂ ਨੇ 2003 ਵਿੱਚ ਆਪਣੇ ਪਲੇਠੇ ਗ਼ਜ਼ਲ ਸੰਗ੍ਰਹਿ 'ਅਹਿਸਾਸ ਦੀ ਖੁਸ਼ਬੂ' ਨਾਲ ਪੰਜਾਬੀ ਗ਼ਜ਼ਲ ਦੇ ਸਾਹਿਤ ਜਗਤ ਵਿੱਚ ਪ੍ਰਵੇਸ਼ ਕਰ ਕੇ ਸਨਮਾਨਯੋਗ ਗ਼ਜ਼ਲਗੋਆਂ ਵਿੱਚ ਆਪਣਾ ਖਾਸ ਮੁਕਾਮ ਬਣਾ ਲਿਆ। ਇਸ ਤੋਂ ਪਿੱਛੋਂ ਉਨ੍ਹਾਂ ਨੇ ਹੋਰ ਗ਼ਜ਼ਲ ਸੰਗ੍ਰਹਿ 'ਅਹਿਸਾਸ ਦਾ ਸਫ਼ਰ' (2005), 'ਅਹਿਸਾਸ ਦੀਆਂ ਰਿਸ਼ਮਾਂ' (2008), 'ਹਰਫ਼ਾਂ ਦੀ ਮਹਿਕ' (2015) ਅਤੇ 'ਗ਼ਜ਼ਲ ਅਸ਼ਰਫੀਆਂ' (2020) ਪੰਜਾਬੀ ਸਾਹਿਤ ਨੂੰ ਦਿੱਤੇ। ਉਨ੍ਹਾਂ ਦੀਆਂ 'ਚੋਣਵੀਆਂ ਗ਼ਜ਼ਲਾਂ' 2021 ਵਿੱਚ ਸ਼ਾਹਮੁਖੀ ਵਿੱਚ ਲਿਪੀਆਂਤਰ ਹੋ ਕੇ ਪੰਜਾਬੀ ਰਿਸਰਚ ਸੈਂਟਰ ਲਾਹੌਰ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਕੋਮਲ ਭਾਵੀ ਸ਼ਾਇਰਾ ਦਾ ਮਨ ਸਮਾਜ ਵਿੱਚ ਵਾਪਰਦੇ ਗ਼ਲਤ ਵਰਤਾਰਿਆਂ ਨੂੰ ਦੇਖ ਕੇ ਵਿਚਲਿਤ ਹੋ ਜਾਂਦਾ ਹੈ। ਸ਼ਾਇਰਾ ਗ਼ਰੀਬਾਂ, ਨਿਮਾਣਿਆਂ, ਨਿਤਾਣਿਆਂ, ਲਤਾੜਿਆਂ, ਮਜ਼ਲੂਮਾਂ ਅਤੇ ਹਾਸ਼ੀਏ ਵੱਲ ਧੱਕੇ ਗਏ ਲੋਕਾਂ ਨਾਲ ਧਿਰ ਬਣ ਕੇ ਖੜ੍ਹਦੀ ਹੈ। ਆਪਣੇ ਗ਼ਜ਼ਲ ਸੰਗ੍ਰਹਿ 'ਗ਼ਜ਼ਲ ਅਸ਼ਰਫੀਆਂ (2020)' ਵਿੱਚ ਉਨ੍ਹਾਂ ਆਪਣੇ ਪਹਿਲਾਂ ਛਪੇ ਚਾਰ ਗ਼ਜ਼ਲ ਸੰਗ੍ਰਹਿਆਂ ਨੂੰ ਇੱਕੋ ਜਿਲਦ ਵਿੱਚ ਪ੍ਰਕਾਸ਼ਿਤ ਕਰਵਾਇਆ ਹੈ। ਆਪਣੀਆਂ ਗ਼ਜ਼ਲਾਂ ਦੀ ਵਿਸ਼ਾ ਵਸਤੂ ਬਾਰੇ ਗੁਰਚਰਨ ਕੌਰ ਕੋਚਰ "ਗ਼ਜ਼ਲ ਅਸ਼ਰਫੀਆਂ" ਵਿੱਚ ਲਿਖਦੇ ਹਨ ਕਿ ਉਨ੍ਹਾਂ ਦੀਆਂ ਗ਼ਜ਼ਲਾਂ ਵਿਚ ਅਮਨ-ਚੈਨ, ਪਿਆਰ-ਮੁਹੱਬਤ ਦੀ ਖੁਸ਼ਬੂ, ਵਸਲ ਦਾ ਆਨੰਦ, ਹਿਜਰ ਦਾ ਦਰਦ, ਤਨਹਾਈ ਦੀ ਕਸਕ ਆਦਿ ਦੇ ਨਾਲ-ਨਾਲ ਲੋਕਾਈ ਦੇ ਦਰਦਾਂ ਦੀ ਗਾਥਾ, ਪਰਾਈ ਪੀੜ ਦੀ ਹੂਕ, ਉਨ੍ਹਾਂ ਦੇ ਹਉਕਿਆਂ ਦਾ ਸੇਕ, ਵਿਸ਼ਵੀਕਰਨ ਦੇ ਪ੍ਰਭਾਵ ਵਿੱਚੋਂ ਉਪਜਿਆ ਪਦਾਰਥਵਾਦ, ਸਵਾਰਥਵਾਦ, ਨਿੱਜੀਕਰਨ, ਬਜ਼ਾਰੀਕਰਨ ਅਤੇ ਵਪਾਰੀਕਰਨ ਤਹਿਤ ਨੈਤਿਕ ਕਦਰਾਂ-ਕੀਮਤਾਂ ਵਿੱਚ ਆ ਰਿਹਾ ਨਿਘਾਰ, ਰਿਸ਼ਤਿਆਂ ਦੀ ਹੋ ਰਹੀ ਟੁੱਟ-ਭੱਜ, ਭ੍ਰਿਸ਼ਟ ਨਿਜ਼ਾਮ, ਬਾਲ ਮਜ਼ਦੂਰੀ, ਬੇਰੁਜ਼ਗਾਰੀ, ਨਸ਼ਿਆਂ ਪ੍ਰਤੀ ਵੱਧ ਰਿਹਾ ਰੁਝਾਨ, ਔਰਤ ਦੀ ਅਜੋਕੀ ਸਥਿਤੀ, ਵਧਦੀ ਮਹਿੰਗਾਈ ਅਤੇ ਦੋ ਵਕਤ ਦੀ ਰੋਟੀ ਨੂੰ ਤਰਸਦੇ ਲੋਕ, ਵੱਧ ਰਿਹਾ ਪ੍ਰਦੂਸ਼ਣ ਤੇ ਧਰਤੀ ਹੇਠਲਾ ਨੀਵਾਂ ਹੋ ਰਿਹਾ ਪਾਣੀ ਦਾ ਪੱਧਰ, ਮਾਦਾ ਭਰੂਣ ਹੱਤਿਆ ਆਦਿ ਸਾਰੇ ਗੰਭੀਰ ਵਿਸ਼ੇ ਮੇਰੀ ਕਲਮ ਦੀ ਨੋਕ ਹੇਠ ਆਏ ਹਨ।"

ਉਨ੍ਹਾਂ ਨੂੰ ਇਹਨਾਂ ਵਿਸ਼ਿਆਂ ਉੱਪਰ ਲਿਖਣ ਲਈ ਉਨ੍ਹਾਂ ਦੀ ਕਲਮ ਮਜਬੂਰ ਕਰਦੀ ਹੈ। ਉਨ੍ਹਾਂ ਦਾ ਲਿਖਿਆ ਹੋਇਆ ਹੀ ਇੱਕ ਸ਼ਿਅਰ ਮੁਲਾਹਜ਼ਾ ਫਰਮਾਓ:

ਮੇਰੀ ਹੀ ਕਲਮ ਮੈਨੂੰ ਲਿਖਣ ਲਈ ਮਜਬੂਰ ਕਰਦੀ ਹੈ।
ਸਹੇਲੀ ਬਣ ਕੇ ਉਹ ਮੇਰੀ ਉਦਾਸੀ ਦੂਰ ਕਰਦੀ ਹੈ।

ਸਰਲਤਾ, ਸਾਦਗੀ ਅਤੇ ਸਪੱਸ਼ਟਤਾ ਉਨ੍ਹਾਂ ਦੀ ਸ਼ਾਇਰੀ ਦੇ ਮੀਰੀ ਗੁਣ ਹਨ। ਉਨ੍ਹਾਂ ਨੇ ਮੌਲਿਕ ਗ਼ਜ਼ਲ ਸੰਗ੍ਰਹਿ ਲਿਖਣ ਤੋਂ ਇਲਾਵਾ 'ਚੋਣਵੀਂ ਪੰਜਾਬੀ ਨਾਰੀ ਗ਼ਜ਼ਲ' ਪੁਸਤਕ 2018 ਵਿਚ ਸੰਪਾਦਿਤ ਕੀਤੀ ਹੈ। ਉਨਾਂ ਨੇ ਦੀਵਿਆਂ ਦੀ ਕਤਾਰ (ਲੇਖ ਸੰਗ੍ਰਹਿ) 2007, ਜਗਦੇ ਚਿਰਾਗ (ਨਿਬੰਧ ਸੰਗ੍ਰਹਿ) 2010 ਮੌਲਿਕ ਸੰਗ੍ਰਹਿ ਹਨ। ਧੀਰਜ, ਸਹਿਜ ਅਤੇ ਸ਼ਕਤੀ (ਸੰਪਾਦਤ 2006) ਅਤੇ 'ਸਾਡੀ ਸਿਹਤ-ਸੰਸਕਾਰੀ ਤੇ ਸਿਹਤ ਮੰਦ ਪਰਿਵਾਰ' (2014) ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 'ਲੋਕ ਸਾਹਿਤ ਵਿੱਚ ਲੋਰੀ' ਸੰਪਾਦਿਤ ਪੁਸਤਕ ਵਿੱਚ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਲੋਰੀਆਂ (2015) ਪ੍ਰਕਾਸ਼ਤ ਕੀਤੀਆਂ ਹਨ।

ਡਾ. ਗੁਰਚਰਨ ਕੌਰ ਕੋਚਰ ਦੇ ਵਾਤਾਵਰਨ ਸੰਭਾਲ ਸਬੰਧੀ ਲਿਖੇ ਹੋਏ ਨਾਟਕ 'ਧਰਤੀ ਮਾਂ ਦੀ ਪੁਕਾਰ' ਅਤੇ 'ਵਿਚਾਰੀ ਰਜਨੀ' ਇਪਟਾ ਵੱਲੋਂ ਪ੍ਰਦੀਪ ਸ਼ਰਮਾ ਜੀ ਦੀ ਨਿਰਦੇਸ਼ਨਾਂ ਹੇਠ ਸੈਂਕੜੇ ਵਾਰ ਖੇਡੇ ਜਾ ਚੁੱਕੇ ਹਨ। ਅਨੁਵਾਦ ਦੇ ਖੇਤਰ ਵਿੱਚ ਉਨ੍ਹਾਂ ਨੇ 'ਇੱਕ ਦ੍ਰਿਸ਼ਟੀਕੋਣ ਇਹ ਵੀ' (2015), 'ਮੇਰੇ ਅਹਿਸਾਸ' ਨਾਂ ਤਹਿਤ ਅਵਧੇਸ਼ ਸਿੰਘ ਦੀਆਂ ਹਿੰਦੀ ਦੀਆਂ ਚੋਣਵੀਆਂ ਕਵਿਤਾਵਾਂ ਦਾ ਪੰਜਾਬੀ ਵਿੱਚ ਅਨੁਵਾਦ (2020) ਅਤੇ 'ਅਹਿਸਾਸ ਦੀ ਦੁਨੀਆਂ' ਨਾਂ ਹੇਠ ਅਵਧੇਸ਼ ਸਿੰਘ ਦੀ ਸਮੁੱਚੀ ਸ਼ਾਇਰੀ ਦਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ (2023) ਸ਼ਾਮਿਲ ਹਨ। 'ਚਾਨਣ ਵੰਡਦੀ ਕਹਿਕਸ਼ਾਂ' (2024) ਉਨ੍ਹਾਂ ਦੀ ਗ਼ਜ਼ਲਾਂ, ਗੀਤਾਂ ਤੇ ਕਵਿਤਾਵਾਂ ਦੀ ਪੁਸਤਕ ਹੈ। ਇਸ ਵਿੱਚ ਵੀ ਬਹੁਤਾਤ ਵਿੱਚ ਗ਼ਜ਼ਲਾਂ ਹਨ। ਡਾ. ਬਲਦੇਵ ਸਿੰਘ ਬੱਦਨ ਨੇ ਡਾ. ਗੁਰਚਰਨ ਕੌਰ ਕੋਚਰ ਦੀਆਂ ਗ਼ਜ਼ਲਾਂ ਬਾਰੇ ਵੱਖ ਵੱਖ ਵਿਦਵਾਨਾਂ ਦੇ ਲੇਖਾਂ ਨੂੰ ਪੁਸਤਕ 'ਡਾ.ਗੁਰਚਰਨ ਕੌਰ ਕੋਚਰ ਦੀ ਗ਼ਜ਼ਲ ਚੇਤਨਾ ਦੇ ਪਸਾਰ' ਉਨਵਾਨ ਹੇਠ 2022 ਵਿੱਚ ਸੰਪਾਦਿਤ ਕੀਤਾ ਹੈ।

ਡਾ.ਗੁਰਚਰਨ ਕੌਰ ਕੋਚਰ ਦੇ ਕਾਰਜਾਂ ਦਾ ਮੁਲਾਂਕਣ ਇੱਕ ਲੇਖ ਦੀ ਸੀਮਾ ਅੰਦਰ ਰਹਿ ਕੇ ਕਰਨਾ ਅਸੰਭਵ ਹੈ। ਉਨ੍ਹਾਂ ਨੇ ਸੈਂਕੜੇ ਹੀ ਕਿਤਾਬਾਂ ਦੇ ਮੁੱਖ ਬੰਦ ਲਿਖੇ ਹਨ, ਸੈਂਕੜੇ ਕਿਤਾਬਾਂ ਉੱਪਰ ਪੇਪਰ ਪੜ੍ਹੇ ਹਨ। ਉਨ੍ਹਾਂ ਦੀਆਂ ਰਚਨਾਵਾਂ

ਸਕੂਲਾਂ ਦੇ ਪਾਠਕ੍ਰਮ ਵਿੱਚ ਵੀ ਸ਼ਾਮਿਲ ਹਨ। ਉਹ ਅਣਗਿਣਤ ਵਾਰ ਦੂਰਦਰਸ਼ਨ ਕੇਂਦਰ ਜਲੰਧਰ ਅਤੇ ਆਲ ਇੰਡੀਆ ਰੇਡੀਓ ਜਲੰਧਰ ਤੋਂ ਆਪਣੇ ਪ੍ਰੋਗਰਾਮ ਪ੍ਰਸਾਰਿਤ ਕਰ ਚੁੱਕੇ ਹਨ। ਉਨ੍ਹਾਂ ਉੱਪਰ ਬਹੁਤ ਸਾਰੀਆਂ ਡਾਕੂਮੈਂਟਰੀ ਫਿਲਮਾਂ ਵੀ ਬਣਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਨੇ 50 ਤੋਂ ਵਧੇਰੇ ਕਿਤਾਬਾਂ ਦੇ ਰਿਵਿਊ ਕੀਤੇ ਅਤੇ ਵੱਖ-ਵੱਖ ਵਿਸ਼ਿਆਂ ਉੱਪਰ ਇੰਨੇ ਹੀ ਖੋਜ ਪੇਪਰ ਲਿਖੇ ਹਨ। ਉਨ੍ਹਾਂ ਦੇ ਗ਼ਜ਼ਲਾਂ, ਗੀਤਾਂ ਨੂੰ ਵੱਡੀ ਗਿਣਤੀ ਵਿੱਚ ਵੱਖ-ਵੱਖ ਕਲਾਕਾਰਾਂ ਵੱਲੋਂ ਰੇਡੀਓ ਅਤੇ ਟੀ.ਵੀ. ਉੱਪਰ ਗਾਇਆ ਗਿਆ ਹੈ। ਉਨ੍ਹਾਂ ਦਾ ਅੱਖਾਂ ਦਾਨ ਦੀ ਪ੍ਰੇਰਨਾ ਕਰਦਾ ਗੀਤ 'ਚਾਨਣ ਭਰ ਦਿਆਂਗੇ' ਵਾਹਘਾ ਬਾਰਡਰ 'ਤੇ ਮਸ਼ਹੂਰ ਗਾਇਕ ਜੋੜੀ ਗੁਰਵਿੰਦਰ ਸ਼ੇਰਗਿੱਲ ਅਤੇ ਸਿਮਰਨ ਸਿੰਮੀ ਵੱਲੋਂ ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ ਸੀ। ਉਨ੍ਹਾਂ ਦਾ ਇਹ ਗੀਤ ਇੰਟਰਨੈਸ਼ਨਲ ਐਵਾਰਡ ਜੇਤੂ ਬਣਿਆ। ਇਸ ਗੀਤ ਉੱਪਰ ਲਘੂ ਫ਼ਿਲਮ ਵੀ ਬਣੀ ਹੋਈ ਹੈ। ਇਸ ਪ੍ਰੇਰਨਾ ਦਿੰਦੇ ਗੀਤ ਸਦਕਾ ਡਾ.ਕੋਚਰ ਨੂੰ 15 ਦਸੰਬਰ, 2022 ਨੂੰ ਦੁਬਈ ਵਿਖੇ ਕਰਵਾਏ ਗਏ 'ਪੰਜਾਬ ਅੰਤਰਰਾਸ਼ਟਰੀ ਫਿਲਮ ਮੇਲੇ' ਵਿੱਚ ਦੁਬਈ ਦੀ ਸਿਰਮੌਰ ਸ਼ਖਸ਼ੀਅਤ ਮੁਹੰਮਦ ਸ਼ੇਖ ਜੀ ਵੱਲੋਂ 'ਬੈਸਟ ਪੋਇਟੈਸ ਐਵਾਰਡ' ਨਾਲ ਸਨਮਾਨਿਆ ਗਿਆ ਸੀ।

ਸਾਹਿਤ ਦੇ ਖੇਤਰ ਵਿੱਚ ਉਨ੍ਹਾਂ ਨੂੰ ਮਿਲੇ ਇਨਾਮਾਂ, ਸਨਮਾਨਾਂ ਦੀ ਗਿਣਤੀ ਚੋਖੀ ਬਣਦੀ ਹੈ, ਇਸ ਵਿੱਚ 'ਵਿਰਸੇ ਦੇ ਵਾਰਸ', 'ਅੱਖ਼ਰਾਂ ਦੀ ਰੌਸ਼ਨੀ', 'ਚੌਮੁਖੀਆ ਦੀਪ ਐਵਾਰਡ', 'ਡਾ.ਸਾਧੂ ਸਿੰਘ ਹਮਦਰਦ ਯਾਦਗਾਰੀ ਐਵਾਰਡ', 'ਜਸਵੰਤ ਕੌਰ ਗਿੱਲ ਯਾਦਗਾਰੀ ਐਵਾਰਡ', 'ਡਾ. ਰਣਧੀਰ ਸਿੰਘ ਚੰਦ ਪੁਰਸਕਾਰ', 'ਸਮਰੱਥ ਗ਼ਜ਼ਲਗੋ ਐਵਾਰਡ', 'ਵਿਰਸਾ ਪੰਜਾਬ ਦਾ ਐਵਾਰਡ', 'ਧੀ ਪੰਜਾਬ ਦੀ ਪੁਰਸਕਾਰ', 'ਬਾਵਾ ਬਲਵੰਤ ਯਾਦਗਾਰੀ ਐਵਾਰਡ', ਹਰਭਜਨ ਸਿੰਘ ਕੋਮਲ ਯਾਦਗਾਰੀ ਪੁਰਸਕਾਰ', 'ਕਵੀ ਸ਼੍ਰੋਮਣੀ ਉਪਾਧੀ ਐਵਾਰਡ', 'ਅੰਮ੍ਰਿਤਾ ਪ੍ਰੀਤਮ ਯਾਦਗਾਰੀ ਨੈਸ਼ਨਲ ਐਵਾਰਡ', '21ਵੀਂ ਸ਼ਤਾਬਦੀ ਸਾਹਿਤ ਰਤਨ ਪੁਰਸਕਾਰ', 'ਮਹਾਤਮਾ ਫੂਲੇ ਸਹਿਤ ਸਾਗਰ ਉਪਾਧੀ', 'ਕਵੀ ਸ਼੍ਰੋਮਣੀ ਪੁਰਸਕਾਰ' (ਬਿਕਰਮਸ਼ਿਲਾ ਯੂਨੀਵਰਸਿਟੀ ਭਾਗਲਪੁਰ), ਇੰਡੋ ਨੇਪਾਲ ਸਮਰਸਤਾ ਐਵਾਰਡ, ਕੈਨੇਡਾ ਸਰਕਾਰ ਵੱਲੋਂ 'ਐਵਾਰਡ ਆਫ਼ ਐਪਰੀਸੀਏਸ਼ਨ', 'ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ', 'ਡਾ. ਆਤਮ ਹਮਰਾਹੀ ਯਾਦਗਾਰੀ ਪੁਰਸਕਾਰ' 'ਕਲਮ ਦੀ ਜੋਤ ਪੁਰਸਕਾਰ ਸਮੇਤ ਹੋਰ ਅਣਗਿਣਤ ਵੱਕਾਰੀ ਪੁਰਸਕਾਰ ਤੇ ਸਨਮਾਨ ਸ਼ਾਮਿਲ ਹਨ।

ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ 5 ਸਤੰਬਰ, 1998 ਨੂੰ ਅਧਿਆਪਕ ਦਿਵਸ ਮੌਕੇ ਬਠਿੰਡਾ ਵਿਖੇ 'ਰਾਜ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਸਦਕਾ 2003 ਵਿੱਚ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਡਾ.ਏ.ਪੀ.ਜੇ. ਅਬਦੁਲ ਕਲਾਮ ਵੱਲੋਂ 'ਕੌਮੀ ਪੁਰਸਕਾਰ' ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ 2004 ਵਿੱਚ ਸਿਹਤ ਅਤੇ ਸਿੱਖਿਆ ਵਿਕਾਸ ਸੰਸਥਾ ਨਵੀਂ ਦਿੱਲੀ ਵੱਲੋਂ 'ਲਾਈਫ ਟਾਈਮ ਐਜੂਕੇਸ਼ਨ ਅਚੀਵਮੈਂਟ ਐਵਾਰਡ' ਦਿੱਤਾ ਗਿਆ। ਉਨ੍ਹਾਂ ਨੂੰ ਸ਼ਿਕਸ਼ਾ ਭੂਸ਼ਣ ਨੈਸ਼ਨਲ ਐਵਾਰਡ, ਪ੍ਰੋ. ਗੁਰਮੁਖ ਸਿੰਘ ਯਾਦਗਾਰੀ ਐਵਾਰਡ ਅਤੇ ਐਵਾਰਡ ਆਫ ਆੱਨਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਅਤੇ ਇੰਟਰਨੈਸ਼ਨਲ ਪੀਸ ਹੈਰੀਟੇਜ ਐਂਡ ਐਨਵਾਇਰਮੈਂਟ ਵੈਲਫ਼ੇਅਰ ਆਰਗੇਨਾਈਜੇਸ਼ਨ ਕੈਨੇਡਾ ਵੱਲੋਂ ਦਿੱਤੇ ਗਏ ਹਨ।

ਸਾਹਿਤਕ ਅਤੇ ਸਿੱਖਿਆ ਜਗਤ ਦੇ ਕਾਰਜਾਂ ਤੋਂ ਇਲਾਵਾ ਡਾ.ਕੋਚਰ ਪਿਛਲੇ ਤਿੰਨ ਦਹਾਕਿਆਂ ਤੋਂ ਸਮਾਜਿਕ ਸੇਵਾ ਦੇ ਕਾਰਜਾਂ ਪ੍ਰਤੀ ਵੀ ਸਿਦਕ ਦਿਲੀ ਨਾਲ ਜੁਟੀ ਹੋਈ ਹੈ। ਉਹ ਪਲਸ ਪੋਲੀਓ ਮੁਹਿੰਮ, ਕੌਮੀ ਸਾਖ਼ਰਤਾ ਮੁਹਿੰਮ, ਖ਼ੂਨਦਾਨ ਕੈਂਪਾਂ ਅਤੇ ਅੱਖਾਂ ਦੇ ਓਪਰੇਸ਼ਨਾਂ ਦੇ ਕੈਂਪਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੀ ਰਹਿਦੀ ਹੈ। ਉਹ ਖ਼ੂਨਦਾਨ ਦੀ ਮਹੱਤਤਾ ਨੂੰ ਸਮਝਦੇ ਹੋਏ ਹੁਣ ਤੱਕ 16 ਵਾਰ ਖ਼ੂਨ ਦਾਨ ਕਰ ਚੁੱਕੇ ਹਨ। ਉਹ ਪੰਜਾਬ ਇਸਤਰੀ ਸਭਾ ਲੁਧਿਆਣਾ ਦੇ ਨਾਲ 1992 ਤੋਂ ਜੁੜੀ ਹੋਈ ਹੈ। ਪਹਿਲਾਂ ਬਤੌਰ ਮੀਤ ਪ੍ਰਧਾਨ ਅਤੇ ਹੁਣ ਪਿਛਲੇ ਦੋ ਦਹਾਕਿਆਂ ਤੋਂ ਪ੍ਰਧਾਨ ਵਜੋਂ ਸੇਵਾਵਾਂ ਦੇ ਰਹੀ ਹੈ। ਉਸ ਨੇ ਔਰਤ ਨਾਲ ਜੁੜੀ ਘਰੇਲੂ ਅਹਿੰਸਾ ਅਤੇ ਦਾਜ ਦੀ ਪ੍ਰਥਾ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਦਿਆਂ ਹੋਇਆਂ 80% ਪਰਿਵਾਰਾਂ ਨੂੰ ਟੁੱਟਣ ਤੋਂ ਬਚਾਇਆ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਸਮਾਜ ਸੇਵਾ ਦੀ ਸ਼ੁਰੂਆਤ ਸਾਲ 1988 ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰਨ ਨਾਲ ਕੀਤੀ ਸੀ, ਜਦੋਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਲੁਧਿਆਣਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ। ਸਾਲ 2025 ਵਿੱਚ ਵੀ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਇਲਾਕਿਆਂ ਜਿਵੇਂ ਫਿਰੋਜ਼ਪੁਰ, ਹਰੀਕੇ ਪੱਤਣ, ਤਰਨਤਾਰਨ, ਦੀਨਾਨਗਰ ਅਤੇ ਰਾਵੀ ਦੇ ਆਰ-ਪਾਰ ਦੇ ਪਿੰਡਾਂ ਵਿਚ ਆਪਣੇ ਪਰਿਵਾਰਕ ਵਸੀਲਿਆਂ ਰਾਹੀਂ ਵੱਡੀ ਮਾਤਰਾ ਵਿਚ ਰਾਹਤ ਸਮੱਗਰੀ ਵੰਡਣ ਜਾਂਦੇ ਰਹੇ ਹਨ। ਡਾ.ਕੋਚਰ ਦੇ ਕਾਰਜ ਖੇਤਰ ਦਾ ਘੇਰਾ ਬੜਾ ਵਸੀਹ ਹੈ। ਉਹ ਆਮ

ਲੋਕਾਂ ਦੀਆਂ ਲੋੜਾਂ, ਥੁੜ੍ਹਾਂ, ਲਾਚਾਰੀਆਂ, ਦੁਸ਼ਵਾਰੀਆਂ, ਮੁਸ਼ਕਿਲਾਂ ਅਤੇ ਚੁਣੌਤੀਆਂ ਤੋਂ ਭਲੀ ਭਾਂਤਿ ਵਾਕਫ਼ ਹੈ। ਉਹ ਲਿਖਦੀ ਹੈ:

ਦੁੱਖਾਂ ਦੇ ਵਿੱਚ ਜੰਮੀ, ਖੇਡੀ, ਦਰਦ ਹੰਢਾਏ 'ਕੋਚਰ' ਨੇ,
ਤਾਹੀਓਂ ਤਾਂ ਹੋ ਗਈ ਹੈ ਉਸ ਨੂੰ ਦੁੱਖਾਂ ਦੀ ਪਹਿਚਾਨ ਬਹੁਤ।

ਡਾ. ਕੋਚਰ ਨੇ ਭਾਵੇਂ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਵਿੱਚ ਲਿਖਿਆ ਹੈ, ਪਰ ਉਸ ਦੀ ਰੂਹ ਨੂੰ ਵਧੇਰੇ ਸਕੂਨ ਗ਼ਜ਼ਲ ਕਹਿ ਕੇ ਮਿਲਦਾ ਹੈ। ਉਹ ਗ਼ਜ਼ਲ ਕਦੋਂ ਲਿਖਦੇ ਹਨ, ਇਸਦਾ ਜਵਾਬ ਉਨ੍ਹਾਂ ਦੇ ਹੀ ਇੱਕ ਸ਼ਿਅਰ ਵਿੱਚ ਸੁਣੋ :

"ਜਦੋਂ ਸ਼ਬਦਾਂ ਦਾ ਮਨ ਵਿੱਚ ਉੱਠ ਰਿਹਾ ਤੂਫ਼ਾਨ ਸੁਣਦੀ ਹਾਂ।
ਗ਼ਜ਼ਲ ਦੇ ਵਾਸਤੇ ਮੈਂ ਰੱਬ ਦਾ ਫਰਮਾਨ ਸੁਣਦੀ ਹਾਂ।"

ਡਾ. ਗੁਰਚਰਨ ਕੌਰ ਕੋਚਰ ਦੀਆਂ ਸਰਗਰਮੀਆਂ ਨੂੰ ਦੇਖਦੇ ਹੋਏ ਉਸ ਨੂੰ ਸਾਹਿਤ, ਸਿੱਖਿਆ ਅਤੇ ਸਮਾਜ ਸੇਵਾ ਦੀ ਤ੍ਰਿਵੈਣੀ ਕਹਿਣਾ ਹੀ ਵਾਜਬ ਹੋਵੇਗਾ। ਅਸੀਂ ਆਸ ਕਰਦੇ ਹਾਂ ਕਿ ਉਹ ਇਸੇ ਤਰ੍ਹਾਂ ਨਿਰੰਤਰਤਾ ਨਾਲ ਹੀ ਸਾਹਿਤ ਅਤੇ ਸਮਾਜ ਦੀ ਸੇਵਾ ਕਰਦੇ ਰਹਿਣ ਅਤੇ ਆਪਣੇ ਮਿਸ਼ਨ ਨਰੋਆ ਸਮਾਜ ਸਿਰਜਣ ਵਿੱਚ ਸਫ਼ਲ ਹੋਣ।

ਮੋਬਾਇਲ : 94170-31464

# ਗੁਰਮੀਤ ਕੜਿਆਲਵੀ



ਗੁਰਮੀਤ ਕੜਿਆਲਵੀ ਬਹੁਵਿਧਾਵੀ ਲੇਖਕ ਹੈ। ਉਹ ਕਹਾਣੀਕਾਰ, ਨਾਟਕਕਾਰ, ਨਾਵਲਕਾਰ, ਬਾਲ ਸਾਹਿਤਕਾਰ ਅਤੇ ਕਵੀ ਹੈ। ਉਸ ਨੂੰ ਹਰ ਵਿਧਾ ਵਿੱਚ ਅਬੂਰ ਹਾਸਲ ਹੈ। ਉਨ੍ਹਾਂ ਦਾ ਜਨਮ 23 ਦਸੰਬਰ, 1968 ਨੂੰ ਪਿਤਾ ਸਰਦਾਰ ਬਾਬੂ ਸਿੰਘ ਅਤੇ ਮਾਤਾ ਸ਼੍ਰੀਮਤੀ ਸੁਖਦੇਵ ਕੌਰ ਦੇ ਗ੍ਰਹਿ ਵਿਖੇ ਪਿੰਡ ਕੜਿਆਲ ਤਹਿਸੀਲ ਧਰਮਕੋਟ ਜ਼ਿਲ੍ਹਾ ਮੋਗਾ ਵਿਖੇ ਹੋਇਆ। ਉਨ੍ਹਾਂ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਉਨ੍ਹਾਂ ਨੇ +2 ਕਰਨ ਉਪਰੰਤ ਬਹੁ ਤਕਨੀਕੀ ਕਾਲਜ ਗੁਰੂ ਤੇਗ ਬਹਾਦਰਗੜ੍ਹ (ਰੋਡੇ) ਤੋਂ ਸਿਵਲ ਇੰਜੀਨੀਅਰਿੰਗ ਵਿੱਚ ਡਿਪਲੋਮਾ ਹਾਸਿਲ ਕੀਤਾ। ਇਸ ਤੋਂ ਬਾਅਦ ਉਹ ਸਿੰਚਾਈ ਵਿਭਾਗ ਵਿੱਚ ਪੰਪ ਅਪਰੇਟਰ ਨਿਯੁਕਤ ਹੋਏ। ਗੁਰਮੀਤ ਕੜਿਆਲਵੀ ਨੇ ਨੌਕਰੀ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ। ਉਨ੍ਹਾਂ 1996 ਵਿੱਚ ਐਮ.ਏ. (ਪੰਜਾਬੀ) ਅਤੇ 1998 ਵਿੱਚ ਐਮ.ਏ. (ਰਾਜਨੀਤੀ ਸ਼ਾਸਤਰ) ਕੀਤੀ। ਡਬਲ ਐਮ.ਏ. ਕਰਨ ਤੋਂ ਬਾਅਦ ਉਨ੍ਹਾਂ ਨੇ ਯੂ.ਜੀ.ਸੀ. ਨੈੱਟ ਟੈਸਟ ਪਾਸ ਕਰਕੇ ਪ੍ਰਾ ਅਧਿਆਪਕ ਵਜੋਂ ਕਾਲਜ ਕਾਡਰ ਵਿੱਚ ਪੜ੍ਹਾਉਣ ਦਾ ਮਨ ਬਣਾਇਆ। ਪਰ ਇਸੇ ਸਮੇਂ ਉਨ੍ਹਾਂ ਦੀ ਨਿਯੁਕਤੀ ਪੰਜਾਬ ਸਰਕਾਰ ਦੇ ਸਮਾਜ ਭਲਾਈ ਵਿਭਾਗ ਵਿੱਚ ਬਤੌਰ ਤਹਿਸੀਲ ਭਲਾਈ ਅਫ਼ਸਰ ਹੋ ਗਈ। ਵਰਤਮਾਨ ਸਮੇਂ ਉਹ ਜ਼ਿਲ੍ਹਾ ਭਲਾਈ ਅਫ਼ਸਰ ਵਜੋਂ ਫ਼ਰੀਦਕੋਟ ਵਿਖੇ ਤਾਇਨਾਤ ਹਨ।

1995 ਵਿੱਚ ਗੁਰਮੀਤ ਕੜਿਆਲਵੀ ਦਾ ਵਿਆਹ ਕਵਿੱਤਰੀ ਸਿਮਰਜੀਤ ਸਿੰਮੀ ਨਾਲ ਹੋਇਆ। ਕੜਿਆਲਵੀ ਦੀ ਜੀਵਨ ਸਾਥਣ ਸਿਮਰਜੀਤ ਸਿੰਮੀ ਨੇ ਵੀ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਦੋ ਕਾਵਿ-ਸੰਗ੍ਰਹਿ, 'ਮੈਂ ਗੈਰ ਹਾਜ਼ਰ ਨਹੀਂ' (1996) ਅਤੇ 'ਵਣਜ' (2014) ਪਾਏ ਹਨ। ਕਿੱਤੇ ਵਜੋਂ ਸ਼੍ਰੀਮਤੀ ਸਿਮਰਜੀਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਨਰਸਿੰਗ ਸਿਸਟਰ ਵਜੋਂ ਸੇਵਾਵਾਂ ਦੇ ਰਹੇ ਹਨ। ਗੁਰਮੀਤ ਕੜਿਆਲਵੀ ਦੀ ਫੁਲਵਾੜੀ ਵਿੱਚ ਦੋ ਬੇਟੀਆਂ-ਗੁਰਲੀਨ ਅਤੇ ਤੌਫ਼ੀਕ ਗਿੱਲ ਹਨ।

ਗੁਰਮੀਤ ਕੜਿਆਲਵੀ ਨੇ 'ਅੱਕ ਦਾ ਬੂਟਾ' (1993) ਕਹਾਣੀ ਸੰਗ੍ਰਹਿ ਨਾਲ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ। ਫਿਰ ਕਹਾਣੀ ਸੰਗ੍ਰਹਿ 'ਊਣੇ' (2001) ਅਤੇ 'ਆਤੂ ਖੋਜੀ' (2006) ਪ੍ਰਕਾਸ਼ਿਤ ਹੋਣ ਨਾਲ ਉਹ ਚਰਚਿਤ ਕਹਾਣੀਕਾਰ ਵਜੋਂ ਸਥਾਪਿਤ ਹੋਏ। ਉਨ੍ਹਾਂ ਦੇ ਹੋਰ ਕਹਾਣੀ ਸੰਗ੍ਰਹਿ 'ਢਾਲ' (2014), 'ਹਾਰੀਂ ਨਾ ਬਚਨਿਆ' (2020), 'ਵਕਤ ਕੇ ਪੰਖ ਸੇ ਬੰਧੀ ਵਫ਼ਾ' (ਹਿੰਦੀ) (2022), 'ਮੋਰ ਪੈਲ ਕਿਉਂ ਨਹੀਂ ਪਾਉਂਦੇ' (2023), 'ਸਾਰੰਗੀ ਦੀ ਮੌਤ ਤੇ ਹੋਰ ਕਹਾਣੀਆਂ' (2019) ਪ੍ਰਕਾਸ਼ਿਤ ਹੋਏ ਹਨ।

ਉਨ੍ਹਾਂ ਦਾ ਚਰਚਿਤ ਨਾਵਲ 'ਉਹ ਇੱਕੀ ਦਿਨ' (2020) ਪੰਜਾਬੀ ਵਿੱਚ ਅਤੇ ਹਿੰਦੀ ਵਿੱਚ 'ਵੋ ਇਕੀਸ ਦਿਨ' (2022) ਪ੍ਰਕਾਸ਼ਿਤ ਹੋਇਆ ਹੈ। 'ਸਾਰੰਗੀ' (2025) ਉਨ੍ਹਾਂ ਦਾ ਪ੍ਰਕਾਸ਼ਿਤ ਨਾਟਕ ਹੈ। ਉਨ੍ਹਾਂ ਦੀ ਕਹਾਣੀ 'ਆਤੂ ਖੋਜੀ' ਪੰਜਾਬੀ ਯੂਨੀਵਰਸਿਟੀ ਦੇ ਐਮ.ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਹੈ ਅਤੇ ਇਹੀ ਕਹਾਣੀ ਰਾਜਸਥਾਨ ਸਕੂਲ ਬੋਰਡ ਦੇ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿੱਚ ਵੀ ਸ਼ਾਮਿਲ ਹੈ। ਕਹਾਣੀ 'ਹੱਡਾ ਰੋੜੀ ਤੇ ਰੇਹੜੀ' ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਦੇ ਐਮ.ਏ. ਹਿੰਦੀ ਦੇ ਸਿਲੇਬਸ ਵਿੱਚ ਸ਼ਾਮਿਲ ਹੈ। ਉਨ੍ਹਾਂ ਦੀ ਕਹਾਣੀ 'ਵੇ ਸੋਨੇ ਦਿਆ ਕੰਗਣਾ' ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਲੇਬਸ ਦਾ ਹਿੱਸਾ ਹੈ ਅਤੇ ਉਨ੍ਹਾਂ ਦਾ ਨਾਵਲ 'ਉਹ ਇੱਕੀ ਦਿਨ' ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਵਿੱਚ ਬੀ.ਏ. ਦੀਆਂ ਜਮਾਤਾਂ ਨੂੰ ਪੜ੍ਹਾਇਆ ਜਾ ਰਿਹਾ ਹੈ।

ਉਨ੍ਹਾਂ ਦੇ ਲਿਖੇ ਬਹੁਤ ਸਾਰੇ ਨਾਟਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਲੱਗਦੇ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਖੇਡੇ ਗਏ ਹਨ, ਜਿਨਾਂ ਵਿੱਚ 'ਸਾਰੰਗੀ' (2016), 'ਤੂੰ ਜਾਹ ਡੈਡੀ' (2017), 'ਛਿਲਤਰਾਂ' (2018), 'ਮਦਾਰੀ' (2020) ਸ਼ਾਮਿਲ ਹਨ। ਕਿਸਾਨ ਅੰਦੋਲਨ ਦੌਰਾਨ ਉਨ੍ਹਾਂ ਦਾ ਨਾਟਕ 'ਮਦਾਰੀ' ਦਿੱਲੀ ਦੇ ਟਿੱਕਰੀ ਬਾਰਡਰ 'ਤੇ ਵੀ 2020 ਵਿੱਚ ਖੇਡਿਆ ਗਿਆ ਸੀ। ਉਨ੍ਹਾਂ ਦੀ ਕਹਾਣੀ 'ਊਣੇ' ਨੂੰ ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਜੀ ਵੱਲੋਂ ਮੰਚਨ ਕਰਕੇ ਸਟੇਜ 'ਤੇ ਅਣਗਿਣਤ ਵਾਰ ਖੇਡਿਆ ਗਿਆ ਸੀ। ਉਨ੍ਹਾਂ ਦੀ ਕਹਾਣੀ 'ਨੰਮੋਲੀਆਂ' ਇੱਕ ਪਾਤਰੀ ਨਾਟਕ ਦੇ ਰੂਪ ਵਿੱਚ 250 ਤੋਂ ਵੱਧ ਵਾਰ ਮੰਚਣ ਹੋਈ ਹੈ। ਕਹਾਣੀ 'ਸਾਰੰਗੀ ਦੀ ਮੌਤ' ਦਾ ਹਿੰਦੀ ਵਿੱਚ ਰੂਪਾਂਤਰਣ ਹੋ ਕੇ ਨਾਟਕ 'ਅਨਹਦ ਵਾਜਾ ਵਾਜਿਓ' ਦਿੱਲੀ ਵਿੱਚ ਕਈ ਵਾਰ ਖੇਡਿਆ ਗਿਆ ਹੈ। ਉਨ੍ਹਾਂ ਦੀਆਂ ਕਹਾਣੀਆਂ

ਨੂੰ ਨਾਟਕੀਕਰਨ ਅੰਦਾਜ਼ ਵਿੱਚ ਭਾਈ ਮੰਨਾ ਸਿੰਘ ਤੋਂ ਇਲਾਵਾ ਸੁੱਖੀ ਪਾਤੜਾਂ, ਕੇਵਲ ਧਾਲੀਵਾਲ ਅਤੇ ਹਰਕੇਸ਼ ਚੌਧਰੀ ਦੀਆਂ ਟੀਮਾਂ ਵੱਲੋਂ ਅਣਗਿਣਤ ਵਾਰ ਖੇਡਿਆ ਗਿਆ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਉੱਪਰ ਫ਼ਿਲਮਾਂ ਦਾ ਨਿਰਮਾਣ ਵੀ ਹੋ ਚੁੱਕਿਆ ਹੈ।

ਗੁਰਮੀਤ ਕੜਿਆਲਵੀ ਨੇ ਬਾਲ ਸਹਿਤ ਦੇ ਖੇਤਰ ਵਿੱਚ ਵੀ ਜ਼ਿਕਰਯੋਗ ਕੰਮ ਕੀਤਾ ਹੈ। 'ਟਾਂਗੇ ਵਾਲਾ ਸੰਤਾ' (2014), 'ਅਸੀਂ ਹਾਂ ਮਿੱਤਰ ਤੁਹਾਡੇ' (2015), 'ਕਰਾਮਾਤੀ ਪੈੱਨ' (2018), 'ਅਸੀਂ ਉੱਡਣਾ ਚਾਹੁੰਦੇ ਹਾਂ' (2019), 'ਪੰਚ ਪ੍ਰਮੇਸ਼ਵਰ' (2020), 'ਸੁਲਤਾਨ ਸ਼ੇਰ ਸ਼ਾਹ' (2020), 'ਸੱਚੀ ਦੀ ਕਹਾਣੀ' (2021) ਬਾਲ ਪਾਠਕਾਂ ਲਈ ਪ੍ਰਕਾਸ਼ਤ ਹੋਈਆਂ ਪੁਸਤਕਾਂ ਹਨ। ਉਨ੍ਹਾਂ ਦੀ ਬਾਲ ਪੁਸਤਕ 'ਸੱਚੀ ਦੀ ਕਹਾਣੀ' ਨੂੰ 2023 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਦੀ ਪੁਸਤਕ ਸ਼ੇਰ ਸ਼ਾਹ ਸੂਰੀ (ਬਾਲ ਨਾਟਕ) ਨੂੰ 2021 ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਰਵੋਤਮ ਬਾਲ ਸਾਹਿਤ ਪੁਰਸਕਾਰ ਪ੍ਰਦਾਨ ਕੀਤਾ ਗਿਆ ਸੀ। ਉਨ੍ਹਾਂ ਦੀਆਂ ਪੁਸਤਕਾਂ 'ਪੰਚ ਪ੍ਰਮੇਸ਼ਵਰ' (2021), 'ਸੁਲਤਾਨ ਸ਼ੇਰ ਸ਼ਾਹ' (2024), 'ਕਰਾਮਾਤੀ ਪੈੱਨ' ਲਹਿੰਦੇ ਪੰਜਾਬ ਵਿੱਚ ਲਿਪੀਆਂਤਰ ਹੋ ਕੇ ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਗੁਰਮੀਤ ਕੜਿਆਲਵੀ ਨੇ 'ਖਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ' (2016), 'ਬੰਦ ਦਰਵਾਜ਼ੇ' (2019), 'ਦਹਿਸ਼ਤ ਭਰੇ ਦਿਨਾਂ 'ਚ' (2020), ਵਾਰਤਕ ਪੁਸਤਕਾਂ ਲਿਖੀਆਂ ਹਨ। 'ਨਕਸ਼ ਨੱਕਾਸ਼' (2021) ਉਨ੍ਹਾਂ ਦੀ ਸ਼ਬਦ ਚਿੱਤਰਾਂ ਦੀ ਕਿਤਾਬ ਹੈ। 'ਜੇ ਤੂੰ ਨਾ ਹੁੰਦਾ' ਗੁਰਮੀਤ ਕੜਿਆਲਵੀ ਦਾ ਕਾਵਿ-ਸੰਗ੍ਰਹਿ ਹੈ। 'ਪਾਰਲੀਮੈਂਟ', 'ਦਲਿਤ ਸਕੂਲ' ਅਤੇ 'ਬੋਹੜ ਵਾਲਿਆਂ ਦਾ ਸਾਧਾ' ਸਮੇਤ ਉਨ੍ਹਾਂ ਦੀਆਂ ਕਈ ਕਵਿਤਾਵਾਂ ਲੋਕਾਂ ਵਿੱਚ ਬਹੁਤ ਹਰਮਨ ਪਿਆਰੀਆਂ ਹੋਈਆਂ ਹਨ। ਗੁਰਮੀਤ ਕੜਿਆਲਵੀ ਦੀਆਂ ਰਚਨਾਵਾਂ ਉੱਪਰ ਬਹੁਤ ਸਾਰਾ ਖੋਜ ਕਾਰਜ ਵੀ ਹੋਇਆ ਹੈ। ਪੁਸਤਕ 'ਗੁਰਮੀਤ ਕੜਿਆਲਵੀ ਦਾ ਕਥਾ ਬੋਧ' ਵਿੱਚ ਵੱਖ-ਵੱਖ ਵਿਦਵਾਨਾਂ ਦੇ ਕੜਿਆਲਵੀ ਦੀ ਕਹਾਣੀ ਕਲਾ ਬਾਰੇ ਲੇਖ ਹਨ, ਇਸ ਪੁਸਤਕ ਦੇ ਸੰਪਾਦਕ ਪਰਮਪਾਲ ਬਾਦਲ ਹਨ। 'ਹਾਰੀਂ ਨਾ ਬਚਨਿਆ' ਦਾ ਪ੍ਰਵਚਨ ਪ੍ਰੋ. ਪਰਮਪਾਲ ਦੁਆਰਾ ਸੰਪਾਦਿਤ ਪੁਸਤਕ ਹੈ। 'ਗੁਰਮੀਤ ਕੜਿਆਲਵੀ ਦੇ ਕਥਾ ਸੰਗ੍ਰਹਿ ਉਣੇ ਦਾ ਭਾਸ਼ਾਈ ਅਧਿਐਨ' ਵਿਸ਼ੇ 'ਤੇ ਹਰਜੀਤ ਸਿੰਘ ਨੇ ਐਮ.ਫਿਲ. ਕੀਤੀ ਹੈ। 'ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਦਾ ਥੀਮਕ ਅਤੇ ਰੂਪਗਤ ਅਧਿਐਨ' ਵਿਸ਼ੇ ਉੱਪਰ

ਡਾ. ਗੁਰਜਿੰਦਰ ਕੌਰ ਨੇ ਪੀ.ਐਚ.ਡੀ.ਕੀਤੀ ਹੈ। 'ਗੁਰਮੀਤ ਕੜਿਆਲਵੀ ਅਤੇ ਕਿਰਪਾਲ ਕਜ਼ਾਕ ਦੀ ਕਹਾਣੀ ਸੰਵੇਦਨਾ' ਉੱਪਰ ਸ਼ੇਰ ਸਿੰਘ ਨੇ ਪੀ.ਐਚ.ਡੀ. ਥੀਸਿਸ ਲਿਖਿਆ ਹੈ। ਹੋਰਨਾਂ ਗਲਪਕਾਰਾਂ ਨਾਲ ਸਾਂਝੇ ਤੌਰ 'ਤੇ ਵੀ ਗੁਰਮੀਤ ਕੜਿਆਲਵੀ ਦੀਆਂ ਰਚਨਾਵਾਂ ਉੱਪਰ ਕੰਮ ਹੋਇਆ ਹੈ, ਜਿਸ ਵਿੱਚ 'ਸਿਨੇਮਾ ਅਤੇ ਬਿਰਤਾਂਤਕ ਗਲਪ ਅੰਤਰ ਸਬੰਧ' ਵਿਸ਼ੇ ਉੱਪਰ ਖੋਜਾਰਥੀ ਅਮੀਨਾ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਫਿਲ ਕੀਤੀ ਗਈ ਹੈ। ਪੁਸਤਕ 'ਪੰਜਾਬੀ ਕਹਾਣੀ, ਦਲਿਤ ਮਸਲੇ ਵੰਗਾਰਾਂ ਤੇ ਚੁਣੌਤੀਆਂ' ਪਰਮਪਾਲ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਈ ਹੈ। '1990 ਤੋਂ ਬਾਅਦ ਦੀ ਪੰਜਾਬੀ ਕਹਾਣੀ ਦਾ ਵਿਚਾਰਧਾਰਾਈ ਅਧਿਐਨ' ਦੇ ਉੱਪਰ ਮਮਤਾ ਰਾਣੀ ਵੱਲੋਂ ਪੀ.ਐਚ. ਡੀ.ਕੀਤੀ ਗਈ ਹੈ।

ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ 50 ਤੋਂ ਵਧੇਰੇ ਸਾਂਝੇ ਕਹਾਣੀ ਸੰਗ੍ਰਹਿਆਂ ਵਿੱਚ ਵੀ ਸ਼ਾਮਿਲ ਹਨ। ਉਨ੍ਹਾਂ ਨੂੰ ਬਹੁਤ ਸਾਰੇ ਮਾਨ-ਸਨਮਾਨ ਮਿਲੇ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਦਾ ਜ਼ਿਕਰ ਇਸ ਪ੍ਰਕਾਰ ਹੈ-

ਕਹਾਣੀਕਾਰ ਨਵਤੇਜ ਸਿੰਘ ਪ੍ਰੀਤ ਲੜੀ ਪੁਰਸਕਾਰ, ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ, ਜਨਵਾਦੀ ਰਚਨਾ ਮੰਚ ਜਲੰਧਰ ਵੱਲੋਂ 2014 ਵਿੱਚ ਗੁਰਦਾਸ ਰਾਮ ਆਲਮ ਐਵਾਰਡ, ਪਲਸ ਮੰਚ ਵੱਲੋਂ 2018 ਵਿੱਚ ਸਨਮਾਨ, ਦਲਬੀਰ ਚੇਤਨ ਕਥਾ ਪੁਰਸਕਾਰ 2021, ਆਪਣੀ ਆਵਾਜ਼ ਪੁਰਸਕਾਰ 2022, ਪ੍ਰੋ. ਰਮਨ ਯਾਦਗਾਰੀ ਐਵਾਰਡ 2022, ਇਕਬਾਲ ਰਾਮੂਵਾਲੀਆ ਗਲਪ ਪੁਰਸਕਾਰ 2024। ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਮੋਰ ਪੈਲ ਕਿਉਂ ਨਹੀਂ ਪਾਉਂਦੇ' ਨੂੰ 2024 ਦਾ ਵੱਕਾਰੀ ਢਾਹਾ ਪੁਰਸਕਾਰ ਵੀ ਮਿਲ ਚੁੱਕਿਆ ਹੈ।

ਪੰਜਾਬੀ ਸਾਹਿਤ ਦੀ ਸੇਵਾ ਨੂੰ ਸਮਰਪਿਤ ਮਾਣਮੱਤੀ ਸ਼ਖਸ਼ੀਅਤ ਕੜਿਆਲਵੀ 2007 ਤੋਂ 2011 ਅਤੇ ਦੁਬਾਰਾ 2013 ਤੋਂ 2019 ਤੱਕ ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਦੇ ਜਨਰਲ ਸਕੱਤਰ ਰਹੇ ਹਨ। 2010-12 ਦੌਰਾਨ ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਕਾਰਜਕਾਰਨੀ ਦੇ ਮੈਂਬਰ ਵੀ ਰਹੇ ਹਨ। 2021 ਤੋਂ ਉਹ ਮਹਿੰਦਰ ਸਾਥੀ ਯਾਦਗਾਰੀ ਮੰਚ (ਰਜਿ.) ਮੋਗਾ ਦੇ ਪ੍ਰਧਾਨ ਚਲੇ ਆ ਰਹੇ ਹਨ। ਇਸ ਤੋਂ ਇਲਾਵਾ ਵੀ ਉਹ ਬਹੁਤ ਸਾਰੀਆਂ ਸਾਹਿਤਕ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਪੰਜਾਬੀ ਸਾਹਿਤ ਜਗਤ ਨੂੰ ਸਾਹਿਤਕਾਰ ਗੁਰਮੀਤ ਕੜਿਆਲਵੀ ਜੀ ਤੋਂ ਬਹੁਤ ਆਸ਼ਾਵਾਂ ਹਨ।

ਮੋਬਾਇਲ : 98726-40994

# ਗੁਰਮੇਲ ਸਿੰਘ ਬੌਡੇ



ਸਾਹਿਤਕਾਰ ਗੁਰਮੇਲ ਸਿੰਘ ਬੌਡੇ ਪੰਜਾਬੀ ਸਾਹਿਤਕ ਜਗਤ ਵਿੱਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਬਹੁਵਿਧਾਵੀ ਲੇਖਕ ਬੌਡੇ ਮਾਰਕਸਵਾਦੀ ਸਮਾਜਵਾਦੀ ਸੋਚ ਦਾ ਧਾਰਨੀ ਲੇਖਕ ਹੈ। ਗੁਰਮੇਲ ਸਿੰਘ ਬੌਡੇ ਭਾਵੇਂ ਸਰੀਰਕ ਤੌਰ 'ਤੇ 80% ਅਪਾਹਿਜ ਹੈ, ਪਰ ਉਹ ਹਰ ਸਮੇਂ ਚੜ੍ਹਦੀ ਕਲਾ ਵਿੱਚ ਰਹਿਣ ਵਾਲੀ ਸ਼ਖਸ਼ੀਅਤ ਹੈ। ਉਸ ਦੇ 25 ਪ੍ਰਤੀਸ਼ਤ ਕੰਮ ਕਰਦੇ ਦਿਲ ਦਾ ਵੀ ਦੋ ਵਾਰ ਉਪਰੇਸ਼ਨ ਹੋ ਚੁੱਕਿਆ ਹੈ। ਉਨ੍ਹਾਂ ਨੇ ਹੁਣ ਤੱਕ ਪੰਜਾਬੀ ਸਾਹਿਤ ਦੀ ਝੋਲੀ ਵਿੱਚ 27 ਪੁਸਤਕਾਂ ਪਾਈਆਂ ਹਨ। ਉਨ੍ਹਾਂ ਦੀ ਪੁਸਤਕ 'ਧਰੂ ਤਾਰੇ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਮਿਲ ਚੁੱਕਿਆ ਹੈ।

ਗੁਰਮੇਲ ਸਿੰਘ ਬੌਡੇ ਦਾ ਜਨਮ 26 ਅਗਸਤ, 1960 ਨੂੰ ਮਾਤਾ ਗਿਆਨ ਕੌਰ ਦੀ ਕੁੱਖੋਂ ਸਰਦਾਰ ਚੜ੍ਹਤ ਸਿੰਘ ਧਾਲੀਵਾਲ ਦੇ ਘਰ ਪਿੰਡ ਬੌਡੇ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਜ਼ਿਲਾ ਮੋਗਾ) ਵਿੱਚ ਹੋਇਆ। ਸ਼ੁਰੂ ਵਿੱਚ ਘਰਦਿਆਂ ਨੇ ਉਨ੍ਹਾਂ ਦਾ ਨਾਮ ਬਘੇਲ ਸਿੰਘ ਰੱਖਿਆ ਸੀ, ਪਰ ਸਕੂਲ ਵਿੱਚ ਦਾਖਲੇ ਸਮੇਂ ਉਨ੍ਹਾਂ ਦਾ ਦਾਖਲਾ ਗੁਰਮੇਲ ਸਿੰਘ ਦੇ ਨਾਂ ਅਧੀਨ ਹੋਇਆ ਅਤੇ ਜਨਮ ਮਿਤੀ 20 ਮਾਰਚ, 1959 ਦਰਜ ਕੀਤੀ ਗਈ। ਉਸ ਦਾ ਜਨਮ ਸਮੇਂ ਤੋਂ ਪਹਿਲਾਂ ਹੋਣ ਕਰਕੇ ਉਹ ਬਹੁਤ ਕਮਜ਼ੋਰ ਸੀ ਅਤੇ ਪਰਿਵਾਰ ਵਾਲਿਆਂ ਨੂੰ ਉਸ ਦੇ ਬਚਣ ਦੀ ਕੋਈ ਵੀ ਆਸ ਨਹੀਂ ਸੀ। ਇਸ ਕਰਕੇ ਲੜਕੇ ਦੇ ਜਨਮ ਸਮੇਂ ਹੋਣ ਵਾਲੇ ਸ਼ਗਨ-ਸਾਰਥ ਜਿਵੇਂ ਘਰ ਦੇ ਬਾਰ੍ਹ ਮੂਹਰੇ ਸਿਹਰੇ ਬੰਨ੍ਹਣੇ ਅਤੇ ਪਿੰਡ ਵਿੱਚ ਗੁੜ ਵੰਡਣ ਦੀਆਂ ਰਸਮਾਂ ਨਹੀਂ ਕੀਤੀਆਂ ਗਈਆਂ ਸਨ। 1970 ਵਿੱਚ ਉਸ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਜਮਾਤ ਪਾਸ ਕੀਤੀ। 1976 ਵਿੱਚ ਸਰਕਾਰੀ ਹਾਈ ਸਕੂਲ ਬੱਧਣੀ ਕਲਾਂ ਤੋਂ ਦਸਵੀਂ ਅਤੇ 1978 ਵਿੱਚ ਇਲਾਕੇ ਦੇ ਸਭ ਤੋਂ ਪੁਰਾਣੇ ਸਰਕਾਰੀ ਹਾਈ ਸੈਕੰਡਰੀ ਸਕੂਲ ਪੱਤੋ ਹੀਰਾ ਸਿੰਘ ਤੋਂ ਹਾਇਰ ਸੈਕੰਡਰੀ ਪਾਸ ਕੀਤੀ। ਉਹ ਵਿਦਿਆਰਥੀ ਹਿੱਤਾਂ ਲਈ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਸਰਗਰਮੀ ਨਾਲ ਯਤਨਸ਼ੀਲ ਰਹੇ। ਪੰਜਾਬ ਸਟੂਡੈਂਟ ਯੂਨੀਅਨ ਦੇ ਪ੍ਰਧਾਨ

ਰੰਧਾਵਾ ਦੇ ਕਤਲ ਪਿੱਛੋਂ ਉਹ ਇੱਕ ਜ਼ਰੂਰੀ ਮੀਟਿੰਗ ਲਈ ਜਾ ਰਹੇ ਸਨ ਤਾਂ 20 ਦਸੰਬਰ, 1979 ਨੂੰ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ। ਇਸ ਸਮੇਂ ਉਨ੍ਹਾਂ ਦੀ ਖੱਬੀ ਲੱਤ ਗੋਡੇ ਦੇ ਉੱਪਰ ਤੱਕ ਕੱਟਣੀ ਪਈ। 25 ਦਸੰਬਰ, 1979 ਨੂੰ ਉਨ੍ਹਾਂ ਦਾ ਸ਼ਗਨ ਸੀ ਅਤੇ ਉਨ੍ਹਾਂ ਦੀ ਮੰਗੇਤਰ ਕੈਨੇਡਾ ਤੋਂ ਸੀ। ਐਕਸੀਡੈਂਟ ਹੋਣ ਕਰਕੇ ਇਹ ਰਿਸ਼ਤਾ ਟੁੱਟ ਗਿਆ।

ਉਸ ਨੇ 1983 ਵਿੱਚ ਡੀ.ਐਮ. ਕਾਲਜ ਮੋਗਾ ਤੋਂ ਗ੍ਰੈਜੂਏਸ਼ਨ ਕੀਤੀ। ਉਨ੍ਹਾਂ 1985 ਵਿੱਚ ਡੀ.ਐਮ.ਕਾਲਜ ਆਫ਼ ਐਜੂਕੇਸ਼ਨ ਮੋਗਾ ਤੋਂ ਬੀ.ਐਡ. ਕੀਤੀ। ਉਨ੍ਹਾਂ ਦੇ ਅਧਿਆਪਨ ਸਫ਼ਰ ਦੀ ਸ਼ੁਰੂਆਤ ਸਰਕਾਰੀ ਹਾਈ ਸਕੂਲ ਭਾਗੀਕੇ ਤੋਂ 17 ਜੂਨ,1988 ਨੂੰ ਹੋਈ। ਇਸ ਤੋਂ ਪਿੱਛੋਂ ਉਨ੍ਹਾਂ ਵੱਖ-ਵੱਖ ਸਕੂਲਾਂ ਵਿੱਚ ਅਧਿਆਪਨ ਕਾਰਜ ਕੀਤਾ ਅਤੇ ਨਾਲ-ਨਾਲ ਉਚੇਰੀ ਪੜ੍ਹਾਈ ਜਾਰੀ ਰੱਖੀ। ਉਨ੍ਹਾਂ ਐਮ.ਏ. ਇਤਿਹਾਸ ਅਤੇ ਐਮ.ਐਡ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਈਵੇਟ ਤੌਰ ’ਤੇ ਕੀਤੀਆਂ। 22 ਮਈ, 2012 ਨੂੰ ਉਨ੍ਹਾਂ ਦੀ ਤਰੱਕੀ ਇਤਿਹਾਸ ਦੇ ਲੈਕਚਰਾਰ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਜ਼ਿਲ੍ਹਾ ਮੋਗਾ ਵਿਖੇ ਹੋਈ। ਉਹ 31 ਮਾਰਚ 2020 ਨੂੰ ਇਸੇ ਸਕੂਲ ਵਿੱਚੋਂ ਇਤਿਹਾਸ ਦੇ ਲੈਕਚਰਾਰ ਵਜੋਂ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਪਿੱਛੋਂ ਵੀ ਉਨ੍ਹਾਂ ਨੇ ਸਕੂਲ ਵਿੱਚ ਲੈਕਚਰਾਰਾਂ ਦੀ ਘਾਟ ਹੋਣ ਕਰਕੇ ਵਿਦਿਆਰਥੀਆਂ ਦੇ ਭਵਿੱਖ ਦੇ ਸਨਮੁਖ ਦੋ ਸਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਦੇ ਬੱਚਿਆਂ ਨੂੰ ਮੁਫ਼ਤ ਵਿੱਚ ਪੜ੍ਹਾਇਆ। ਉਨ੍ਹਾਂ ਬਿਲਾਸਪੁਰ ਦੇ ਸਕੂਲ ਦੀ ਨਵ-ਉਸਾਰੀ ਵਿੱਚ ਆਪਣੇ ਵੱਲੋਂ ਇਕ ਲੱਖ ਇਕਆਸੀ ਹਜ਼ਾਰ ਰੁਪਏ ਦਾ ਯੋਗਦਾਨ ਵੀ ਪਾਇਆ। ਉਸ ਨੇ ਆਪਣੇ ਪਿੰਡ ਬੌਡੇ ਦੇ ਸਕੂਲ ਲਈ ਆਪਣੇ ਦੋਸਤਾਂ ਮਿੱਤਰਾਂ ਤੋਂ 22 ਲੱਖ ਰੁਪਈਆ ਇਕੱਠਾ ਕਰਕੇ ਅਤੇ ਕੁਝ ਰਕਮ ਸਕੂਲ ਦੇ ਪੁਰਾਣੇ ਮਲਬੇ ਨੂੰ ਵੇਚ ਕੇ ਪੰਜ ਮੈਂਬਰੀ ਕਮੇਟੀ ਬਣਾ ਕੇ ਸਕੂਲ ਨੂੰ 13 ਕਮਰੇ ਉਸਾਰ ਕੇ ਦਿੱਤੇ। ਗੁਰਮੇਲ ਸਿੰਘ ਬੌਡੇ ਨੇ ਇੱਕ ਕਮਰਾ ਆਪਣੇ ਵੱਲੋਂ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਸਕੂਲ ਵਿੱਚ ਨਵ-ਨਿਰਮਾਣ ਕਰਵਾਇਆ। ਗੁਰਮੇਲ ਸਿੰਘ ਬੌਡੇ ਸਕੂਲਾਂ ਨੂੰ ਹਰਿਆ ਭਰਿਆ ਬਣਾਉਣ ਅਤੇ ਵਾਤਾਵਰਨ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਵੀ ਯਤਨਸ਼ੀਲ ਰਿਹਾ ਹੈ।

ਗੁਰਮੇਲ ਸਿੰਘ ਨੇ ਬਚਪਨ ਵਿੱਚ ਹੀ ਸੋਵੀਅਤ ਦੇਸ਼ ਮੈਗਜ਼ੀਨ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਦਿਆਂ ਹੀ ਉਨ੍ਹਾਂ ਨੇ ਪ੍ਰਸਿੱਧ ਨਾਵਲਕਾਰ

ਨਾਨਕ ਸਿੰਘ ਦਾ ਨਾਵਲ ਚਿੱਟਾ ਲਹੂ, ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਨਾਵਲ ਸੱਚ ਨੂੰ ਫਾਂਸੀ ਅਤੇ ਰਾਤ ਬਾਕੀ ਹੈ ਅਤੇ ਪੰਜਾਬੀ ਨਾਟਕਾਂ ਦੇ ਪਿਤਾਮਾ ਨਾਟਕਕਾਰ ਈਸ਼ਵਰ ਚੰਦਰ ਨੰਦਾ ਦੇ ਸੁਭੱਦਰਾ ਨਾਟਕ ਸਮੇਤ ਬਹੁਤ ਸਾਰਾ ਪੰਜਾਬੀ ਸਾਹਿਤ ਪੜ੍ਹਿਆ। ਮੈਟ੍ਰਿਕ ਦੀ ਪੜ੍ਹਾਈ ਤੱਕ ਉਨ੍ਹਾਂ ਨੇ ਉਸ ਸਮੇਂ ਦੇ ਸਾਰੇ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਚਨਾਵਾਂ ਪੜ੍ਹ ਲਈਆਂ ਸਨ। ਲਹੂ ਦੀ ਲੋਅ ਨਾਵਲ ਨੇ ਉਨ੍ਹਾਂ ਦੇ ਜੀਵਨ ਨੂੰ ਇਨਕਲਾਬੀ ਮੋੜਾ ਦਿੱਤਾ। ਉਹ ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਦੇ ਨਜ਼ਦੀਕੀ ਸੰਪਰਕ ਵਿੱਚ ਵੀ ਰਹੇ। ਕਾਲਜ ਦੀ ਪੜ੍ਹਾਈ ਦੌਰਾਨ ਉਨ੍ਹਾਂ ਨੇ ਰੂਸ, ਚੀਨ, ਇੰਗਲੈਂਡ, ਫਰਾਂਸ ਦੇ ਦੇਸ਼ਾਂ ਦਾ ਅਨੁਵਾਦਿਤ ਅਤੇ ਅੰਗਰੇਜ਼ੀ ਸਾਹਿਤ ਪੜ੍ਹਿਆ ਅਤੇ ਮਾਰਕਸ, ਐਂਜਲਸ, ਮਾਓ ਦੀਆਂ ਲਿਖਤਾਂ ਦਾ ਨਿੱਠ ਕੇ ਅਧਿਐਨ ਕੀਤਾ। ਉਹ ਕਾਲਜ ਦੀ ਪੜ੍ਹਾਈ ਦੌਰਾਨ ਡੀ.ਐਮ. ਕਾਲਜ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜ਼ੀਨ ਦੇ ਵਿਦਿਆਰਥੀ ਸੰਪਾਦਕ ਵੀ ਰਹੇ। ਇਸ ਤੋਂ ਇਲਾਵਾ ਉਹ ਇਸ ਸਮੇਂ ਖੇਡਾਂ ਵਿੱਚ ਵੀ ਕਾਫੀ ਸਰਗਰਮ ਰਹੇ।

ਗੁਰਮੇਲ ਸਿੰਘ ਬੌਡੇ ਸਾਹਿਤ ਰਚਣ ਤੋਂ ਇਲਾਵਾ ਵੱਖ-ਵੱਖ ਮੈਗਜ਼ੀਨਾਂ ਦੇ ਸੰਪਾਦਕੀ ਕਾਰਜਾਂ ਨਾਲ ਵੀ ਜੁੜੇ ਰਹੇ/ਜੁੜੇ ਹੋਏ ਹਨ। ਉਹ 1983 'ਚ 'ਹੰਭਲਾ' ਮੈਗਜ਼ੀਨ ਦੇ ਉਪ ਸੰਪਾਦਕ ਰਹੇ। ਉਹ 2002 ਤੋਂ ਮੋਗਾ ਤੋਂ ਛਪਦੇ ਤ੍ਰੈ-ਮਾਸਿਕ ਮੈਗਜ਼ੀਨ 'ਲੋਹਮਣੀ' ਦੇ ਸੰਪਾਦਕ ਚਲੇ ਆ ਰਹੇ ਹਨ। ਕੈਨੇਡਾ ਦੇ ਸ਼ਹਿਰ ਐਡਮਿੰਟਨ ਤੋਂ ਛਪਦੇ 'ਦਸਤਕ' ਮੈਗਜ਼ੀਨ ਦੇ ਉਹ 2008 ਤੋਂ 2012 ਤੱਕ ਸੰਪਾਦਕ ਰਹੇ। ਗੁਰਮੇਲ ਸਿੰਘ ਬੌਡੇ ਨੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਘੋਲ ਅਤੇ ਫਿਰ ਅਧਿਆਪਕ ਜਥੇਬੰਦੀਆਂ ਦੇ ਘੋਲ ਵਿੱਚ ਬੜੀ ਸਰਗਰਮੀ ਨਾਲ ਹਿੱਸਾ ਲਿਆ ਅਤੇ ਵੱਖ-ਵੱਖ ਸਮਿਆਂ 'ਤੇ ਉਹ ਮੋਗਾ ਸਬ ਜੇਲ੍ਹ, ਬੁੜੈਲ ਜੇਲ੍ਹ ਚੰਡੀਗੜ੍ਹ, ਫ਼ਰੀਦਕੋਟ ਅਤੇ ਫ਼ਿਰੋਜ਼ਪੁਰ ਦੀਆਂ ਜੇਲ੍ਹਾਂ ਵਿੱਚ ਵੀ ਨਜ਼ਰਬੰਦ ਰਹੇ।

ਉਨ੍ਹਾਂ ਨੇ ਪਲੇਠੀ ਪੁਸਤਕ 'ਬੰਨ੍ਹ ਉਠਾਈ ਪੋਟਲੀ' (ਵਾਰਤਕ) 2003 ਵਿੱਚ ਪ੍ਰਕਾਸ਼ਤ ਕਰਵਾ ਕੇ ਪੰਜਾਬੀ ਸਾਹਿਤ ਜਗਤ ਵਿੱਚ ਦਸਤਕ ਦਿੱਤੀ। ਤਾਬੂਤ, ਰੈੱਡ ਕਾਰਡ, ਚਿੱਟਾ ਪਿੰਡ, ਬਾਂਝ ਧਰਤੀ, ਵਕਤ ਦੀ ਚੱਕੀ, ਖੋਖਲਾ ਬੰਦਾ, ਟਰਿੰਡ, ਦਿਆਲਾ ਬੰਦੇ ਵੱਢ ਉਨ੍ਹਾਂ ਦੇ ਕਹਾਣੀ ਸੰਗ੍ਰਹਿ ਹਨ।

ਕਿਰਤ ਦੀ ਕਰਵਟ, ਮਸਤਕ ਦੀ ਦਸਤਕ, ਮਨੁੱਖ ਅਤੇ ਚਾਦਰ, ਸਿਕੰਦਰ ਦਰ ਸਿਕੰਦਰ, ਗੁਰੂ ਗੋਬਿੰਦ ਸਿੰਘ ਜੀ ਤੇ ਅਸੀਂ, ਵਿਦੇਸ਼ ਦਾ ਤਰਕ ਸਵਰਗ ਜਾਂ

ਨਰਕ, ਵਧਦੇ ਸਾਮਰਾਜੀ ਕਦਮ ਉਨ੍ਹਾਂ ਦੇ ਲਿਖੇ ਹੋਏ ਲੇਖ ਸੰਗ੍ਰਹਿ ਹਨ। ਉਨ੍ਹਾਂ ਨੇ ਆਪਣੀ ਸਵੈ ਜੀਵਨੀ ਦਾ ਪਹਿਲਾ ਭਾਗ ਅਣਫਰੋਲੇ ਵਰਕੇ 2007 ਵਿੱਚ ਪ੍ਰਕਾਸ਼ਿਤ ਕਰਵਾਇਆ ਅਤੇ ਏਹੋ ਜਾਤ ਹਮਾਰੀ ਸਵੈ-ਜੀਵਨੀ (ਦੂਜਾ ਭਾਗ) ਛਪਾਈ ਅਧੀਨ ਹੈ। ਉਨ੍ਹਾਂ ਦੀਆਂ ਹੋਰ ਕਈ ਪੁਸਤਕਾਂ ਵੀ ਛਪਾਈ ਅਧੀਨ ਹਨ।

'ਪਗੜੀ ਅਜੇ ਸੰਭਲੀ ਨਹੀਂ', 'ਸੱਚੋ ਸੱਚੀ ਦੱਸ ਵੇ ਜੋਗੀ', 'ਪੰਜਾਬ ਤੋਂ ਬੇ-ਆਬ ਤੱਕ' ਉਨ੍ਹਾਂ ਦੇ ਕਾਵਿ-ਸੰਗ੍ਰਹਿ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕਈ ਵਿਅੰਗ ਸੰਗ੍ਰਹਿ ਅਤੇ ਖੋਜ ਭਰਪੂਰ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਨ੍ਹਾਂ ਦੀ ਪੁਸਤਕ 'ਧਰੂ ਤਾਰੇ' ਵਿੱਚ ਸੰਸਾਰ ਦੇ 62 ਅਪਾਹਿਜ ਵਿਅਕਤੀਆਂ ਦੀਆਂ ਜੀਵਨੀਆਂ ਦਰਜ ਹਨ। ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ 2016 ਲਈ ਚੁਣਿਆ ਗਿਆ ਸੀ। ਉਨ੍ਹਾਂ ਨੂੰ ਇਹ ਪੁਰਸਕਾਰ 27 ਨਵੰਬਰ, 2020 ਨੂੰ ਭਾਸ਼ਾ ਵਿਭਾਗ ਦੇ ਪੰਜਾਬੀ ਮਾਹ ਦੇ ਸਮਾਗਮਾਂ ਦੌਰਾਨ ਪ੍ਰਦਾਨ ਕੀਤਾ ਗਿਆ ਸੀ। ਅਦਾਰਾ ਲੋਹਮਣੀ ਵੱਲੋਂ ਉਨ੍ਹਾਂ ਨੂੰ ਅਗਸਤ 2021 ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ।

3 ਦਸੰਬਰ, 2022 ਨੂੰ ਕੌਮਾਂਤਰੀ ਅਪਾਹਿਜ ਦਿਵਸ ਦੇ ਮੌਕੇ 'ਤੇ ਉਨ੍ਹਾਂ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਮਲੋਟ ਵਿਖੇ ਰਾਜ ਪੱਧਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਵੀ ਸਨਮਾਨਤ ਕੀਤਾ ਜਾ ਚੁੱਕਿਆ ਹੈ।

ਪ੍ਰਗਤੀਵਾਦੀ ਲੇਖਕ ਗੁਰਮੇਲ ਸਿੰਘ ਬੌਡੇ ਨੂੰ ਨਿੱਡਰ ਅਤੇ ਬੇਬਾਕ ਲੇਖਣੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੀਆਂ ਸਾਰੀਆਂ ਕਹਾਣੀਆਂ ਜਮਾਤੀ ਵੰਡ ਦੀ ਗੱਲ ਕਰਦੀਆਂ ਹਨ, ਜਿਹੜੀਆਂ ਕਿ ਮਿਹਨਤਕਸ਼ਾਂ ਦੇ ਪੱਖ ਵਿੱਚ ਖੜ੍ਹਦੀਆਂ ਹਨ। ਉਨ੍ਹਾਂ ਨੇ ਆਪਣੇ ਕਾਵਿ-ਸੰਗ੍ਰਹਿ 'ਪੰਜ ਆਬ ਤੋਂ ਬੇ-ਆਬ ਤੱਕ' ਵਿੱਚ ਪਾਣੀ ਦੀ ਹੋ ਰਹੀ ਬੇਕਦਰੀ ਨੂੰ ਉਭਾਰਿਆ ਹੈ। 'ਰਾਜ ਸੱਤਾ ਦੇ ਵਿਭਿੰਨ ਸਰੂਪ' ਵਿੱਚ ਉਨ੍ਹਾਂ ਨੇ ਕਬੀਲਾ ਯੁੱਗ ਤੋਂ ਸ਼ੁਰੂ ਹੋ ਕੇ ਅੱਜ ਦੇ ਦੁਨਿਆਵੀ ਵਿਸ਼ਵੀਕਰਨ ਬਾਰੇ ਵਿਸਥਾਰ ਨਾਲ ਲਿਖਿਆ ਹੈ। ਗੁਰਮੇਲ ਸਿੰਘ ਬੌਡੇ ਸਮਾਜਿਕ ਪੱਖੋਂ ਹਰ ਤਰ੍ਹਾਂ ਦੇ ਵਿਸ਼ੇ ਲੈਂਦਾ ਹੈ ਅਤੇ ਉਸ ਦੀਆਂ ਲਿਖਤਾਂ ਆਰਥਿਕ ਨਾ-ਬਰਾਬਰੀ,ਧਾਰਮਿਕ ਕੱਟੜਤਾ, ਔਰਤਾਂ ਪ੍ਰਤੀ ਸਮਾਜ ਦਾ ਨਜ਼ਰੀਆ, ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ, ਹਰ ਪੱਧਰ 'ਤੇ ਫੈਲਿਆ ਵਿਆਪਕ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਦੀ ਸਮੱਸਿਆ, ਰਾਜਨੀਤੀਵਾਨਾਂ ਦਾ

ਕਿਰਦਾਰ ਅਤੇ ਹੋਰ ਸਮਾਜਿਕ ਸਰੋਕਾਰਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਉਹ ਸਦਾ ਵਹਿਮਾਂ ਭਰਮਾਂ ਤੋਂ ਦੂਰ ਰਿਹਾ ਹੈ ਅਤੇ ਅੱਜ ਤੱਕ ਕਿਸੇ ਵੀ ਨਸ਼ੇ ਦਾ ਸੇਵਨ ਨਹੀਂ ਕੀਤਾ। ਉਨ੍ਹਾਂ ਨੇ ਸਾਰੀ ਉਮਰ ਸੋਨੇ ਦਾ ਕੋਈ ਵੀ ਗਹਿਣਾ ਨਹੀਂ ਪਹਿਨਿਆ। ਉਹ ਤਰਕਸ਼ੀਲ ਅਤੇ ਵਿਗਿਆਨਿਕ ਸੋਚ ਨੂੰ ਪਰਨਾਇਆ ਹੋਇਆ ਹੈ। ਉਸ ਨੇ ਆਪਣੇ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਸੁਹਿਰਦ ਯਤਨ ਕੀਤੇ ਹਨ।

ਗੁਰਮੇਲ ਸਿੰਘ ਬੋਡੇ ਦੀ ਸ਼ਾਦੀ 25 ਫ਼ਰਵਰੀ, 1989 ਨੂੰ ਸ਼੍ਰੀਮਤੀ ਸਤਪਾਲ ਕੌਰ ਸਪੁੱਤਰੀ ਸਰਦਾਰ ਬਲਬੀਰ ਸਿੰਘ ਪਿੰਡ ਗੁੰਮਟੀ ਜ਼ਿਲ੍ਹਾ ਬਠਿੰਡਾ ਨਾਲ ਬਿਨਾਂ ਦਾਜ-ਦਹੇਜ ਅਤੇ ਧਾਰਮਿਕ ਰਹੁ-ਰੀਤਾਂ ਦੇ ਹੋਈ। ਗੁਰਮੇਲ ਬੌਡੇ ਨੇ ਮਾਰਚ 2016 ਵਿੱਚ ਆਪਣੇ ਇਕਲੌਤੇ ਲੜਕੇ ਨਵਜੋਤ ਸਿੰਘ ਦੀ ਸ਼ਾਦੀ ਵੀ ਬਿਨਾਂ ਦਾਜ ਦਹੇਜ ਅਤੇ ਧਾਰਮਿਕ ਰਹੁ-ਰੀਤਾਂ ਦੇ ਕੀਤੀ। ਉਨ੍ਹਾਂ ਦਾ ਬੇਟਾ ਅਤੇ ਨੂੰਹ ਪੱਕੇ ਤੌਰ ’ਤੇ ਕੈਨੇਡਾ ਵਿੱਚ ਵਸੇ ਹੋਏ ਹਨ।

ਵਿਸ਼ੇਸ਼ ਤੌਰ ’ਤੇ ਵਰਨਣਯੋਗ ਹੈ ਕਿ ਉਹ 13 ਜੂਨ, 2025 ਨੂੰ ਦਿਲ ਦਾ ਉਪਰੇਸ਼ਨ ਕਰਵਾਉਣ ਤੋਂ ਬਾਅਦ ਵੀ ਇਲਾਕੇ ਦੇ ਸਾਹਿਤਕ ਸਮਾਗਮਾਂ ਵਿੱਚ ਨੌਜਵਾਨਾਂ ਤੋਂ ਵੀ ਵੱਧ ਜੋਸ਼ ਅਤੇ ਉਤਸਾਹ ਨਾਲ ਵਿਚਰ ਰਿਹਾ ਹੈ।ਪੰਜਾਬੀ ਸਾਹਿਤ ਜਗਤ ਨੂੰ ਭਵਿੱਖ ਵਿੱਚ ਬਹੁਪੱਖੀ ਸਾਹਿਤਕਾਰ ਗੁਰਮੇਲ ਸਿੰਘ ਬੌਡੇ ਤੋਂ ਹੋਰ ਵੀ ਵਧੇਰੇ ਆਸ਼ਾਵਾਂ ਹਨ।

ਮੋਬਾਇਲ : 98143-04213

# ਜਗਦੀਸ਼ ਰਾਏ ਕੁਲਰੀਆਂ



ਉੱਘੇ ਸਾਹਿਤਕਾਰ, ਅਨੁਵਾਦਕ ਅਤੇ ਸੰਪਾਦਕ ਜਗਦੀਸ਼ ਰਾਏ ਕੁਲਰੀਆਂ ਦਾ ਜਨਮ 22 ਮਈ, 1978 ਨੂੰ ਪਿਤਾ ਸ਼੍ਰੀ ਪ੍ਰੇਮ ਕੁਮਾਰ ਗਰਗ ਅਤੇ ਮਾਤਾ ਸ੍ਰੀਮਤੀ ਸੰਤੋਸ਼ ਰਾਣੀ ਦੇ ਗ੍ਰਹਿ ਵਿਖੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੁਲਰੀਆਂ ਵਿੱਚ ਹੋਇਆ। ਉਨ੍ਹਾਂ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਅਤੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਮਾਰਚ 1996 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰੇਟਾ ਤੋਂ 10+2 ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਨੇ ਬੀ.ਏ.ਕਰਨ ਲਈ ਗੁਰੂ ਨਾਨਕ ਕਾਲਜ ਬੁਢਲਾਡਾ ਵਿੱਚ ਦਾਖਲਾ ਲਿਆ, ਪਰ ਇਸੇ ਦੌਰਾਨ ਹੀ ਉਨ੍ਹਾਂ ਦੀ ਚੋਣ ਰਾਜ ਸਿਹਤ ਤੇ ਪਰਿਵਾਰ ਭਲਾਈ ਸੰਸਥਾ ਖਰੜ (ਰੋਪੜ) ਵਿਖੇ ਬਹੁਮੰਤਵੀ ਸਿਹਤ ਕਰਮਚਾਰੀ ਦੇ ਡਿਪਲੋਮਾ ਕੋਰਸ ਲਈ ਹੋ ਗਈ, ਜਿਸ ਕਰਕੇ ਉਨ੍ਹਾਂ ਨੂੰ ਬੀ.ਏ. ਦੀ ਪੜ੍ਹਾਈ ਛੱਡਣੀ ਪਈ, ਪਰ ਪੜ੍ਹਾਈ ਦੀ ਦ੍ਰਿੜ ਇੱਛਾ ਅਤੇ ਲਗਨ ਹੋਣ ਕਰਕੇ ਉਨ੍ਹਾਂ ਨੇ ਅਪ੍ਰੈਲ 2002 ਵਿੱਚ ਪੱਤਰ ਵਿਹਾਰ ਸਿੱਖਿਆ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਏ.ਦਾ ਇਮਤਿਹਾਨ ਪਾਸ ਕਰ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ 2004 ਵਿੱਚ ਐਮ.ਏ. (ਹਿੰਦੀ) ਅਤੇ 2006 ਵਿੱਚ ਐਮ.ਏ. (ਪੰਜਾਬੀ) ਦੀਆਂ ਪ੍ਰੀਖਿਆਵਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀਆਂ। ਇਸ ਉਪਰੰਤ ਉਨ੍ਹਾਂ 2009 ਵਿੱਚ ਚੌਧਰੀ ਦੇਵੀ ਲਾਲ ਯੂਨੀਵਰਸਟੀ ਸਿਰਸਾ (ਹਰਿਆਣਾ) ਤੋਂ ਐਮ.ਏ. ਮਾਸ ਕਮਿਉਨੀਕੇਸ਼ਨ ਦੀ ਡਿਗਰੀ ਹਾਸਿਲ ਕੀਤੀ। ਉਨ੍ਹਾਂ ਨੇ 2003 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੱਤਰਕਾਰਤਾ ਤੇ ਜਨ ਸੰਚਾਰ ਦਾ ਡਿਪਲੋਮਾ ਵੀ ਹਾਸਿਲ ਕੀਤਾ। ਕੁਲਰੀਆਂ ਨੇ ਐਮ.ਫਿਲ. ਤੱਕ ਉਚੇਰੀ ਪੜ੍ਹਾਈ ਕੀਤੀ ਹੈ।

ਸ਼੍ਰੀ ਕੁਲਰੀਆਂ ਨੇ 1997 ਵਿੱਚ ਰਾਜ ਸਿਹਤ ਅਤੇ ਪਰਿਵਾਰ ਭਲਾਈ ਸੰਸਥਾ ਤੋਂ ਕਿੱਤਾ ਮੁਖੀ ਕੋਰਸ ਬਹੁਮੰਤਵੀ ਸਿਹਤ ਕਰਮਚਾਰੀ ਦਾ ਕਰ ਲਿਆ ਸੀ। ਲਗਭਗ ਇੱਕ ਦਹਾਕੇ ਬਾਅਦ ਉਨ੍ਹਾਂ ਦੀ ਨਿਯੁਕਤੀ ਜਨਵਰੀ 2008 ਵਿੱਚ ਕੌਮੀ ਸਿਹਤ ਮਿਸ਼ਨ ਪੰਜਾਬ ਅਧੀਨ ਚਲਦੇ ਕੌਮੀ ਟੀ.ਬੀ.ਕੰਟਰੋਲ ਪ੍ਰੋਗਰਾਮ ਵਿੱਚ ਬਤੌਰ

'ਕਮਿਊਨੀਕੇਸ਼ਨ ਫੈਸਿਲੀਟੇਟਰ' ਠੇਕਾ ਆਧਾਰ 'ਤੇ ਹੋਈ। ਬਾਅਦ ਵਿੱਚ ਇਸੇ ਵਿਭਾਗ ਅਧੀਨ ਉਨ੍ਹਾਂ ਦੀ ਨਿਯੁਕਤੀ 'ਸੀਨੀਅਰ ਡਾੱਟਸ ਪਲੱਸ ਅਤੇ ਟੀ .ਬੀ. ਐਚ.ਆਈ.ਵੀ. ਸੁਪਰਵਾਈਜ਼ਰ' ਵਜੋਂ ਹੋ ਗਈ। ਉਨ੍ਹਾਂ ਦੀਆਂ ਦੋਵੇਂ ਨਿਯੁਕਤੀਆਂ ਭਾਵੇਂ ਠੇਕਾ ਆਧਾਰ 'ਤੇ ਹੀ ਰਹੀਆਂ, ਪਰ ਵਿਭਾਗ ਵੱਲੋਂ ਸ਼ਾਨਦਾਰ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ ਦੋ ਵਾਰ ਸਟੇਟ ਐਵਾਰਡ (2009, 2016) ਨਾਲ ਸਨਮਾਨਿਆ ਗਿਆ। ਕੁਲਰੀਆਂ ਜੀ ਨੇ ਲਗਾਤਾਰ ਆਪਣੇ ਵੱਲੋਂ ਆਪਣੇ ਕੋਰਸ ਅਨੁਸਾਰ ਸਿਹਤ ਵਿਭਾਗ ਵਿੱਚ ਸਥਾਈ ਨੌਕਰੀ ਲਈ ਜੱਦੋਜਹਿਦ ਵੀ ਜਾਰੀ ਰੱਖੀ। ਸਾਲ 2018 ਵਿੱਚ ਉਨ੍ਹਾਂ ਦੀ ਚੋਣ ਬਹੁਮੰਤਵੀ ਸਿਹਤ ਕਰਮਚਾਰੀ ਵਜੋਂ ਹੋਈ, ਪਰ ਵਿਭਾਗੀ ਅੜਿੱਕਿਆਂ ਕਾਰਨ ਉਹ ਪੱਕੀ ਨੌਕਰੀ ਵਿੱਚ ਨਾ ਜਾ ਸਕੇ। ਮੁੜ 2020 ਵਿੱਚ ਨਵੇਂ ਸਿਰੇ ਤੋਂ ਭਰਤੀਆਂ ਆਉਣ ਤੇ ਉਨ੍ਹਾਂ ਦੀ ਇਸੇ ਪੋਸਟ ਲਈ ਮੁੜ ਚੋਣ ਹੋਣ 'ਤੇ 31 ਦਸੰਬਰ, 2020 ਨੂੰ ਸਿਹਤ ਵਿਭਾਗ ਵਿੱਚ ਪੱਕੀ ਨੌਕਰੀ ਜੁਆਇਨ ਕਰ ਲਈ। ਮਾਨਯੋਗ ਹਾਈਕੋਰਟ ਦੇ ਫੈਸਲੇ ਅਨੁਸਾਰ ਉਨ੍ਹਾਂ ਨੂੰ ਪਿਛਲੀ ਮਿਤੀ 5 ਨਵੰਬਰ, 2018 ਤੋਂ ਹੋਈ ਪਹਿਲੀ ਭਰਤੀ ਵਿੱਚ ਸ਼ਾਮਿਲ ਕਰ ਲਿਆ ਗਿਆ, ਭਾਵ ਕਿ ਉਨ੍ਹਾਂ ਦੀ ਨਿਯੁਕਤੀ ਸਿਹਤ ਵਿਭਾਗ ਵਿੱਚ 5 ਨਵੰਬਰ, 2018 ਤੋਂ ਸਵੀਕਾਰ ਕਰ ਲਈ ਗਈ।

ਜਗਦੀਸ਼ ਰਾਏ ਕੁਲਰੀਆਂ ਦੀ ਕਿਸੇ ਅਖਬਾਰ/ਮੈਗਜ਼ੀਨ ਵਿੱਚ ਛਪਣ ਵਾਲੀ ਸਭ ਤੋਂ ਪਹਿਲੀ ਰਚਨਾ ਇੱਕ ਲੇਖ 'ਔਰਤ ਜ਼ੁਲਮ ਅਤੇ ਵਿਤਕਰੇ ਦੀ ਸ਼ਿਕਾਰ' ਸੀ, ਜੋ ਕਿ 'ਸਮਕਾਲੀ ਲੋਕ ਮੋਰਚਾ' ਮੈਗਜ਼ੀਨ 1995 ਵਿਚ ਪ੍ਰਕਾਸ਼ਿਤ ਹੋਈ। ਭਾਵੇਂ ਉਨ੍ਹਾਂ ਦੀ ਸਹਿ ਸੰਪਾਦਨਾ ਹੇਠ 2008 ਵਿੱਚ ਪਹਿਲੀ ਪੁਸਤਕ 'ਪੰਜਾਬੀ ਮਿੰਨੀ ਕਹਾਣੀ ਦਾ ਵਰਤਮਾਨ' ਪ੍ਰਕਾਸ਼ਿਤ ਹੋ ਗਈ ਸੀ, ਪਰ ਇਨ੍ਹਾਂ ਨੇ ਪੱਕੇ ਪੈਰੀਂ ਆਪਣੀ ਪਲੇਠੀ ਮੌਲਿਕ ਪੁਸਤਕ 'ਹਾਸ਼ੀਏ ਤੋਂ ਮੁੜਦੀ ਜ਼ਿੰਦਗੀ' (ਨਾਟਕ) ਨਾਲ 2009 ਵਿੱਚ ਪੰਜਾਬੀ ਸਾਹਿਤ ਜਗਤ ਵਿੱਚ ਦਸਤਕ ਦਿੱਤੀ। ਇਨ੍ਹਾਂ ਦੀਆਂ ਹੋਰ ਮੌਲਿਕ ਪੁਸਤਕਾਂ ਵਿੱਚ 'ਸੰਵਾਦ ਤੇ ਸਿਰਜਣਾ– ਭਾਗ ਪਹਿਲਾ' (ਮਿੰਨੀ ਕਹਾਣੀ ਲੇਖਕਾਂ ਨਾਲ ਮੁਲਾਕਾਤਾਂ) (2012), 'ਸੰਵਾਦ ਤੇ ਸਿਰਜਣਾ' – ਭਾਗ ਦੂਜਾ (2014), 'ਰਿਸ਼ਤਿਆਂ ਦੀ ਨੀਂਹ' (ਮਿੰਨੀ ਕਹਾਣੀ ਸੰਗ੍ਰਹਿ–2013), 'ਜਦੋਂ ਇਤਿਹਾਸ ਬਣਦਾ ਹੈ' (ਮਿੰਨੀ ਕਹਾਣੀ ਸੰਗ੍ਰਹਿ–2020), 'ਖੱਬੀਖਾਨ' (ਵਿਅੰਗ ਲੇਖਕਾਂ ਨਾਲ ਮੁਲਾਕਾਤਾਂ–2021), 'ਆਲੋਚਕਾਂ ਦੀ ਨਜ਼ਰ ਵਿੱਚ ਡਾਕਟਰ ਸ਼ਿਆਮ ਸੁੰਦਰ ਦੀਪਤੀ ਦੀਆਂ ਮਿੰਨੀ ਕਹਾਣੀਆਂ' (ਆਲੋਚਨਾ–2022), 'ਦਰਸ਼ਨ ਮਿਤਵਾ ਦੀਆਂ ਮਿੰਨੀ ਕਹਾਣੀਆਂ– ਅੰਤਰ ਦ੍ਰਿਸ਼ਟੀ

ਅਤੇ ਸਮੀਖਿਆ' (ਆਲੋਚਨਾ-2023) ਸ਼ਾਮਿਲ ਹਨ। ਇਸ ਤੋਂ ਇਲਾਵਾ ਉਨ੍ਹਾਂ ਦਾ 'ਮੈਂ ਇਕਲਵਿਆ ਨਹੀਂ" (ਲਘੂਕਥਾ ਸੰਗ੍ਰਹਿ -2024) ਹਿੰਦੀ ਵਿਚ ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ, ਜਿਸਦਾ ਅੰਗ੍ਰੇਜ਼ੀ ਭਾਸ਼ਾ ਵਿਚ ਅਨੁਵਾਦ ਸ਼੍ਰੀ ਅਨਿਲ ਖਿਆਲ ਨੇ 'ਆਈ.ਐਮ.ਨੱਟ ਇਕਲਵਿਆ' ਦੇ ਨਾਲ ਕੀਤਾ ਹੈ। ਇਹ ਅੰਗਰੇਜ਼ੀ ਅਨੁਵਾਦ ਸਾਲ 2025 ਵਿਚ ਪ੍ਰਕਾਸ਼ਿਤ ਹੋਇਆ ਹੈ।

ਜਗਦੀਸ਼ ਰਾਏ ਕੁਲਰੀਆ ਨੇ ਐਮ.ਏ., ਐਮ.ਫਿਲ. ਹਿੰਦੀ ਕੀਤੀ ਹੋਣ ਕਰਕੇ ਹਿੰਦੀ ਸਾਹਿਤ ਦਾ ਵਿਸ਼ੇਸ਼ ਅਧਿਐਨ ਕੀਤਾ। ਸ਼ੁਰੂ ਵਿੱਚ ਉਨ੍ਹਾਂ ਨੇ ਹਿੰਦੀ ਸਾਹਿਤ ਦੀਆਂ ਬਹੁਤ ਸਾਰੀਆਂ ਲਘੂ ਕਥਾਵਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਤ੍ਰੈਮਾਸਿਕ 'ਮਿੰਨੀ' ਵਿੱਚ ਪ੍ਰਕਾਸ਼ਿਤ ਕਰਵਾਇਆ। ਬਾਅਦ ਵਿੱਚ ਉਨ੍ਹਾਂ ਨੇ ਹਿੰਦੀ ਸਾਹਿਤ ਦੇ ਕਈ ਰਸਾਲਿਆਂ ਲਈ ਪੰਜਾਬੀ ਦੀਆਂ ਮਿੰਨੀ ਕਹਾਣੀਆਂ ਦੇ ਅਨੁਵਾਦ ਕੀਤੇ ਅਤੇ ਉਨ੍ਹਾਂ ਨੂੰ ਹਿੰਦੀ ਸਮਾਚਾਰ ਪੱਤਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਕਰਵਾਇਆ। ਉਨ੍ਹਾਂ ਨੇ ਪੰਜਾਬੀ ਅਤੇ ਹਿੰਦੀ ਸਾਹਿਤ ਵਿੱਚ ਪੁਲ ਦਾ ਕਾਰਜ ਕੀਤਾ। ਕੁਲਰੀਆਂ ਨੂੰ ਹਿੰਦੀ ਦੇ ਪ੍ਰਸਿੱਧ ਲੇਖਕ ਸ਼ਰਦ ਪਗਾਰੇ ਦੇ ਇਤਿਹਾਸਿਕ ਹਿੰਦੀ ਨਾਵਲ 'ਗੁਲਾਰਾ ਬੇਗਮ' ਦੇ ਕੀਤੇ ਪੰਜਾਬੀ ਅਨੁਵਾਦ ਲਈ 2023 ਵਿੱਚ 'ਭਾਰਤੀ ਸਾਹਿਤ ਅਕਾਦਮੀ ਦਿੱਲੀ' ਵੱਲੋਂ 'ਅਨੁਵਾਦ ਦਾ ਵੱਕਾਰੀ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੇ ਹਿੰਦੀ ਸਾਹਿਤ ਦੀਆਂ ਬਹੁਤ ਸਾਰੀਆਂ ਨਾਟਕਾਂ, ਨਾਵਲਾਂ, ਮਿੰਨੀ ਕਹਾਣੀਆਂ ਅਤੇ ਜੀਵਨੀਆਂ ਦੀਆਂ ਪੁਸਤਕਾਂ ਦੇ ਪੰਜਾਬੀ ਵਿੱਚ ਸਫ਼ਲ ਅਨੁਵਾਦ ਕੀਤੇ, ਜਿੰਨਾਂ ਵਿਚ 'ਗਾਈਡ' (ਨਾਵਲ-ਆਰ. ਕੇ. ਨਰਾਇਣ), 'ਗੁਨਾਹੋਂ ਕਾ ਦੇਵਤਾ' (ਨਾਵਲ-ਧਰਮਵੀਰ ਭਾਰਤੀ), 'ਸਿਧਾਰਥ' (ਨਾਵਲ-ਹਰਮਨ ਹੈਂਸ), 'ਇਕ ਰੂਪੋਸ਼ ਆਦਮੀ ਦੀ ਡਾਇਰੀ' (ਨਾਵਲ-ਦੋਸਤੋਵਸਕੀ), 'ਸਮਰੂ ਬੇਗਮ ਦਾ ਸੱਚ' (ਜੀਵਨੀ-ਰਾਮ ਗੋਪਾਲ ਸਿੰਘ ਵਰਮਾ), 'ਸ਼ਿਵਾ ਜੀ' (ਜੀਵਨੀ-ਜਾਦੂਨਾਥ ਸਰਕਾਰ) ਆਦਿ ਪ੍ਰਮੁੱਖ ਹਨ। ਉਨ੍ਹਾਂ ਨੇ ਤਿੰਨ ਕਿਤਾਬਾਂ ਦਾ ਪੰਜਾਬੀ ਤੋਂ ਹਿੰਦੀ ਵਿਚ ਵੀ ਅਨੁਵਾਦ ਕੀਤਾ ਹੈ।

ਜਗਦੀਸ਼ ਰਾਏ ਕੁਲਰੀਆਂ ਨੇ ਬਹੁਤ ਸਾਰੀਆਂ ਪੁਸਤਕਾਂ ਸੰਪਾਦਿਤ ਕਰਕੇ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ, ਜਿਨ੍ਹਾਂ ਵਿੱਚ 'ਆਓ ਜਿਉਣ ਜੋਗੇ ਹੋਈਏ' (ਸਿਹਤ ਚੇਤਨਾ ਸਬੰਧੀ ਲੇਖ ਸੰਗ੍ਰਹਿ-2009), 'ਮੈਂ ਪਾਣੀ ਕਹਾਂ ਕਹਾਣੀ' (ਲੇਖ ਸੰਗ੍ਰਹਿ-2010), 'ਪੰਜਵਾਂ ਥੰਮ੍ਹ' (ਮਿੰਨੀ ਕਹਾਣੀ ਸੰਗ੍ਰਹਿ-2016), 'ਤਾਰੇ ਕਰਨ ਇਸ਼ਾਰੇ' (ਬਾਲ ਰਚਨਾਵਾਂ), 'ਮਿੱਟੀ ਦੇ ਜਾਏ' (ਮਿੰਨੀ ਕਹਾਣੀ ਸੰਗ੍ਰਹਿ-2021),

'ਕਾਲੇ ਅੱਖਰਾਂ ਦੀ ਧੁੱਪ' (ਮਿੰਨੀ ਕਹਾਣੀ ਸੰਗ੍ਰਹਿ- 2022), 'ਗਲਵੱਕੜੀ' (ਮਿੰਨੀ ਕਹਾਣੀ ਸੰਗ੍ਰਹਿ-2023), 'ਸ਼ਬਦਾਂ ਦੇ ਰਖਵਾਲੇ' (ਮਿੰਨੀ ਕਹਾਣੀ ਸੰਗ੍ਰਹਿ-2024), 'ਗਰਾਰੀ ਅੜ ਗਈ' (ਹਾਸ ਵਿਅੰਗ ਸੰਗ੍ਰਹਿ-2024), 'ਤੂੰ ਕਾਹਦਾ ਪਟਵਾਰੀ' (ਹਾਸ ਵਿਅੰਗ ਸੰਗ੍ਰਹਿ-2025) ਸ਼ਾਮਲ ਹਨ।

ਜਗਦੀਸ਼ ਰਾਏ ਕੁਲਰੀਆਂ ਜੀ ਮਿੰਨੀ ਕਹਾਣੀ ਦੇ ਚਰਚਿਤ ਮੈਗਜ਼ੀਨ ਤ੍ਰੈਮਾਸਿਕ 'ਮਿੰਨੀ' ਦੇ ਸਹਿਯੋਗੀ ਪਰਿਵਾਰ ਵਿੱਚ ਅਕਤੂਬਰ 2003 ਵਿੱਚ ਸ਼ਾਮਿਲ ਹੋਏ ਸਨ। ਅਕਤੂਬਰ 2020 ਤੋਂ ਉਹ ਇਸਦੇ ਸੰਪਾਦਕ (ਆਨਰੇਰੀ) ਵਜੋਂ ਜ਼ਿੰਮੇਵਾਰੀ ਨਿਭਾ ਰਹੇ ਹਨ। ਉਹ ਪਿਛਲੇ ਲੰਬੇ ਅਰਸੇ ਤੋਂ ਸਾਹਿਤਕ ਮੈਗਜ਼ੀਨ 'ਸ਼ਬਦ ਤ੍ਰਿੰਜਣ' ਦੇ ਸੰਪਾਦਕੀ ਬੋਰਡ ਦੇ ਮੈਂਬਰ ਵੀ ਹਨ। ਉਨ੍ਹਾਂ ਨੂੰ ਕਈ ਮੈਗਜ਼ੀਨਾਂ ਦੇ ਮਹਿਮਾਨ ਸੰਪਾਦਕ ਹੋਣ ਦਾ ਸ਼ਰਫ ਵੀ ਹਾਸਲ ਹੈ। ਉਨ੍ਹਾਂ ਦੀ ਮਿੰਨੀ ਕਹਾਣੀ 'ਰਿਸ਼ਤਿਆਂ ਦੀ ਨੀਂਹ' ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਬੀ.ਏ ਦੇ ਪਾਠਕ੍ਰਮ ਵਿੱਚ ਸ਼ਾਮਿਲ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਮਿੰਨੀ ਕਹਾਣੀਆਂ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਐਮ.ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਹਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਉਰਦੂ, ਸ਼ਾਹਮੁਖੀ, ਹਿਮਾਚਲੀ, ਉੜੀਆ, ਮਰਾਠੀ, ਅੰਗਰੇਜ਼ੀ, ਬੰਗਲਾ, ਬਘੇਲੀ ਤੇ ਸਿੰਧੀ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਿਆ ਹੈ ਅਤੇ ਕਈਆਂ ਉੱਪਰ ਲਘੂ ਫਿਲਮਾਂ ਦਾ ਨਿਰਮਾਣ ਹੋਇਆ ਹੈ।

ਜਗਦੀਸ਼ ਰਾਏ ਕੁਲਰੀਆ ਜੀ ਬਹੁਤ ਸਾਰੀਆਂ ਸਾਹਿਤਕ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਵਿਸ਼ੇਸ਼ ਤੌਰ 'ਤੇ ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਪੰਜਾਬ ਦੇ ਉਹ ਜਨਰਲ ਸਕੱਤਰ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਪਿਛਲੇ ਲੰਮੇ ਸਮੇਂ ਤੋਂ ਸਕੱਤਰ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:), ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਭਾਰਤੀ ਅਨੁਵਾਦ ਪਰਿਸ਼ਦ ਦਿੱਲੀ ਦੇ ਜੀਵਨ ਮੈਂਬਰ ਹਨ। ਉਹ ਸਾਹਿਤ ਅਤੇ ਕਲਾ ਮੰਚ ਬਰੇਟਾ ਦੇ ਜਨਰਲ ਸਕੱਤਰ ਅਤੇ ਮਿੰਨੀ ਕਹਾਣੀ ਵਿਕਾਸ ਮੰਚ ਬਰੇਟਾ ਦੇ ਕਨਵੀਨਰ ਦੇ ਨਾਲ-ਨਾਲ ਪ੍ਰਗਤੀਸ਼ੀਲ ਲੇਖਕ ਸੰਘ ਜ਼ਿਲ੍ਹਾ ਮਾਨਸਾ ਦੇ ਸੀਨੀਅਰ ਮੀਤ ਪ੍ਰਧਾਨ ਹਨ। ਇਸ ਤੋਂ ਇਲਾਵਾ ਉਹ ਦਰਜਨ ਦੇ ਕਰੀਬ ਹੋਰ ਸਾਹਿਤਕ ਸੰਸਥਾਵਾਂ ਦੇ ਸਰਗਰਮ ਅਹੁਦੇਦਾਰ ਜਾਂ ਮੈਂਬਰ ਹਨ। ਉਨ੍ਹਾਂ ਨੂੰ ਸਾਹਿਤਕ ਸੇਵਾ ਦੀ ਲਗਨ ਜਨੂਨ ਦੀ ਹੱਦ ਤੱਕ ਹੈ ਅਤੇ ਸਾਹਿਤਕ ਸਰਗਰਮੀਆਂ ਕਰਨ ਵਿੱਚ ਚੋਖੀ ਮੁਹਾਰਤ ਹਾਸਲ ਹੈ।

ਜਗਦੀਸ਼ ਰਾਏ ਕੁਲਰੀਆਂ ਨੂੰ 'ਭਾਰਤੀ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ' 2023 ਤੋਂ ਇਲਾਵਾ ਬਹੁਤ ਸਾਰੇ ਸਨਮਾਨ ਵੀ ਮਿਲੇ ਹਨ, ਜਿਨਾਂ ਵਿੱਚ ਮਲਵਈ ਪੰਜਾਬੀ ਸੱਥ ਮੰਡੀ ਕਲਾਂ (ਬਠਿੰਡਾ) ਵੱਲੋਂ 'ਭਗਤ ਪੂਰਨ ਸਿੰਘ ਪੁਰਸਕਾਰ' 2012, ਅਦਾਰਾ ਮਿੰਨੀ ਵੱਲੋਂ 'ਪ੍ਰਿੰਸੀਪਲ ਭਗਤ ਸਿੰਘ ਸੇਖੋਂ ਯਾਦਗਾਰੀ ਸਨਮਾਨ' 2014, ਹਰਿਆਣਾ ਪ੍ਰਦੇਸ਼ਕ ਲਘੂ ਕਥਾ ਮੰਚ ਸਿਰਸਾ ਵੱਲੋਂ 'ਲਘੂਕਥਾ ਸੇਵੀ ਸਨਮਾਨ' 2017, ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ 'ਬਹੁ ਵਿਧਾਵੀ ਸਾਹਿਤਕਾਰ ਸਨਮਾਨ' 2021, ਨਿਰਮਲਾ ਸਮ੍ਰਿਤੀ ਸਾਹਿਤਕ ਸੰਮਤੀ ਚਰਖੀ ਦਾਦਰੀ ਹਰਿਆਣਾ ਵੱਲੋਂ 'ਨਿਰਮਲ ਸਮ੍ਰਿਤੀ ਅਨੁਵਾਦ ਸਾਹਿਤਿਯ ਸਨਮਾਨ' 2022, ਹਰਿਆਣਾ ਪ੍ਰਦੇਸ਼ਿਕ ਲਘੂਕਥਾ ਮੰਚ ਸਿਰਸਾ ਵੱਲੋਂ 'ਲਘੂਕਥਾ ਅਨੁਵਾਦਕ ਸਨਮਾਨ' 2022, ਸਾਹਿਤਯ ਕਾਵਿਆਂਜਲੀ ਸਾਹਿਤਕ ਸੰਸਥਾ ਉਜੈਨ (ਮੱਧ ਪ੍ਰਦੇਸ਼) ਵੱਲੋਂ ਹਿੰਦੀ ਦਿਵਸ ਮੌਕੇ ਸਨਮਾਨ-14 ਸਤੰਬਰ 2023, ਮਿੰਨੀ ਕਹਾਣੀ ਲੇਖਕ ਮੰਚ (ਰਜਿ:) ਅੰਮ੍ਰਿਤਸਰ ਵੱਲੋਂ 'ਵਿਸ਼ੇਸ਼ ਪ੍ਰਾਪਤੀ ਸਨਮਾਨ' 6 ਅਕਤੂਬਰ 2024, ਲਘੂਕਥਾ ਸ਼ੋਧ ਕੇਂਦਰ ਭੋਪਾਲ ਵੱਲੋਂ 'ਵਿਕਰਮ ਸੋਨੀ ਸਮ੍ਰਿਤੀ ਲਘੂਕਥਾ ਸਨਮਾਨ' 2025, 'ਸ੍ਰੀ ਰਾਜਕੁਮਾਰ ਬਾਂਸਲ ਲਘੂਕਥਾ ਸਿਮ੍ਰਤੀ ਪੁਰਸਕਾਰ' ਸਿਰਸਾ 2025, ਗੁਰੂ ਰਾਮਦਾਸ ਐਜੂਕੇਸ਼ਨਲ ਸੁਸਾਇਟੀ ਅਕਬਰਪੁਰ ਵੱਲੋਂ 'ਸਾਹਿਤ ਦਾ ਅਣਥੱਕ ਯੋਧਾ ਸਨਮਾਨ' 2023, ਲੋਕ ਚੇਤਨਾ ਮੰਚ ਰਤੀਆ ਵੱਲੋਂ 'ਵਿਸ਼ੇਸ਼ ਸਨਮਾਨ' ਸਮੇਤ ਅਣਗਿਣਤ ਮਾਨ-ਸਨਮਾਨ ਸ਼ਾਮਿਲ ਹਨ।

ਜਗਦੀਸ਼ ਰਾਏ ਕੁਲਰੀਆਂ ਦੀਆਂ ਰਚਨਾਵਾਂ ਦੇ ਵਿਸ਼ੇ ਸਮਕਾਲ ਨਾਲ ਵਾਬਸਤਾ ਹਨ। ਉਹ ਆਪਣੀਆਂ ਰਚਨਾਵਾਂ ਵਿਚ ਸਮਾਜਿਕ ਅਸਾਵੇਂਪਣ ਖਿਲਾਫ ਅਤੇ ਮਾਨਸਿਕ ਦਵੰਦ ਵਿਚ ਵਿਚਰਦੇ ਮਨੁੱਖ ਦੀ ਗਾਥਾ ਨੂੰ ਬਾਖੂਬੀ ਬਿਆਨਦੇ ਹਨ। ਰਿਸ਼ਤਿਆਂ ਦੀ ਟੁੱਟ-ਭੱਜ, ਕਿਰਸਾਨੀ ਦਾ ਦੁਖਾਂਤ, ਭਾਈਚਾਰਕ ਸਾਂਝ, ਸਮਾਜ ਵਿਚ ਵਾਪਰਦੇ ਅਨੈਤਿਕ ਵਰਤਾਰੇ ਅਤੇ ਵਿਸ਼ਵੀਕਰਨ ਦੇ ਸਰੋਕਾਰ ਵੀ ਉਨ੍ਹਾਂ ਦੀ ਲੇਖਣੀ ਦਾ ਅਧਾਰ ਬਣਦੇ ਹਨ। ਇਹ ਆਪਣੇ ਪਾਤਰਾਂ ਰਾਹੀਂ ਸਮਾਜ ਦੇ ਯਥਾਰਥ ਨੂੰ ਉਲੀਕਦੇ ਹੋਏ ਪਾਠਕ ਮਨ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕਰਦੇ ਹਨ।

ਜਗਦੀਸ਼ ਰਾਏ ਕੁਲਰੀਆਂ ਦੇ ਜੇਕਰ ਪਰਿਵਾਰ ਬਾਰੇ ਗੱਲ ਕਰੀਏ ਤਾਂ ਇਨ੍ਹਾਂ ਦਾ ਵਿਆਹ 17 ਨਵੰਬਰ, 2002 ਨੂੰ ਪਟਿਆਲਾ ਨਿਵਾਸੀ ਸ਼੍ਰੀ ਸਤਪਾਲ ਬਾਂਸਲ ਅਤੇ ਸ਼੍ਰੀਮਤੀ ਊਸ਼ਾ ਬਾਂਸਲ ਦੀ ਬੇਟੀ ਸ਼ਿਖਾ ਨਾਲ ਹੋਇਆ। ਸ਼੍ਰੀਮਤੀ ਸ਼ਿਖਾ ਗਰਗ

ਉੱਚ ਸਿਖਿਆ ਪ੍ਰਾਪਤ ਹਨ, ਜੋ ਕਿ ਸਿਹਤ ਵਿਭਾਗ ਦੇ ਏ.ਆਰ. ਟੀ. ਸੈਂਟਰ, ਸਿਵਲ ਹਸਪਤਾਲ ਮਾਨਸਾ ਵਿਖੇ ਬਤੌਰ ਡਾਟਾ ਮੈਨੇਜਰ ਸੇਵਾਵਾਂ ਨਿਭਾ ਰਹੇ ਹਨ। ਇਨ੍ਹਾਂ ਦੇ ਦੋ ਬੇਟੇ ਹਨ— ਵੱਡਾ ਰਾਹੁਲ ਰਾਏ ਹੈ, ਜਿਸਨੇ ਇਸੇ ਸਾਲ ਚਿਤਕਾਰਾ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਵਿਚ ਇੰਜਨੀਅਰਿੰਗ ਦੀ ਡਿਗਰੀ ਪੂਰੀ ਕੀਤੀ ਹੈ, ਛੋਟਾ ਬੇਟਾ ਸੋਹਿਤ ਰਾਏ ਵੈਟਰਨਰੀ ਡਾਕਟਰ (ਬੀ.ਵੀ.ਐਸ.ਸੀ.) ਦੀ ਡਿਗਰੀ ਕਰ ਰਿਹਾ ਹੈ। ਸ਼੍ਰੀ ਕੁਲਰੀਆਂ ਆਪਣੇ ਬਾਲ ਬੱਚਿਆ ਸਮੇਤ ਬਰੇਟਾ ਮੰਡੀ ਵਿਖੇ ਆਪਣੇ ਮਾਤਾ-ਪਿਤਾ ਨਾਲ ਰਹਿ ਰਹੇ ਹਨ।

ਜਗਦੀਸ਼ ਰਾਏ ਕੁਲਰੀਆਂ ਆਪਣੇ ਸਾਹਿਤਕ ਕਾਰਜਾਂ ਵਿਚ ਨਿਰਸਵਾਰਥ ਲੱਗੇ ਹੋਏ ਹਨ। ਉਨ੍ਹਾਂ ਤੋਂ ਭਵਿੱਖ ਵਿਚ ਅਨੁਵਾਦ ਅਤੇ ਮੌਲਿਕ ਲੇਖਨ ਵਿਚ ਹੋਰ ਬਹੁਤ ਸਾਰੀਆਂ ਉਮੀਦਾਂ ਹਨ। ਪ੍ਰਮਾਤਮਾ ਉਨ੍ਹਾਂ ਦੀ ਕਲਮ, ਲੇਖਣੀ ਨੂੰ ਬਲ ਬਖਸ਼ੇ ਅਤੇ ਸਿਹਤਯਾਬ ਰੱਖੇ।

ਮੋਬਾਇਲ : 95018-77033

# ਡਾ. ਜੋਗਿੰਦਰ ਸਿੰਘ ਨਿਰਾਲਾ



ਡਾ. ਜੋਗਿੰਦਰ ਸਿੰਘ ਨਿਰਾਲਾ ਪੰਜਾਬੀ ਸਾਹਿਤਕ ਜਗਤ ਵਿੱਚ ਸਥਾਪਿਤ ਕਹਾਣੀਕਾਰ ਵਜੋਂ ਵੱਡੇ ਹਸਤਾਖਰ ਹਨ। ਉਨ੍ਹਾਂ ਨੂੰ ਕਹਾਣੀ ਲਿਖਦਿਆਂ 60 ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ। ਉਨ੍ਹਾਂ ਦੇ ਅੱਠ ਮੌਲਿਕ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਅਤੇ ਉਨ੍ਹਾਂ ਨੇ ਆਧੁਨਿਕ ਕਹਾਣੀਕਾਰਾਂ ਦੀਆਂ ਸਰਵੋਤਮ ਕਹਾਣੀਆਂ ਚੁਣ ਕੇ ਕਈ ਕਹਾਣੀ ਸੰਗ੍ਰਹਿ ਸੰਪਾਦਤ ਵੀ ਕੀਤੇ। ਉਨ੍ਹਾਂ ਦਾ ਪੀ.ਐਚ.ਡੀ. ਲਈ ਸੋਧ ਪ੍ਰਬੰਧ ਦਾ ਵਿਸ਼ਾ ਵੀ ਪੰਜਾਬੀ ਕਹਾਣੀ ਨਾਲ ਹੀ ਸਬੰਧਤ ਸੀ। ਇਸ ਤਰ੍ਹਾਂ ਉਹ ਪੂਰੀ ਤਰ੍ਹਾਂ ਸਾਹਿਤ ਦੀ ਸਿਨਫ਼ ਕਹਾਣੀ ਨੂੰ ਸਮਰਪਿਤ ਹੈ। ਉਨ੍ਹਾਂ ਦਾ ਜਨਮ 10 ਅਕਤੂਬਰ, 1945 ਨੂੰ ਮਾਤਾ ਸੰਤ ਕੌਰ ਤੇ ਪਿਤਾ ਲਾਲ ਸਿੰਘ ਰੁਪਾਲ ਦੇ ਗ੍ਰਹਿ ਵਿਖੇ ਬਰਨਾਲਾ ਵਿੱਚ ਹੋਇਆ। ਉਨ੍ਹਾਂ ਨੂੰ ਸਾਹਿਤਕ ਗੁੜਤੀ ਘਰ ਵਿੱਚੋਂ ਹੀ ਮਿਲੀ। ਉਨ੍ਹਾਂ ਦੇ ਵੱਡੇ ਭਰਾ ਪ੍ਰੀਤਮ ਸਿੰਘ ਰਾਹੀ ਉੱਘੇ ਕਵੀ ਸਨ। ਵੈਦ ਪ੍ਰੀਤਮ ਸਿੰਘ ਰਾਹੀ ਦੇ ਸਫ਼ਾਖਾਨੇ ਵਿੱਚ ਅਕਸਰ ਅਦਬੀ ਸ਼ਖਸ਼ੀਅਤਾਂ ਜੁੜ ਬੈਠਦੀਆਂ ਸਨ। ਲਿਖਾਰੀ ਸਭਾ ਬਰਨਾਲਾ ਦਾ ਦਫ਼ਤਰ ਵੀ ਉਨ੍ਹਾਂ ਦੇ ਘਰ ਹੀ ਹੁੰਦਾ ਸੀ। ਇਸ ਕਰਕੇ ਸਹਿਜ ਸੁਭਾਅ ਹੀ ਨਿਰਾਲਾ ਸਾਹਿਤਕ ਕਿਤਾਬਾਂ ਨਾਲ ਜੁੜ ਗਏ।

ਉਹ ਮੈਟ੍ਰਿਕ ਕਰਨ ਤੋਂ ਪਿੱਛੋਂ ਹਿੰਦ-ਚੀਨ ਜੰਗ ਪਿੱਛੋਂ ਲੱਗੀ ਐਮਰਜੈਂਸੀ ਸਮੇਂ 1963 ਵਿੱਚ ਫੌਜ ਦੀ ਸਿਗਨਲ ਕੋਰ ਵਿੱਚ ਵਾਇਰਲੈਸ ਉਪਰੇਟਰ ਦੀ ਟ੍ਰੇਨਿੰਗ ਕਰਨ ਲਈ ਚਲੇ ਗਏ ਅਤੇ ਦੋ ਸਾਲ ਰਕਿਰੂਟੀ ਕੀਤੀ। ਰਕਿਰੂਟੀ ਕਰਨ ਪਿੱਛੋਂ ਉਨ੍ਹਾਂ ਦੇ ਮਨ ਵਿੱਚ ਅਧਿਆਪਨ ਦੇ ਕਿੱਤੇ ਦੇ ਨਾਲ ਜੁੜਨ ਦੀ ਅਤੇ ਉੱਚੇ ਅੰਬਰੀਂ ਉਡਾਰੀਆਂ ਲਾਉਣ ਦੀ ਤਾਂਘ ਨੇ ਜਨਮ ਲਿਆ। ਰਕਿਰੂਟੀ ਮੁਕੰਮਲ ਕਰਕੇ ਉਹ ਫੌਜ ਦੀ ਨੌਕਰੀ ਵਿੱਚ ਜਾਣ ਦੀ ਥਾਂ ਵਾਪਸ ਆ ਕੇ ਪੜ੍ਹਾਈ ਕਰਨ ਵਿੱਚ ਜੁੱਟ ਪਏ। ਉਨ੍ਹਾਂ ਨੇ ਗਰੈਜੂਏਸ਼ਨ ਕਰਨ ਲਈ ਐਸ.ਡੀ. ਕਾਲਜ ਬਰਨਾਲਾ ਵਿੱਚ ਦਾਖਲਾ ਲਿਆ ਅਤੇ ਗ੍ਰੈਜੂਏਸ਼ਨ ਮੁਕੰਮਲ ਕੀਤੀ। ਫਿਰ ਉਨ੍ਹਾਂ ਗੌਰਮਿੰਟ ਕਾਲਜ ਪਟਿਆਲਾ ਤੋਂ ਬੀ.ਐਡ. ਕੀਤੀ। ਬੀ.ਐਡ. ਕਰਨ ਪਿੱਛੋਂ ਉਨ੍ਹਾਂ ਨੇ ਪ੍ਰਾਈਵੇਟ ਸਕੂਲ ਵਿੱਚ ਮਾਸਟਰੀ ਕੀਤੀ।

ਇਸ ਤੋਂ ਪਿੱਛੋਂ ਉਨ੍ਹਾਂ ਦੀ ਸਿਲੈਕਸ਼ਨ ਰੈਗੂਲਰ ਤੌਰ ’ਤੇ ਐਮ.ਏ. ਇੰਗਲਿਸ਼ ਕਰਨ ਲਈ ਪੰਜਾਬ ਯੂਨੀਵਰਸਿਟੀ ਵਿੱਚ ਹੋ ਗਈ। ਉਨ੍ਹਾਂ ਦਾ ਦਾਖਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਅਧੀਨ ਗੌਰਮਿੰਟ ਕਾਲਜ ਲੁਧਿਆਣਾ ਵਿੱਚ ਹੋ ਗਿਆ। ਉਨ੍ਹਾਂ ਦਾ ਝੁਕਾਅ ਨਕਸਲਾਈਟ ਮੂਵਮੈਂਟ ਵੱਲ ਸੀ। ਪੰਜਾਬ ਵਿੱਚ ਉਸ ਸਮੇਂ ਨਕਸਲਾਈਟ ਮੂਵਮੈਂਟ ਪੂਰੇ ਜ਼ੋਰਾਂ ’ਤੇ ਚੱਲ ਰਹੀ ਸੀ। ਉਸ ਸਮੇਂ ਪੰਜਾਬ ਵਿੱਚ ਉਨ੍ਹਾਂ ਦਾ ਸੁਰੱਖਿਅਤ ਰਹਿ ਸਕਣਾ ਅਸੰਭਵ ਸੀ। ਗੌਰਮਿੰਟ ਕਾਲਜ ਲੁਧਿਆਣਾ ਦੇ ਅੰਗਰੇਜ਼ੀ ਦੇ ਲੈਕਚਰਾਰ ਗੁਰਬਖਸ਼ ਸਿੰਘ ਸੋਚ ਦੀ ਸਲਾਹ ’ਤੇ ਉਨ੍ਹਾਂ ਪੰਜਾਬ ਤੋਂ ਬਾਹਰ ਐਮ.ਪੀ.ਜੀ. ਕਾਲਜ ਮਸੂਰੀ (ਯੂ.ਪੀ.) ਵਿੱਚ ਦਾਖਲਾ ਲੈ ਕੇ ਐਮ.ਏ. ਅੰਗਰੇਜ਼ੀ ਕਰਨੀ ਸ਼ੁਰੂ ਕੀਤੀ ਅਤੇ 1970 ਵਿੱਚ ਉਨ੍ਹਾਂ ਐਮ.ਏ. ਅੰਗਰੇਜ਼ੀ ਮੁਕੰਮਲ ਕਰ ਲਈ। ਬਾਅਦ ਵਿੱਚ ਉਨ੍ਹਾਂ ਪ੍ਰਾਈਵੇਟ ਤੌਰ ’ਤੇ ਐਮ.ਏ. ਪੰਜਾਬੀ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਉਨ੍ਹਾਂ ਕੁਝ ਸਮੇਂ ਲਈ ਪੰਜਾਬ ਸਰਕਾਰ ਦੇ ਮਹਿਕਮਾ ਫੂਡ ਸਪਲਾਈ ਅਤੇ ਬਿਜਲੀ ਬੋਰਡ ਵਿੱਚ ਵੀ ਸਰਵਿਸ ਨਿਭਾਈ।

1980 ਵਿੱਚ ਜੋਗਿੰਦਰ ਸਿੰਘ ਨਿਰਾਲਾ ਦੀ ਨਿਯੁਕਤੀ ਬਤੌਰ ਪਾਰਟ ਟਾਈਮ ਅਧਿਆਪਕ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਅਧੀਨ ਹੋਮ ਸਾਇੰਸ ਕਾਲਜ ਕਾਉਣੀ (ਸ੍ਰੀ ਮੁਕਤਸਰ ਸਾਹਿਬ) ਵਿਖੇ ਹੋ ਗਈ। 1985 ਵਿੱਚ ਉਹ ਰੈਗੂਲਰ ਤੌਰ ਤੇ ਅਸਿਸਟੈਂਟ ਪ੍ਰੋਫੈਸਰ ਵਜੋਂ ਸੇਵਾਵਾਂ ਦੇਣ ਲੱਗੇ। 2000 ਵਿੱਚ ਉਨ੍ਹਾਂ ਦੀ ਤਰੱਕੀ ਬਤੌਰ ਐਸੋਸੀਏਟ ਪ੍ਰੋਫੈਸਰ ਭਾਸ਼ਾਵਾਂ ਹੋਈ ਅਤੇ ਫਿਰ ਉਨ੍ਹਾਂ ਦੀ ਨਿਯੁਕਤੀ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਈ। ਫਿਰ ਉਨ੍ਹਾਂ ਦੀ ਤਰੱਕੀ ਪ੍ਰੋਫੈਸਰ ਭਾਸ਼ਾਵਾਂ ਵਜੋਂ ਹੋਈ ਅਤੇ ਉਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿੱਚ ਨਿਯੁਕਤ ਰਹੇ। ਜੋਗਿੰਦਰ ਸਿੰਘ ਨੇ 1987 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ‘ਪੰਜਾਬੀ ਕਹਾਣੀ ਵਿੱਚ ਗ੍ਰਾਮੀਣ ਸਮਾਜਿਕ ਸੱਭਿਆਚਾਰਕ ਤਨਾਓ’ਵਿਸ਼ੇ ਉੱਪਰ ਉੱਘੇ ਵਿਦਵਾਨ ਡਾ.ਗੁਰਬਖਸ਼ ਸਿੰਘ ਫਰੈਂਕ ਦੀ ਨਿਗਰਾਨੀ ਹੇਠ ਪੀ.ਐਚ.ਡੀ. ਪੂਰੀ ਕੀਤੀ ਅਤੇ ਉਹ ਡਾ. ਜੋਗਿੰਦਰ ਸਿੰਘ ਨਿਰਾਲਾ ਬਣ ਗਏ। ਉਹ 2005 ਵਿੱਚ ਪੀ.ਏ.ਯੂ. ਲੁਧਿਆਣਾ ਤੋਂ ਸੇਵਾ ਮੁਕਤ ਹੋਏ ਅਤੇ ਫਿਰ ਤਾਰਿਕ ਕਾਲਜ ਆਫ਼ ਐਜੂਕੇਸ਼ਨ ਰਾਜੌਰੀ (ਜੰਮੂ ਕਸ਼ਮੀਰ) ਵਿਖੇ 9 ਸਾਲ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ।

ਡਾ. ਜੋਗਿੰਦਰ ਸਿੰਘ ਨਿਰਾਲਾ ਦੀ ਪਹਿਲੀ ਕਹਾਣੀ ‘ਕਵਿਤਾ ਕਿ ਸੁੰਦਰੀ’

ਰੋਜ਼ਾਨਾ ਅਜੀਤ ਵਿੱਚ 18 ਅਪ੍ਰੈਲ, 1960 ਦੇ ਅੰਕ ਵਿੱਚ ਛਪੀ। ਉਨ੍ਹਾਂ ਦੀ ਇਹੋ ਕਹਾਣੀ ਜਗਦੇਵ ਸਿੰਘ ਦੇ ਸਿਰਲੇਖ ਨਾਲ ਅਕਾਲੀ ਪੱਤ੍ਰਿਕਾ ਵਿੱਚ 25 ਅਪ੍ਰੈਲ, 1960 ਦੇ ਅੰਕ ਵਿੱਚ ਛਪੀ। ਇਸ ਤੋਂ ਪਿੱਛੋਂ ਉਨ੍ਹਾਂ ਦੀਆਂ ਕੁਝ ਹੋਰ ਕਹਾਣੀਆਂ ਵੀ ਪੰਜਾਬੀ ਦੇ ਨਾਮਵਰ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ। ਇਸੇ ਸਮੇਂ ਉਨ੍ਹਾਂ ਦੀਆਂ ਕੁਝ ਕਹਾਣੀਆਂ ਬਾਲ ਸੰਦੇਸ਼, ਬਾਲਕ ਤੇ ਬਾਲ ਦਰਬਾਰ ਬੱਚਿਆਂ ਦੇ ਰਸਾਲਿਆਂ ਵਿੱਚ ਵੀ ਛਪੀਆਂ। 1962 ਵਿੱਚ ਉਨ੍ਹਾਂ ਦੀ ਕਹਾਣੀ 'ਕਲਮ ਦੀ ਕਦਰ' ਪੰਜਾਬੀ ਪਬਲਿਸ਼ਰਜ ਜਲੰਧਰ ਦੇ ਚਰਨਜੀਤ ਪਸਰੀਚਾ ਵੱਲੋਂ ਹਰ ਸਾਲ ਕਰਵਾਏ ਜਾਂਦੇ ਕਹਾਣੀ ਮੁਕਾਬਲੇ ਅਤੇ ਵਰ੍ਹੇ ਵਾਰ ਪੁਰਸਕ੍ਰਿਤ ਕਹਾਣੀਆਂ ਛਾਪੇ ਜਾਣ ਦੇ ਸਿਲਸਿਲੇ ਲਈ ਚੁਣੀ ਗਈ ਅਤੇ 'ਇਨਾਮੀ ਕਹਾਣੀਆਂ' ਕਹਾਣੀ-ਸੰਗ੍ਰਹਿ ਵਿੱਚ ਪ੍ਰਕਾਸ਼ਤ ਕੀਤੀ ਗਈ। 1965 ਵਿੱਚ ਉਨ੍ਹਾਂ ਦੀ ਕਹਾਣੀ 'ਤੇਰਾ ਸਭ ਮਨਜ਼ੂਰ ਹੈ' ਲਾਲਾ ਲਾਜਪਤ ਰਾਏ ਕਾਲਜ ਜਗਰਾਉਂ ਵੱਲੋਂ ਵਿਦਿਆਰਥੀ ਲੇਖਕਾਂ ਦੇ ਕਰਵਾਏ ਗਏ ਕਹਾਣੀ ਮੁਕਾਬਲੇ ਵਿੱਚ ਪਹਿਲੇ ਨੰਬਰ 'ਤੇ ਰਹੀ। ਇਹ ਅੰਤਰ ਕਾਲਜੀ ਮੁਕਾਬਲਾ ਸੀ, ਜਿਸ ਦੀ ਜੱਜਮੈਂਟ ਡਾ. ਸੁਰਜੀਤ ਸਿੰਘ ਸੇਠੀ ਅਤੇ ਡਾ. ਦਲੀਪ ਕੌਰ ਟਿਵਾਣਾ ਨੇ ਕੀਤੀ। ਬਾਅਦ ਵਿੱਚ ਇਸ ਕਹਾਣੀ ਨੂੰ ਕਾਲਜ ਦੇ ਮੈਗਜ਼ੀਨ 'ਦੀ ਸਟਰੀਮ' ਵਿੱਚ ਪ੍ਰੋਫੈਸਰ ਜੋਗਾ ਸਿੰਘ ਨੇ ਸੇਠੀ ਸਾਹਿਬ ਅਤੇ ਡਾ.ਦਲੀਪ ਕੌਰ ਟਿਵਾਣਾ ਦੀਆਂ ਟਿੱਪਣੀਆਂ ਸਮੇਤ ਛਾਪਿਆ। ਇਸ ਪ੍ਰਾਪਤੀ ਪਿੱਛੋਂ ਨਿਰਾਲਾ ਨੂੰ ਕਾਲਜ ਦਾ ਬੈਸਟ ਰਾਈਟਰ ਅਤੇ ਪਰਚੇ ਦਾ ਸੰਪਾਦਕ ਵੀ ਬਣਾਇਆ ਗਿਆ।

1962 ਵਿੱਚ ਜੋਗਿੰਦਰ ਸਿੰਘ ਨਿਰਾਲਾ ਨੇ ਡਾ.ਅਮਰ ਕੋਮਲ ਦੇ ਸੁਝਾਅ ਅਨੁਸਾਰ ਉਸ ਸਮੇਂ ਦੇ ਚਰਚਿਤ 15 ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ 'ਕਾਕੜੇ ਬੇਰ'ਨਾਂ ਹੇਠ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਵਾਇਆ, ਜਿਸ ਦਾ ਨਾਮਕਰਣ ਉਨ੍ਹਾਂ ਆਪਣੀ ਕਹਾਣੀ 'ਕਾਕੜੇ ਬੇਰ' ਦੇ ਨਾਂ ਉੱਪਰ ਕੀਤਾ। 1968 ਵਿੱਚ ਉਨ੍ਹਾਂ ਦਾ ਪਲੇਠਾ ਮੌਲਿਕ ਕਹਾਣੀ ਸੰਗ੍ਰਿਹ 'ਪਰਿਸਥਿਤੀਆਂ' ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੇ ਹੋਰ ਕਹਾਣੀ ਸੰਗ੍ਰਹਿ ਨਾਇਕ ਦੀ ਖੋਜ (1973), ਸੰਤਾਪ (1983), ਰੱਜੇ ਪੁੱਜੇ ਲੋਕ (1985), ਸ਼ੁਤਰਮੁਰਗ (1988), ਉੱਤਰ-ਕਥਾ (1999), ਪ੍ਰਕਾਸ਼ਿਤ ਹੋਏ। ਉਨ੍ਹਾਂ ਦੀ 'ਚੋਣਵੀਆਂ ਕਹਾਣੀਆਂ' ਪੁਸਤਕ 2002 ਵਿੱਚ ਪ੍ਰਕਾਸ਼ਿਤ ਹੋਈ। ਉਨ੍ਹਾਂ ਦੇ ਹੋਰ ਪ੍ਰਕਾਸ਼ਿਤ ਕਹਾਣੀ 'ਸੰਗ੍ਰਹਿ ਸ਼ੁਤਰਮੁਰਗ ਦੀ ਵਾਪਸੀ' (2002), 'ਜ਼ਿੰਦਗੀ ਦਾ ਦਰਿਆ' (2013), 'ਮੇਰੀਆਂ ਪਿਆਰੀਆਂ ਕਹਾਣੀਆਂ' (2022) ਹਨ। ਡਾ.

ਨਿਰਾਲਾ ਦੇ ਸਵੈ ਕਥਨ ਅਨੁਸਾਰ, "ਉਨ੍ਹਾਂ ਦੀਆਂ ਕਹਾਣੀਆਂ ਦੇ ਪਾਤਰ ਮੱਧ ਸ਼੍ਰੇਣੀ ਦੇ ਸਧਾਰਨ ਲੋਕ ਹੁੰਦੇ ਹਨ, ਉਹ ਉੱਚ ਸ਼੍ਰੇਣੀ ਅਤੇ ਨਿਮਨ ਸ਼੍ਰੇਣੀ ਦੇ ਪਾਤਰਾਂ ਬਾਰੇ ਨਹੀਂ ਲਿਖ ਸਕਦਾ, ਕਿਉਂਕਿ ਉਸਦਾ ਜੀਵਨ ਅਨੁਭਵ ਮੱਧ ਸ਼੍ਰੇਣੀ ਬਾਰੇ ਵਧੇਰੇ ਹੈ।"

ਡਾ. ਨਿਰਾਲਾ ਨੇ ਹਿੰਦੀ ਵਿੱਚ ਬਿਖਰ ਰਿਹਾ ਮਾਨਵ (1991) ਅਤੇ ਜਨਮਾਂਤਰ (2007) ਕਹਾਣੀ ਸੰਗ੍ਰਹਿ ਵੀ ਲਿਖੇ।

ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਪੰਜਾਬੀ ਕਹਾਣੀ ਦੇ ਆਲੋਚਨਾਤਮਕ ਖੇਤਰ ਵਿੱਚ ਵਰਨਣਯੋਗ ਕੰਮ ਕੀਤਾ ਹੈ। ਇਸ ਖੇਤਰ ਵਿੱਚ ਉਨ੍ਹਾਂ ਦੀ ਪਲੇਠੀ ਪੁਸਤਕ 'ਪੰਜਾਬੀ ਕਹਾਣੀ ਵਿੱਚ ਤਣਾਓ' (1990) ਪ੍ਰਕਾਸ਼ਿਤ ਹੋਈ ਸੀ। ਇਸ ਤੋਂ ਪਿੱਛੋਂ 'ਕਹਾਣੀ ਦੀ ਰੂਪ ਰੇਖਾ' (2008), ਅਤੇ 'ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ' (2010) ਵਿੱਚ ਪ੍ਰਕਾਸ਼ਤ ਹੋਈਆਂ ਹਨ।

ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਦਾਇਰੇ (1990), ਨਾਰਦ ਡਉਰੂ ਵਾਇਆ (1991), ਕਥਨ (1991), ਕੂੰਜਾਂ ਦੀ ਪਰਵਾਜ਼ (ਭੋਲਾ ਸਿੰਘ ਸੰਘੇੜਾ ਨਾਲ ਮਿਲ ਕੇ) 2015 ਵਿੱਚ, ਅਮਰ ਸਿੰਘ ਅਮਰੀਕਨ ਦੀ ਵਾਪਸੀ (ਕਰਮ ਸਿੰਘ ਮਾਨ ਦੀਆਂ ਸਮੁੱਚੀਆਂ ਕਹਾਣੀਆਂ) 2019 ਵਿੱਚ, ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਕਥਾ ਵਿਵੇਕ (ਭੋਲਾ ਸਿੰਘ ਸੰਘੇੜਾ ਨਾਲ ਮਿਲ ਕੇ) 2022 ਵਿੱਚ ਅਤੇ ਕਰਤਾਰ ਕੈਂਥ : ਕਾਵਿ ਚਿੰਤਨ (2022) ਦੀ ਸੰਪਾਦਨਾ ਕੀਤੀ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ 20 ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ ਅਤੇ 200 ਤੋਂ ਵਧੇਰੇ ਖੋਜ ਪੱਤਰ ਵੀ ਲਿਖੇ ਹਨ।

ਡਾ. ਨਿਰਾਲਾ ਨੇ ਬਹੁਤ ਸਾਰੇ ਵੰਨ-ਸੁਵੰਨੇ ਵਿਸ਼ਿਆਂ ਉੱਪਰ ਕਹਾਣੀਆਂ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ਿਆਂ ਵਿੱਚ ਔਰਤ ਦੀ ਤ੍ਰਾਸਦੀ, ਔਰਤ ਮਰਦ ਰਿਸ਼ਤਿਆਂ ਦੀ ਟੁੱਟ ਭੱਜ, ਔਰਤਾਂ ਦੀ ਮਨੋਦਸ਼ਾ, ਨੌਕਰੀ ਪੇਸ਼ਾ ਔਰਤ ਦਾ ਸ਼ੋਸ਼ਣ, ਵੇਸ਼ਵਾ ਔਰਤ ਦੀ ਵੇਦਨਾ, ਕਿਰਸਾਨੀ ਜੀਵਨ ਦੀ ਮੰਦਹਾਲੀ, ਮੱਧ ਵਰਗੀ ਪਰਿਵਾਰਾਂ ਦੀ ਦਸ਼ਾ, ਪੇਂਡੂ ਅਤੇ ਸ਼ਹਿਰੀ ਜੀਵਨ ਦੇ ਜਟਿਲ ਸਬੰਧ, ਪੰਜਾਬ ਦੇ ਕਾਲੇ ਦੌਰ ਦੌਰਾਨ ਸਰਕਾਰੀ ਅਤੇ ਖਾੜਕੂਵਾਦ ਦੀ ਦਹਿਸ਼ਤ, ਰਾਜਨੀਤੀ ਵਿੱਚ ਲੀਡਰਾਂ ਦਾ ਦੰਭ, ਨਕਸਲਾਈਟ ਲਹਿਰ ਤੋਂ ਪ੍ਰਭਾਵਿਤ ਨੌਜਵਾਨਾਂ ਦੀ ਦੁਰਦਸ਼ਾ ਤੇ ਸਮਾਜਿਕ ਚੇਤਨਾ, ਧਾਰਮਿਕ ਕੱਟੜਵਾਦ ਅਤੇ ਭਾਈ ਭਤੀਜਾਵਾਦ, ਪੂੰਜੀਵਾਦ ਸਮੇਤ ਅਣਗਿਣਤ ਵਿਸ਼ਿਆਂ ਨੂੰ ਆਪਣੇ ਕਲਾਵੇ ਵਿੱਚ ਲਿਆ ਹੈ। ਜੋਗਿੰਦਰ ਸਿੰਘ

ਨਿਰਾਲਾ ਦੀਆਂ ਕਹਾਣੀਆਂ ਵਿਸ਼ਿਆਂ ਦੇ ਪੱਖ ਤੋਂ ਬਹੁਤ ਅਮੀਰ ਹਨ। ਨਿਰਾਲਾ ਦੀਆਂ ਅਨੇਕਾਂ ਕਹਾਣੀਆਂ ਵਿੱਚ ਜ਼ਿੰਦਗੀ ਦੇ ਅਨੇਕਾਂ ਰੂਪ ਪ੍ਰਦਰਸ਼ਿਤ ਹੁੰਦੇ ਹਨ। ਉਨ੍ਹਾਂ ਨੇ ਕਈ ਕਹਾਣੀਆਂ ਵਿੱਚ ਮਾਨਵੀ ਸੰਵੇਦਨਾ ਨੂੰ ਅਭਿਵਿਅਕਤ ਕਰਨ ਲਈ ਫਰਾਇਡਵਾਦੀ ਰੁਚੀਆਂ ਨੂੰ ਵੀ ਅਪਣਾਇਆ ਹੈ। ਡਾ. ਨਿਰਾਲਾ ਨੇ ਸਮਾਜ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਕਲਾਤਮਕ ਸੂਝ-ਬੂਝ ਨਾਲ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕੀਤਾ ਹੈ। ਡਾ.ਅਮਰ ਕੋਮਲ ਪੁਸਤਕ ਕਥਾ ਪਰਿਕਰਮਾ ਵਿੱਚ ਲਿਖਦੇ ਹਨ, "ਜੋਗਿੰਦਰ ਸਿੰਘ ਨਿਰਾਲਾ ਨੂੰ ਮੈਂ ਆਪਣੀ ਮਸਤ ਚਾਲ ਤੁਰਨ ਵਾਲਾ ਊਠ ਕਹਿੰਦਾ ਹਾਂ, ਜਿਹੜਾ ਇੱਕੋ ਰਫ਼ਤਾਰ ਵਿੱਚ ਤੁਰਦਿਆਂ ਅਨੇਕਾਂ ਰੇਗਿਸਤਾਨ ਤੈਅ ਕਰ ਲੈਂਦਾ ਹੈ, ਨਾ ਥੱਕਦਾ ਹੈ ਅਤੇ ਨਾ ਅੱਕਦਾ ਹੈ। ਉਹ ਕਿਸੇ ਇੱਕ ਸ਼੍ਰੇਣੀ, ਵਰਗ, ਫਿਰਕੇ, ਧਰਮ, ਆਂਚਲ ਦੀ ਕਹਾਣੀ ਨਹੀਂ ਕਹਿੰਦਾ। ਉਹ ਜਿੱਥੇ ਰਹਿੰਦਾ ਹੈ, ਜਾਂਦਾ ਹੈ, ਆਲੇ-ਦੁਆਲੇ ਦੇ ਅਹਿਸਾਸ ਦੀ ਕਹਾਣੀ ਕਹਿੰਦਾ ਹੈ।"

ਡਾ. ਜੋਗਿੰਦਰ ਸਿੰਘ ਨਿਰਾਲਾ ਦੀ ਕਹਾਣੀ ਕਲਾ ਬਾਰੇ ਡਾ.ਅਮਰ ਕੋਮਲ ਦੀ ਸੰਪਾਦਨਾ ਹੇਠ ਪੁਸਤਕ 'ਉੱਤਰ ਆਧੁਨਿਕਤਾ ਕਾਲ ਦਾ ਕਹਾਣੀਕਾਰ- ਜੋਗਿੰਦਰ ਸਿੰਘ ਨਿਰਾਲਾ' 1993 ਵਿੱਚ ਪ੍ਰਕਾਸ਼ਿਤ ਹੋਈ ਸੀ। 'ਕਹਾਣੀ ਨੂੰ ਸਮਰਪਿਤ ਕਹਾਣੀਕਾਰ ਡਾ. ਜੋਗਿੰਦਰ ਸਿੰਘ ਨਿਰਾਲਾ ਪੁਸਤਕ' 2022 ਵਿੱਚ ਡਾ. ਵੀਰਪਾਲ ਕੌਰ ਕਮਲ ਨੇ ਸੰਪਾਦਿਤ ਕੀਤੀ ਸੀ। 'ਪਰਖ ਪੜਚੋਲ' ਪੁਸਤਕ ਤੇਜਾ ਸਿੰਘ ਤਿਲਕ ਜੀ ਦੀ ਸੰਪਾਦਨਾ ਹੇਠ 2025 ਵਿੱਚ ਪ੍ਰਕਾਸ਼ਤ ਹੋਈ ਹੈ। 'ਕਹਾਣੀਕਾਰ - ਡਾ. ਜੋਗਿੰਦਰ ਸਿੰਘ ਨਿਰਾਲਾ', ਡਾ. ਅਮਰਪ੍ਰੀਤ ਕੌਰ ਦੀ ਲਿਖੀ ਹੋਈ ਪੁਸਤਕ ਛਪਾਈ ਅਧੀਨ ਹੈ। ਡਾ. ਜੋਗਿੰਦਰ ਸਿੰਘ ਨਿਰਾਲਾ ਉੱਪਰ ਯੂਨੀਵਰਸਿਟੀ ਦੇ ਪੱਧਰ 'ਤੇ ਵੀ ਬਹੁਤ ਸਾਰਾ ਖੋਜ ਕਾਰਜ ਹੋਇਆ ਹੈ।

ਡਾ. ਜੋਗਿੰਦਰ ਸਿੰਘ ਨਿਰਾਲਾ 1960 ਵਿੱਚ ਬਣੀ ਲਿਖਾਰੀ ਸਭਾ ਬਰਨਾਲਾ ਦੇ ਮੋਢੀਆਂ ਵਿੱਚੋਂ ਹਨ। ਉਹ ਵੱਖ-ਵੱਖ ਸਮਿਆਂ 'ਤੇ ਸਭਾ ਦੇ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਹੋਰ ਕਈ ਅਹੁਦਿਆਂ 'ਤੇ ਰਹੇ। ਵਰਤਮਾਨ ਸਮੇਂ ਉਹ ਲਿਖਾਰੀ ਸਭਾ ਬਰਨਾਲਾ ਦੇ ਪ੍ਰਧਾਨ ਹਨ। ਉਹ ਪਿਛਲੇ ਲੰਬੇ ਅਰਸੇ ਤੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਿੱਚ ਸਰਗਰਮ ਹਨ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪ੍ਰਧਾਨ ਵੀ ਰਹੇ। ਵਰਤਮਾਨ ਸਮੇਂ ਉਹ ਇਸ ਦੀ ਕਾਰਜਕਾਰਨੀ ਵਿੱਚ ਸ਼ਾਮਿਲ ਹਨ ਅਤੇ ਪ੍ਰਬੰਧਕੀ ਬੋਰਡ ਦੇ ਮੈਂਬਰ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ

ਦੇ ਬਣਨ ਸਮੇਂ ਤੋਂ ਹੀ ਇਸ ਵਿੱਚ ਸਰਗਰਮੀ ਨਾਲ ਕਾਰਜਸ਼ੀਲ ਹਨ। ਉਨ੍ਹਾਂ ਕੇਂਦਰੀ ਸਭਾ ਸੇਖੋਂ ਵਿੱਚ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਜ਼ੁੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਹੈ। ਉਹ ਅੱਜਕੱਲ੍ਹ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸੀਨੀਅਰ ਮੀਤ ਪ੍ਰਧਾਨ ਹਨ ਅਤੇ ਪੰਜਾਬ ਕਥਾ ਮੰਚ ਦੇ ਕਨਵੀਨਰ ਵੀ ਹਨ।

1987 ਵਿੱਚ ਬਰਨਾਲੇ ਦੀ ਧਰਤੀ ਤੋਂ ਸਾਹਿਤਕ ਮੈਗਜ਼ੀਨ ਮੁਹਾਂਦਰਾ ਸ਼ੁਰੂ ਕਰਨ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਪਹਿਲਾਂ ਉਹ ਇਸ ਦੇ ਸੰਪਾਦਕ ਰਹੇ ਹਨ ਅਤੇ ਹੁਣ ਮੁੱਖ ਸੰਪਾਦਕ ਵਜੋਂ ਜ਼ਿੰਮੇਵਾਰੀਆਂ ਨੂੰ ਨਿਭਾਅ ਰਹੇ ਹਨ। ਇਸ ਮਿਆਰੀ ਸਾਹਿਤਕ ਪਰਚੇ ਵਿੱਚ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਥਾਪਿਤ ਲੇਖਕਾਂ ਦੇ ਨਾਲ-ਨਾਲ ਨਵੇਂ ਕਲਮਕਾਰਾਂ ਨੂੰ ਵੀ ਛਪਣ ਦਾ ਮੌਕਾ ਦਿੱਤਾ ਜਾਵੇ।

ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਆਪਣੀ ਪਰਿਵਾਰਿਕ ਜ਼ਿੰਦਗੀ ਬਾਰੇ ਦੱਸਿਆ ਕਿ 19 ਅਪ੍ਰੈਲ, 1971 ਨੂੰ ਉਨ੍ਹਾਂ ਦਾ ਅੰਤਰਜਾਤੀ ਪ੍ਰੇਮ ਵਿਆਹ ਸ੍ਰੀਮਤੀ ਹਰਲਾਭ ਕੌਰ ਨਾਲ ਹੋਇਆ ਸੀ। ਉਨ੍ਹਾਂ ਦੇ ਪਰਿਵਾਰ ਵਿੱਚ ਇੱਕ ਬੇਟਾ ਜਨਮੀਤ ਸਿੰਘ ਅਤੇ ਦੋ ਬੇਟੀਆਂ ਅਨੁਪਮ ਅਤੇ ਅਲਕਾ ਹਨ। ਉਨ੍ਹਾਂ ਦੀ ਪਤਨੀ ਹਰਲਾਭ ਕੌਰ 15 ਫਰਵਰੀ, 1999 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਡਾ.ਜੋਗਿੰਦਰ ਸਿੰਘ ਨਿਰਾਲਾ ਵੱਲੋਂ ਆਪਣੀ ਮਰਹੂਮ ਪਤਨੀ ਹਰਲਾਭ ਕੌਰ ਦੀ ਯਾਦ ਵਿੱਚ ਸਾਹਿਤਕ ਐਵਾਰਡ ਵੀ ਸ਼ੁਰੂ ਕੀਤਾ ਹੋਇਆ ਹੈ, ਜੋ ਹਰ ਵਰ੍ਹੇ ਇੱਕ ਇਸਤਰੀ ਲੇਖਿਕਾ ਨੂੰ ਦਿੱਤਾ ਜਾਂਦਾ ਹੈ।

ਡਾ. ਜੋਗਿੰਦਰ ਸਿੰਘ ਨਿਰਾਲਾ ਨੂੰ ਬਹੁਤ ਸਾਰੀਆਂ ਸਭਾਵਾਂ ਸੰਸਥਾਵਾਂ ਵੱਲੋਂ ਅਨੇਕਾਂ ਵਾਰ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਡਾਕਟਰ ਨਿਰਾਲਾ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੇ ਹੋਏ ਹਨ ਅਤੇ ਅਸੀਂ ਕਾਮਨਾ ਕਰਦੇ ਹਾਂ ਕਿ ਉਹ ਇਸੇ ਤਰ੍ਹਾਂ ਨਿਰੰਤਰ ਪੰਜਾਬੀ ਮਾਂ ਬੋਲੀ ਦੀ ਮਿਸ਼ਾਲ ਬਾਲ ਕੇ ਤੁਰਦੇ ਰਹਿਣ।

ਮੋਬਾਇਲ : 79737-06245

# ਜੋਗਿੰਦਰ ਕੌਰ ਅਗਨੀਹੋਤਰੀ



ਪੰਜਾਬੀ ਸਾਹਿਤ ਜਗਤ ਵਿੱਚ ਸਥਾਪਿਤ ਲੇਖਿਕਾ ਜੋਗਿੰਦਰ ਕੌਰ ਅਗਨੀਹੋਤਰੀ ਦਾ ਪੰਜਾਬੀ ਕਹਾਣੀ, ਨਾਵਲ, ਨਾਟਕ, ਬਾਲ ਸਾਹਿਤ ਅਤੇ ਸੰਪਾਦਨਾ ਦੇ ਖੇਤਰ ਵਿੱਚ ਅਹਿਮ ਸਥਾਨ ਹੈ। ਪੰਜਾਬੀ ਭਾਸ਼ਾ ਤੋਂ ਇਲਾਵਾ ਉਨ੍ਹਾਂ ਹਿੰਦੀ ਭਾਸ਼ਾ ਵਿੱਚ ਵੀ ਸਾਹਿਤ ਸਿਰਜਣਾ ਕੀਤੀ ਹੈ। ਉਨ੍ਹਾਂ ਦਾ ਜਨਮ 23 ਜਨਵਰੀ, 1961 ਨੂੰ ਪਿਤਾ ਸ਼੍ਰੀ ਮਾਧੋ ਰਾਮ ਸ਼ਰਮਾ ਅਤੇ ਮਾਤਾ ਸ਼੍ਰੀਮਤੀ ਅਮਰਜੀਤ ਕੌਰ ਦੇ ਗ੍ਰਹਿ ਵਿਖੇ ਪਿੰਡ ਕੋਟ ਲੱਲੂ ਤਹਿਸੀਲ ਤੇ ਜ਼ਿਲ੍ਹਾ ਮਾਨਸਾ ਵਿੱਚ ਹੋਇਆ। ਉਨ੍ਹਾਂ ਨੇ ਚੌਥੀ ਜਮਾਤ ਤੱਕ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਪੰਜਵੀਂ ਜਮਾਤ ਸਰਕਾਰੀ ਪ੍ਰਾਇਮਰੀ ਸਕੂਲ ਜੰਡਾਂ ਵਾਲਾ (ਮਾਨਸਾ) ਤੋਂ ਅਤੇ ਦਸਵੀਂ ਜਮਾਤ ਭਾਈ ਬਹਿਲੋ ਸਰਕਾਰੀ ਹਾਈ ਸਕੂਲ ਫਫੜੇ ਭਾਈਕੇ ਤੋਂ 1977 ਵਿੱਚ ਪਾਸ ਕੀਤੀ। ਉਨ੍ਹਾਂ ਨੇ ਪੰਜਵੀਂ ਜਮਾਤ ਵਿੱਚ ਪੜ੍ਹਦਿਆਂ ਇਕ ਕਵਿਤਾ 'ਪਾਰੋ' ਲਿਖੀ ਅਤੇ ਉਨ੍ਹਾਂ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਹੋਈ। ਉਨ੍ਹਾਂ ਦੇ ਪਿਤਾ ਜੀ ਸ਼ਾਸਤਰੀ ਅਧਿਆਪਕ ਸਨ। ਘਰ ਦਾ ਮਾਹੌਲ ਸਾਹਿਤਕ ਅਤੇ ਪੜ੍ਹਾਈ ਲਿਖਾਈ ਵਾਲਾ ਸੀ, ਇਸ ਕਰਕੇ ਉਨ੍ਹਾਂ ਨੂੰ ਲਿਖਣ ਪੜ੍ਹਨ ਦੇ ਕੰਮ ਵਿੱਚ ਕੋਈ ਰੁਕਾਵਟ ਪੇਸ਼ ਨਹੀਂ ਆਈ। ਉਨ੍ਹਾਂ ਦੀ ਪਹਿਲੀ ਰਚਨਾ ਇੱਕ ਸਹਿਕਾਰੀ ਮੈਗਜ਼ੀਨ ਵਿੱਚ ਛਪੀ।

ਜੋਗਿੰਦਰ ਕੌਰ ਅਗਨੀਹੋਤਰੀ ਨੇ ਪ੍ਰਾਈਵੇਟ ਤੌਰ 'ਤੇ ਗਿਆਨੀ, ਬੀ.ਏ. ਅਤੇ ਐਮ.ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀਆਂ। ਉਨ੍ਹਾਂ ਨੇ 1981 ਵਿੱਚ ਰੈਗੂਲਰ ਤੌਰ 'ਤੇ ਓ.ਟੀ. ਰਾਓ ਬਰਿੰਦਰ ਸਿੰਘ ਕਾਲਜ ਆਫ ਐਜੂਕੇਸ਼ਨ ਰਿਵਾੜੀ ਤੋਂ ਕੀਤੀ ਅਤੇ ਪੱਤਰ ਵਿਹਾਰ ਰਾਹੀਂ 1983 ਵਿੱਚ ਬੀ.ਐਡ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। 1996 ਵਿੱਚ ਉਨ੍ਹਾਂ ਦੀ ਨਿਯੁਕਤੀ ਹਰਿਆਣਾ ਰਾਜ ਦੇ ਸਿੱਖਿਆ ਵਿਭਾਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਸੰਧ ਜ਼ਿਲ੍ਹਾ ਕਰਨਾਲ ਵਿੱਚ ਹੋਈ। ਉਸ ਤੋਂ ਬਾਅਦ ਉਨ੍ਹਾਂ ਨੇ ਰਾਣੀਆਂ, ਬਰੂ ਵਾਲੀ ਅਤੇ ਮੁਸਾਹਿਬ ਵਾਲਾ ਦੇ ਸਕੂਲਾਂ ਵਿੱਚ ਅਧਿਆਪਨ ਕਾਰਜ ਕੀਤਾ। ਉਹ 31 ਜਨਵਰੀ, 2019 ਨੂੰ ਸੇਵਾ ਮੁਕਤ ਹੋਏ। ਆਪਣੇ ਅਧਿਆਪਨ ਕਾਰਜ ਦੌਰਾਨ ਉਨ੍ਹਾਂ

ਵਿਦਿਆਰਥੀਆਂ ਵਿੱਚ ਸਾਹਿਤਕ ਚੇਟਕ ਲਗਾਉਣ ਲਈ ਯਤਨ ਕੀਤੇ। ਉਨ੍ਹਾਂ ਨੇ ਹਰਿਆਣਾ ਰਾਜ ਵਿੱਚ ਪੰਜਾਬੀ ਭਾਸ਼ਾ ਦਾ ਝੰਡਾ ਬੁਲੰਦ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਸਮੇਂ-ਸਮੇਂ 'ਤੇ ਵੱਖ-ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਦੀ ਸ਼ੋਭਾ ਵਧਾਉਂਦੀਆਂ ਰਹੀਆਂ ਹਨ।

ਉਨ੍ਹਾਂ ਨੇ 1991 ਦੇ ਸਾਲ ਦੌਰਾਨ 'ਸੱਖਣਾ ਵਿਹੜਾ' (ਕਹਾਣੀ ਸੰਗ੍ਰਹਿ) ਅਤੇ 'ਮਾਸ ਦਾ ਬੁੱਤ' (ਨਾਟਕ ਸੰਗ੍ਰਹਿ) ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਪੱਕੇ ਪੈਰੀਂ ਪੰਜਾਬੀ ਸਾਹਿਤਕ ਜਗਤ ਵਿੱਚ ਪੈਰ ਧਰਿਆ। ਉਨ੍ਹਾਂ ਨੇ 'ਵਸਣ ਸ਼ਰੀਕੇ ਦਾ', 'ਰਾਜ਼ੀਨਾਮਾ', 'ਮਿੱਟੀ ਦੇ ਬੰਦੇ', 'ਸਾਉਣ ਦਾ ਬੱਦਲ', 'ਉੱਨੀ ਨੂੰ ਇੱਕੀ', 'ਅੰਨ੍ਹਾ ਰਾਜ', 'ਕੰਮੀਆਂ ਦਾ ਕੁੱਤਾ', 'ਬੇਕਦਰੇ', 'ਸਰਦਾਰਨੀ' ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਨ੍ਹਾਂ ਨੇ ਨਾਵਲ 'ਲਹੂ ਭਿੱਜੇ ਹੱਥ', 'ਟੁੱਟੇ ਖੰਭਾਂ ਵਾਲੇ ਪੰਛੀ', 'ਚਿੱਚੜ', 'ਆਸ ਦੀ ਤੰਦ', 'ਅੱਗ', 'ਰੰਭਾ', 'ਗੂੰਗੇ ਊਠ', 'ਨਿੰਮ ਵਾਲਾ ਬਾਰ', 'ਅੰਬਰੀਂ ਆਂਡੇ' ਲਿਖੇ। 'ਮਾਸ ਦਾ ਬੁੱਤ' ਅਤੇ 'ਨਕਲੀ ਚਿੜੀਆਂ' ਉਨ੍ਹਾਂ ਦੇ ਨਾਟਕ ਹਨ। ਉਨ੍ਹਾਂ ਦੀਆਂ ਰਚਨਾਵਾਂ ਦੇ ਵਿਸ਼ੇ ਮਨੁੱਖੀ ਜੀਵਨ ਵਿੱਚੋਂ ਮਨਫੀ ਹੋ ਰਹੀਆਂ ਕਦਰਾਂ ਕੀਮਤਾਂ, ਘਰੇਲੂ ਲੜਾਈ ਝਗੜੇ ਅਤੇ ਸਮਾਜਿਕ ਵਿਸੰਗਤੀਆਂ, ਸਾਂਝੇ ਪਰਿਵਾਰਾਂ ਤੇ ਭਾਈਚਾਰਿਆਂ ਦੀ ਹੋ ਰਹੀ ਟੁੱਟ- ਭੱਜ, ਕਿਸਾਨ ਅਤੇ ਮਜ਼ਦੂਰ ਵਰਗ ਨੂੰ ਦਰਪੇਸ਼ ਸਮੱਸਿਆਵਾਂ ਹਨ। ਉਨ੍ਹਾਂ ਆਪਣੀਆਂ ਰਚਨਾਵਾਂ ਵਿੱਚ ਧਨੀ ਕਿਸਾਨਾਂ ਵੱਲੋਂ ਛੋਟੇ ਕਿਸਾਨਾਂ ਦੀ ਜ਼ਮੀਨ ਉੱਪਰ ਹਰ ਹੀਲੇ ਕਬਜ਼ਾ ਕਰਨ ਦੀ ਮਨਸ਼ਾ, ਸਰਮਾਏਦਾਰ ਤਬਕੇ ਵੱਲੋਂ ਛੋਟੇ ਕਿਸਾਨਾਂ ਦੀ ਆਰਥਿਕ ਲੁੱਟ, ਸਰਕਾਰਾਂ ਦੀਆਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ, ਔਰਤ ਵਰਗ ਨਾਲ ਹੋ ਰਹੀ ਜ਼ਿਆਦਤੀ ਅਤੇ ਧੱਕੇਸ਼ਾਹੀ ਬਾਰੇ ਬਾਖੂਬੀ ਨਾਲ ਵਰਨਣ ਕੀਤਾ ਹੈ।

ਬਾਲ ਸਾਹਿਤ ਵਿੱਚ ਉਨ੍ਹਾਂ ਦਾ ਵਰਨਣਯੋਗ ਯੋਗਦਾਨ ਹੈ, ਜਿਸ ਵਿੱਚ 'ਚਿੜੀ ਤੇ ਘੁੱਗੀ', 'ਸੁੰਦਰ ਤੇ ਪਰੀ', 'ਸਿਆਣਾ ਤੋਤਾ', 'ਮਿਹਨਤ ਦਾ ਫਲ', 'ਸੁਜਾਨ ਦੀ ਜਿੱਤ' ਅਤੇ 'ਮਿੱਟੀ ਦੀ ਗੁੱਡੀ' ਬਾਲ ਕਹਾਣੀ ਸੰਗ੍ਰਹਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਬੱਚਿਆਂ ਲਈ 'ਚੰਦਨ', 'ਬਹਾਦਰ', 'ਜੱਗਾ' ਅਤੇ 'ਆਪਣੇ ਘਰ ਦੇ' ਚਾਰ ਬਾਲ ਨਾਵਲ ਵੀ ਲਿਖੇ ਹਨ।

ਉਨ੍ਹਾਂ ਨੇ 'ਜੀਵਨੀ ਯੋਧਾ ਸਿਕੰਦਰ' ਅਤੇ 'ਭਾਰਤ ਦੀਆਂ ਮਹਾਨ ਕ੍ਰਾਂਤੀਕਾਰੀ ਔਰਤਾਂ', 'ਭਾਰਤ ਦੀਆਂ ਮਹਾਨ ਔਰਤਾਂ' ਅਤੇ 'ਵਿਸ਼ਵ ਦੀਆਂ ਮਹਾਨ ਔਰਤਾਂ' ਵਾਰਤਕ ਪੁਸਤਕਾਂ ਵਿੱਚ ਸੰਖੇਪ ਜੀਵਨੀਆਂ ਲਿਖੀਆਂ ਹਨ। ਉਨ੍ਹਾਂ ਨੇ 'ਪਿੰਡ ਕੋਟ

ਲੱਲੂ ਦਾ ਇਤਿਹਾਸ-ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ', 'ਸੱਭਿਆਚਾਰ ਦੀ ਵਿਰਾਸਤ' (ਸੱਭਿਆਚਾਰਕ ਲੇਖ ਸੰਗ੍ਰਹਿ) ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਉਨ੍ਹਾਂ ਔਰਤਾਂ ਦੀਆਂ ਜੀਵਨੀਆਂ ਲਿਖਦੇ ਸਮੇਂ ਅਤੇ ਆਪਣੇ ਪਿੰਡ ਦੇ ਇਤਿਹਾਸ ਨੂੰ ਕਲਮਬੱਧ ਕਰਦਿਆਂ ਬਹੁਤ ਡੂੰਘੀ ਖੋਜ ਕੀਤੀ ਹੈ। 'ਸਾਡਾ ਬ੍ਰਹਿਮੰਡ ਅਤੇ ਹੋਰ ਕਵਿਤਾਵਾਂ' ਉਨ੍ਹਾਂ ਦਾ ਪੰਜਾਬੀ ਵਿੱਚ ਪ੍ਰਕਾਸ਼ਤ ਕਾਵਿ-ਸੰਗ੍ਰਹਿ ਹੈ। ਉਨ੍ਹਾਂ ਦੁਆਰਾ ਲਿਖੀਆਂ ਚਾਰ ਪੁਸਤਕਾਂ- 'ਟੁੱਟੇ ਖੰਭਾਂ ਵਾਲੇ ਪੰਛੀ', (ਨਾਵਲ), 'ਮਿੱਟੀ ਦੇ ਬੰਦੇ' (ਕਹਾਣੀ ਸੰਗ੍ਰਹਿ), 'ਚਿੱਚੜ' (ਨਾਵਲ) ਅਤੇ 'ਸਾਉਣ ਦੇ ਬੱਦਲ' (ਕਹਾਣੀ ਸੰਗ੍ਰਹਿ) ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਉੱਤਮ ਪੁਰਸਕਾਰ ਦੇ ਸਨਮਾਨ ਨਾਲ ਨਿਵਾਜਿਆ ਜਾ ਚੁੱਕਿਆ ਹੈ।

ਲੇਖਿਕਾ ਅਗਨੀਹੋਤਰੀ ਤੋਂ ਸਾਹਿਤ ਅਕਾਦਮੀ ਦਿੱਲੀ ਨੇ ਪਵਨ ਹਰਚੰਦਪੁਰੀ ਦੇ ਬਾਲ ਨਾਵਲ 'ਏਲੀਅਨਜ਼ ਦੀ ਧਰਤੀ' (ਸਾਹਿਤ ਅਕਾਦਮੀ ਪੁਰਸਕਾਰ ਜੇਤੂ) ਦਾ ਹਿੰਦੀ ਵਿੱਚ ਅਨੁਵਾਦ ਕਰਵਾਇਆ ਹੈ। ਉਨ੍ਹਾਂ ਨੇ 'ਪੱਕੇ ਮਿੱਤਰ' (ਬਾਲ ਕਾਵਿ ਸੰਗ੍ਰਹਿ) ਅਤੇ 'ਰਾਠੂ ਤੇ ਮਾਠੂ' (ਬਾਲ ਕਹਾਣੀ ਸੰਗ੍ਰਹਿ) ਪੁਸਤਕਾਂ ਹਿੰਦੀ ਵਿੱਚ ਲਿਖੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਦੇ ਅਨੁਵਾਦ ਵੀ ਕੀਤੇ ਹਨ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਨੇ ਉਨ੍ਹਾਂ ਤੋਂ ਕਈ ਪੁਸਤਕਾਂ ਦੀ ਸੰਪਾਦਨਾ ਵੀ ਕਰਵਾਈ ਹੈ। ਉਨ੍ਹਾਂ ਦੀ ਮਿੰਨੀ ਕਹਾਣੀ 'ਗਰੀਬ ਨਿਵਾਜ਼' ਕੁਰਕਸ਼ੇਤਰ ਯੂਨੀਵਰਸਿਟੀ ਦੇ ਐਮ.ਏ. ਦੇ ਸਿਲੇਬਸ ਦਾ ਹਿੱਸਾ ਹੈ।

ਉਨ੍ਹਾਂ ਦੀ ਪ੍ਰੇਰਨਾ ਅਤੇ ਪ੍ਰਭਾਵ ਸਦਕਾ ਉਨ੍ਹਾਂ ਦੇ ਛੋਟੇ ਭਰਾ ਜਤਿੰਦਰ ਮੋਹਨ ਸ਼ਰਮਾ ਵੀ ਲੇਖਕ ਵਜੋਂ ਸਥਾਪਿਤ ਹੋਣ ਲਈ ਯਤਨਸ਼ੀਲ ਹਨ। ਜੋਗਿੰਦਰ ਕੌਰ ਅਗਨੀਹੋਤਰੀ ਨੂੰ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਮਾਣ ਸਨਮਾਨ ਮਿਲੇ ਹਨ। ਉਨ੍ਹਾਂ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਵੱਲੋਂ 'ਬਾਬਾ ਫਰੀਦ ਐਵਾਰਡ' (2013) ਅਤੇ 'ਮਹਾਂਕਵੀ ਭਾਈ ਸੰਤੋਖ ਸਿੰਘ ਐਵਾਰਡ' 2016 ਵਿੱਚ ਪ੍ਰਦਾਨ ਕੀਤਾ ਗਿਆ ਸੀ। ਕਲਮ ਦੇ ਧਨੀ ਜੋਗਿੰਦਰ ਕੌਰ ਅਗਨੀਹੋਤਰੀ ਪੰਜਾਬੀ ਅਤੇ ਹਿੰਦੀ ਦੇ ਸਾਹਿਤਕ ਖੇਤਰ ਵਿੱਚ 40 ਦੇ ਲਗਭਗ ਪੁਸਤਕਾਂ ਦਾ ਯੋਗਦਾਨ ਪਾ ਚੁੱਕੇ ਹਨ। ਪੰਜਾਬੀ ਵਿਰਸੇ ਅਤੇ ਸੱਭਿਆਚਾਰ ਬਾਰੇ ਇਹਨਾਂ ਦੇ ਲੇਖ ਅਕਸਰ ਵੱਖ-ਵੱਖ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ।

ਪੰਜਾਬੀ ਸਾਹਿਤ ਜਗਤ ਨੂੰ ਇਸ ਕਲਮ ਤੋਂ ਬਹੁਤ ਵੱਡੀਆਂ ਉਮੀਦਾਂ ਹਨ।

ਮੋਬਾਇਲ : 94178-40323

# ਡਾ. ਦਰਸ਼ਨ ਸਿੰਘ ਆਸ਼ਟ



ਡਾ. ਦਰਸ਼ਨ ਸਿੰਘ ਆਸ਼ਟ ਭਾਰਤੀ ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਪੰਜਾਬੀ ਬਾਲ ਸਾਹਿਤ ਲੇਖਕ ਹਨ। ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਪੁਰਸਕਾਰ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ ਵੀ ਨਿਵਾਜਿਆ ਗਿਆ ਹੈ। ਉਹ ਇੰਟਰਨੈਸ਼ਨਲ ਬਾਲ ਸਾਹਿਤ ਲੇਖਕਾਂ ਅਤੇ ਚਿੱਤਰਕਾਰਾਂ ਦੀ ਐਸੋਸ਼ੀਏਸ਼ਨ 'ਐਵਿਕ' ਵੱਲੋਂ ਪੰਜਾਬੀ ਭਾਸ਼ਾ ਵਿੱਚ ਪਾਏ ਯੋਗਦਾਨ ਲਈ ਕੌਮੀ ਬਾਲ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਹੋ ਚੁੱਕੇ ਹਨ। ਉਨ੍ਹਾਂ ਦਾ ਜਨਮ 15 ਦਸੰਬਰ, 1965 ਨੂੰ ਪਿੰਡ ਬਰਾਸ, ਨੇੜੇ ਘੱਗਾ, ਤਹਿਸੀਲ ਪਾਤੜਾਂ ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਸ. ਬਲਵੰਤ ਸਿੰਘ ਆਸ਼ਟ ਅਤੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੇ ਘਰ ਹੋਇਆ। ਉਨ੍ਹਾਂ ਨੇ 1982 ਵਿੱਚ ਸਰਕਾਰੀ ਹਾਈ ਸਕੂਲ ਘੱਗਾ ਤੋਂ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦਿਹਾੜੀਦਾਰ ਕਾਮੇ ਵਜੋਂ ਪੰਜਾਬ ਰਾਜ ਬਿਜਲੀ ਬੋਰਡ ਰਾਜਪੁਰਾ ਟਾਊਨ ਵਿਖੇ ਆਪਣੇ ਰੁਜ਼ਗਾਰ ਦੀ ਸ਼ੁਰੂਆਤ ਕੀਤੀ। ਉਨ੍ਹਾਂ ਪਟਿਆਲਾ ਦੀਆਂ ਜ਼ਿਲ੍ਹਾ ਕਚਹਿਰੀਆਂ ਵਿੱਚ ਇੱਕ ਵਕੀਲ ਦੇ ਮੁਨਸ਼ੀ ਵਜੋਂ ਅਤੇ ਫਿਰ ਇੱਕ ਪ੍ਰਾਈਵੇਟ ਟਾਈਪਿਸਟ ਵਜੋਂ ਲਗਭਗ ਦੋ ਸਾਲ ਤੱਕ ਕੰਮ ਕੀਤਾ। 13 ਅਕਤੂਬਰ, 1986 ਨੂੰ ਉਨ੍ਹਾਂ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੱਕੇ ਤੌਰ 'ਤੇ ਸਟੈਨੋ ਟਾਈਪਿਸਟ ਵਜੋਂ ਨਿਯੁਕਤੀ ਹੋਈ। ਉਨ੍ਹਾਂ ਦੇ ਮਨ ਵਿੱਚ ਪੜ੍ਹਨ ਦੀ ਅਭਿਲਾਸ਼ਾ ਬਹੁਤ ਜਿਆਦਾ ਸੀ। ਉਨ੍ਹਾਂ ਨੇ ਪ੍ਰਾਈਵੇਟ ਤੌਰ ਤੇ 1989 ਵਿੱਚ ਬੀ.ਏ. ਅਤੇ 1994 ਵਿੱਚ ਐਮ.ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ। ਉਨ੍ਹਾਂ 1996 ਵਿੱਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦਿੱਲੀ ਵੱਲੋਂ ਨੈੱਟ ਪਾਸ ਕੀਤਾ ਅਤੇ 1997 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਲੈਕਚਰਾਰਸ਼ਿਪ ਲਈ ਲਿਆ ਗਿਆ ਰਾਜ ਪੱਧਰੀ ਯੋਗਤਾ ਟੈਸਟ ਪਾਸ ਕੀਤਾ। ਉਨ੍ਹਾਂ 2003 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 'ਪੰਜਾਬੀ ਬਾਲ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ' ਵਿਸ਼ੇ 'ਤੇ ਪੀ.ਐਚ.ਡੀ. ਕੀਤੀ। ਉਨ੍ਹਾਂ 2006 ਵਿੱਚ

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਉਰਦੂ ਦੀ ਪੜ੍ਹਾਈ ਪ੍ਰਾਈਵੇਟ ਵਿਦਿਆਰਥੀ ਵਜੋਂ ਮੁਕੰਮਲ ਕੀਤੀ। 2011 ਵਿੱਚ ਪੰਜਾਬੀ ਯੂਨੀਵਰਸਿਟੀ ਵਿੱਚ ਉਨ੍ਹਾਂ ਦੀ ਵਿਭਾਗੀ ਤਰੱਕੀ ਸੀਨੀਅਰ ਸਕੇਲ ਸਟੈਨੋਗ੍ਰਾਫਰ ਵਜੋਂ ਹੋਈ। ਉਹ 2018 ਵਿੱਚ ਯੂਨੀਵਰਸਿਟੀ ਵਿੱਚ ਨਿੱਜੀ ਸਹਾਇਕ ਬਣੇ। 26 ਦਸੰਬਰ, 2025 ਨੂੰ ਉਨ੍ਹਾਂ ਦੀ ਤਰੱਕੀ ਪੰਜਾਬੀ ਯੂਨੀਵਰਸਿਟੀ ਵਿੱਚ ਸਹਾਇਕ ਰਜਿਸਟਰਾਰ ਵਜੋਂ ਹੋ ਗਈ।

ਡਾ. ਦਰਸ਼ਨ ਸਿੰਘ ਆਸ਼ਟ ਨੇ ਸਾਹਿਤ ਦੀਆਂ ਬਹੁਤ ਸਾਰੀਆਂ ਵੰਨਗੀਆਂ ਵਿੱਚ ਬਾਲਾਂ ਲਈ ਸਾਹਿਤ ਰਚਿਆ ਹੈ, ਜਿਵੇਂ ਬਾਲ ਕਹਾਣੀਆਂ, ਬਾਲ ਗੀਤ, ਬਾਲ ਕਵਿਤਾਵਾਂ, ਬਾਲ ਨਾਟਕ, ਬਾਲ ਨਾਵਲ, ਬਾਲਕਾਂ ਦੇ ਪੱਧਰ ਅਨੁਸਾਰ ਜੀਵਨੀ ਸਾਹਿਤ ਲਿਖ ਕੇ ਬਾਲ ਸਾਹਿਤ ਵਿੱਚ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਜ਼ਿਕਰਯੋਗ ਵਾਧਾ ਕੀਤਾ ਹੈ। ਉਨ੍ਹਾਂ ਨੇ ਬਾਲਾਂ ਲਈ ਵਿਸ਼ੇਸ਼ ਤੌਰ ’ਤੇ ਵਿਆਕਰਨ ਅਤੇ ਪ੍ਰਸ਼ਨੋਤਰੀਆਂ ਤਿਆਰ ਕੀਤੀਆਂ ਹਨ। ਉਨ੍ਹਾਂ ਦੀਆਂ 125 ਤੋਂ ਵਧੇਰੇ ਬਾਲ ਸਾਹਿਤ ਨਾਲ ਸਬੰਧਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਅਹਿਮ ਪੁਸਤਕਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ; ਚੰਗੀਆਂ ਆਦਤਾਂ (1989), ਸੁਰੀਲੀ ਬੰਸਰੀ (1990), ਵੰਨ-ਸੁਵੰਨੇ (1991), ਬਾਗਾਂ ਵਾਲਾ ਪਿੰਡ (1992), ਪੰਜਾਬੀ ਬਾਲ ਸਾਹਿਤ ਦਾ ਆਲੋਚਨਾਤਮਕ ਮੁਹਾਂਦਰਾ (1993), ਵਰ ਕਿ ਸਰਾਪ (1995), ਨਵਾਂ ਯੁੱਗ ਨਵੀਆਂ ਬਾਤਾਂ (1996), ਬਾਲ ਬਾਤਾਂ (1998), ਦਾਦੀ ਮਾਂ ਪਾ ਕੋਈ ਬੁਝਾਰਤ (1998), ਗੌਤਮ ਬਾਲ ਗੀਤ ਭਾਗ-1, 2, 3 (2001 ਵਿਚ), ਚੁਨਮੁਨ ਦੀ ਵਾਪਸੀ (2001), ਜੱਗੂ ਦੀ ਸੂਝ (2003), ਅਸਲੀ ਜਾਦੂ (2003), ਫ਼ਰਜ਼ ਦੀ ਪਛਾਣ (2003), ਕੀੜੀ ਦਾ ਚਲਾਨ (2006), ਚੂਹੇ ਦਾ ਵਿਆਹ (2006), ਬੁੱਝੋ ਬੱਚਿਓ ਮੈਂ ਹਾਂ ਕੌਣ ਭਾਗ-1, 2, 3 (2007), ਮਿਹਨਤ ਦੀ ਕਮਾਈ (2009), ਟਾਹਲੀ ਬੋਲੀ (2011), ਸ਼ਾਬਾਸ਼ ਧੀਏ (2012), ਉੱਡ ਗਈ ਤਿਤਲੀ (2012), ਘੁੱਗੀ ਮੁੜ ਆਈ (2012), ਫੁੱਲ ਬੋਲਿਆ (2012), ਕਿੱਥੇ ਜਾਣ ਪਰਿੰਦੇ (2013), ਜਿੱਥੇ ਚਾਹ ਉੱਥੇ ਰਾਹ (ਇਨਾਮ ਜੇਤੂ ਬਾਲ ਕਹਾਣੀਆਂ) ਪੁਸਤਕਾਂ 2013 ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਉਨ੍ਹਾਂ ਨੇ ਪਹਿਲਾ ਬੈਂਚ, ਚੰਗਾ ਸੁਫਨਾ, ਰੁੱਸ ਗਈ ਕਿਤਾਬ, ਰਵਿੰਦਰ ਨਾਥ ਟੈਗੋਰ, ਘੁੰਮਣਘੇਰੀਆਂ ਅਤੇ ਫੁੱਲ ਖਿੜ ਪਏ ਸਮੇਤ ਅਣਗਿਣਤ ਹੋਰ ਪੁਸਤਕਾਂ ਪੰਜਾਬੀ ਬਾਲ ਸਾਹਿਤ ਦੀ ਝੋਲੀ ਪਾਈਆਂ ਹਨ। ਉਨ੍ਹਾਂ ਨੇ ਡਾ. ਰਾਜਵੰਤ ਕੌਰ ਪੰਜਾਬੀ ਨਾਲ ਰਲ ਕੇ ਪੰਜਾਬੀ ਵਿਆਕਰਨ ਤੇ ਲੇਖ ਰਚਨਾ ਭਾਗ

ਇਕ, ਦੋ, ਤਿੰਨ ਅਤੇ ਚਾਰ ਦੀ ਰਚਨਾ ਵੀ ਕੀਤੀ। ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਸੰਪਾਦਿਤ ਕੀਤੀਆਂ, ਜਿਨ੍ਹਾਂ ਵਿੱਚ ਅਮੁਲ ਬਾਲ ਗੀਤ ਭਾਗ ਇੱਕ ਅਤੇ ਦੋ, ਸ਼ਬਦਾਂ ਦਾ ਵਣਜਾਰਾ ਡਾ. ਗੁਰਬਚਨ ਸਿੰਘ ਰਾਹੀ, ਕਲਮ ਕਾਫਲਾ, ਕਲਮ ਸ਼ਕਤੀ ਸ਼ਾਮਿਲ ਹਨ। ਉਨ੍ਹਾਂ ਨੇ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਕੇ ਅਤੇ ਸ਼ਾਹਮੁਖੀ ਲਿਪੀ ਤੋਂ ਗੁਰਮੁਖੀ ਲਿਪੀ ਵਿੱਚ ਲਿਪੀਆਂਤਰ ਕਰ ਕੇ 12 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ।

ਉਨ੍ਹਾਂ ਨੇ ਹਿੰਦੀ ਬਾਲ ਸਾਹਿਤ ਵਿੱਚ ਪਵਿੱਤਰ ਕਾਰਯ, ਬਿੰਟੀ ਕੀ ਸੂਝ, ਸੁਨੋ ਕਹਾਣੀ, ਮਿਹਨਤ ਕੀ ਕਮਾਈ ਕਾ ਸੁਖ, ਪਾਪਾ, ਅਬ ਐਸਾ ਨਹੀਂ ਹੋਗਾ, ਸਹੀ ਫੈਸਲਾ, ਕਿਤਾਬੋਂ ਮੇਂ ਪੰਖ, ਫੂਲ ਖਿੜ ਪੜੇ ਪੁਸਤਕਾਂ ਦੀ ਸਿਰਜਣਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਹਿੰਦੀ ਭਾਸ਼ਾ ਵਿੱਚ ਛੇ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਬਾਲ ਪੁਸਤਕਾਂ ਮੈਥਲੀ, ਨੇਪਾਲੀ, ਤਾਮਿਲ, ਉੜੀਆ ਆਦਿ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ।

ਉਨ੍ਹਾਂ ਦੀਆਂ ਗੁਰਮੁਖੀ ਲਿਪੀ ਵਿੱਚ ਪ੍ਰਕਾਸ਼ਿਤ ਪੁਸਤਕਾਂ ਵਾਪਸੀ (1999), ਨਵਾਂ ਜ਼ਮਾਨਾ ਨਵੀਆਂ ਬਾਤਾਂ (1999), ਖੇਡ ਖਿਡੌਣੇ (2006) ਲਿਪੀਆਂਤਰ ਹੋ ਕੇ ਪਾਕਿਸਤਾਨ ਵਿੱਚ ਸ਼ਾਹਮੁਖੀ ਲਿਪੀ ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਡਾ. ਆਸ਼ਟ ਦੀਆਂ ਰਚਨਾਵਾਂ ਪੰਜਾਬੀ ਭਾਸ਼ਾ ਵਿੱਚ ਸੰਪਾਦਿਤ 30 ਦੇ ਕਰੀਬ ਪੁਸਤਕਾਂ ਵਿੱਚ ਵਿਸ਼ੇਸ਼ ਤੌਰ ’ਤੇ ਸ਼ਾਮਿਲ ਕੀਤੀਆਂ ਗਈਆਂ ਹਨ। ਉਨ੍ਹਾਂ ਦੀਆਂ ਹਿੰਦੀ ਰਚਨਾਵਾਂ ਹਿੰਦੀ ਭਾਸ਼ਾ ਵਿੱਚ ਸੰਪਾਦਿਤ 36 ਪੁਸਤਕਾਂ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ। ਅੰਗਰੇਜ਼ੀ ਭਾਸ਼ਾ ਵਿੱਚ ਹੂ ਇਜ ਹੂ ਔਫ ਇੰਡੀਅਨ ਰਾਈਟਰਜ਼ (ਲੇਖਕਾਂ ਦਾ ਜੀਵਨ ਪਰਿਚੈ) ਸਾਹਿਤ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਿਤ ਪੁਸਤਕ ਹੈ। ਉਨ੍ਹਾਂ ਦੀ ਪੁਸਤਕ ਸਟੋਰੀਜ ਬਿਟਰ ਐਂਡ ਸਵੀਟ ਬਾਲ ਕਹਾਣੀਆਂ ਦੀ ਪੁਸਤਕ 2023 ਵਿੱਚ ਪ੍ਰਕਾਸ਼ਤ ਹੋਈ ਹੈ।

2012 ਵਿੱਚ ‘ਡਾ. ਦਰਸ਼ਨ ਸਿੰਘ ਆਸ਼ਟ ਅਤੇ ਉਨ੍ਹਾਂ ਦਾ ਬਾਲ ਸਾਹਿਤ’ ਪੁਸਤਕ ਦੀ ਸੰਪਾਦਨਾ ਡਾ. ਸਕੁੰਤਲਾ ਕਾਲੜਾ ਵੱਲੋਂ ਕੀਤੀ ਗਈ ਹੈ। ਪੰਜਾਬੀ ਭਾਸ਼ਾ ਵਿੱਚ ‘ਡਾ.ਦਰਸ਼ਨ ਸਿੰਘ ਆਸ਼ਟ ਦੇ ਬਾਲ ਸਾਹਿਤ ਦਾ ਵਿਸ਼ੇਗਤ ਅਧਿਐਨ’ ਕਰਕੇ ਡਾ. ਕਮਲਜੀਤ ਕੌਰ ਵੱਲੋਂ ਪੀ.ਐਚ.ਡੀ. ਕੀਤੀ ਗਈ ਹੈ। ਖੋਜਾਰਥੀ ਅਵਲੀਨ ਕੌਰ ਵੱਲੋਂ ‘ਡਾ.ਦਰਸ਼ਨ ਸਿੰਘ ਆਸ਼ਟ ਦੀਆਂ ਬਾਲ ਕਹਾਣੀਆਂ ਦੇ ਮੂਲ ਸਰੋਕਾਰ’ ਵਿਸ਼ੇ

ਉੱਪਰ ਐਮ.ਫਿਲ ਕੀਤੀ ਗਈ ਹੈ।

ਡਾ. ਆਸ਼ਟ ਦੀਆਂ ਰਚਨਾਵਾਂ ਐਸ.ਸੀ.ਈ.ਆਰ.ਟੀ. ਨਵੀਂ ਦਿੱਲੀ, ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਹਰਿਆਣਾ ਰਾਜ ਸਿੱਖਿਆ ਵਿਭਾਗ ਭਵਾਨੀ, ਸੀ.ਬੀ. ਐਸ.ਈ. ਨਵੀਂ ਦਿੱਲੀ ਸਮੇਤ ਹੋਰ ਵੀ ਕਈ ਸਕੂਲ ਬੋਰਡਾਂ ਦੇ ਸਿਲੇਬਸ ਦਾ ਹਿੱਸਾ ਹਨ। ਡਾ.ਆਸ਼ਟ ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਗੁਰਮੁਖੀ ਲਿਪੀ ਅਤੇ ਸ਼ਾਹਮੁਖੀ ਲਿਪੀ ਵਿੱਚ ਛਪਦੇ ਕਈ ਮੈਗਜੀਨਾਂ ਦੇ ਸੰਪਾਦਕ/ਆਨਰੇਰੀ ਸੰਪਾਦਕ/ਸਹਿ ਸੰਪਾਦਕ ਅਤੇ ਮਹਿਮਾਨ ਸੰਪਾਦਕ ਹਨ। ਡਾ. ਆਸ਼ਟ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਪੰਜਾਬ ਦੇ ਜੀਵਨ ਮੈਂਬਰ ਹਨ। ਉਹ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ 2005 ਤੋਂ ਜਨਰਲ ਸਕੱਤਰ ਰਹੇ ਤੇ 2008 ਤੋਂ ਹੁਣ ਤੱਕ ਲਗਾਤਾਰ ਪ੍ਰਧਾਨ ਚਲੇ ਆ ਰਹੇ ਹਨ। ਡਾ.ਆਸ਼ਟ ਭਾਸ਼ਾ ਵਿਭਾਗ ਪੰਜਾਬ ਦੇ ਰਾਜ ਸਲਾਹਕਾਰ ਬੋਰਡ ਦੇ 2005-06 ਦੌਰਾਨ ਬਾਲ ਸਾਹਿਤ ਪੁਰਸਕਾਰ ਦੀ ਚੋਣ ਕਮੇਟੀ ਦੇ ਮੈਂਬਰ ਵੀ ਰਹੇ ਹਨ। ਉਹ ਸਾਹਿਤ ਅਕਾਦਮੀ ਦਿੱਲੀ ਦੀ ਬਾਲ ਸਾਹਿਤ ਪੁਰਸਕਾਰਾਂ ਦੀ ਚੋਣ ਲਈ ਬਣੀ ਕਮੇਟੀ ਦੇ ਦੋ ਵਾਰ ਮੈਂਬਰ ਵੀ ਰਹੇ ਹਨ। ਉਨ੍ਹਾਂ ਨੇ ਵੱਖ-ਵੱਖ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਕਾਨਫਰੰਸਾਂ, ਸੈਮੀਨਾਰਾਂ ਵਿੱਚ ਪੰਜਾਬੀ ਸਾਹਿਤ ਭਾਸ਼ਾ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਸਬੰਧੀ 40 ਤੋਂ ਵੱਧ ਖੋਜ ਪੱਤਰ ਪੜ੍ਹੇ ਹਨ।

ਡਾ. ਆਸ਼ਟ ਦੀਆਂ ਕਈ ਪੁਸਤਕਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਰਸਕਾਰ ਮਿਲੇ ਹਨ। 1996-978 ਦੌਰਾਨ ਕਰਵਾਏ ਗਏ ਬਾਲ ਸਾਹਿਤ ਦੇ ਮੁਕਾਬਲਿਆਂ ਵਿੱਚ ਉਨ੍ਹਾਂ ਦੇ ਖਰੜੇ 'ਚੰਗੀਆਂ ਆਦਤਾਂ' ਨੂੰ ਪਹਿਲਾ ਪੁਰਸਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਬਾਲ ਸਾਹਿਤ ਮੁਕਾਬਲਿਆਂ ਵਿੱਚ ਖਰੜੇ 'ਸਾਡੇ ਹਾਣੀ' ਨੂੰ 1988-89 ਵਿੱਚ ਦੂਜਾ ਪੁਰਸਕਾਰ ਮਿਲਿਆ ਸੀ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਦੀ ਪੁਸਤਕ 'ਬਾਲ ਗੀਤ' ਨੂੰ ਸਾਲ 2001 ਲਈ ਸਰਵੋਤਮ ਪੁਸਤਕ ਵਜੋਂ ਸ਼੍ਰੀ ਗੁਰੂ ਹਰਿਕ੍ਰਿਸ਼ਨ ਬਾਲ ਸਾਹਿਤ ਪੁਰਸਕਾਰ ਅਤੇ ਇਸੇ ਪੁਸਤਕ ਉੱਪਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਉਨ੍ਹਾਂ ਨੂੰ 2003 ਵਿੱਚ ਮਾਤਾ ਜਸਵੰਤ ਕੌਰ ਪੰਜਾਬੀ ਬਾਲ ਸਾਹਿਤ ਪੁਰਸਕਾਰ ਪ੍ਰਾਪਤ ਹੋਇਆ ਹੈ। ਡਾ. ਆਸ਼ਟ ਨੂੰ 2004 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਬਾਲ ਸਾਹਿਤਕਾਰ ਪੁਰਸਕਾਰ ਦੇ


ਕੇ ਨਿਵਾਜਿਆ ਗਿਆ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਦੀ ਹਿੰਦੀ ਪੁਸਤਕ ਪਾਪਾ ਅਬ ਐਸਾ ਨਹੀਂ ਹੋਗਾ ਨੂੰ ਹਿੰਦੀ ਬਾਲ ਸਾਹਿਤ ਦੀ ਸਰਬੋਤਮ ਪੁਸਤਕ ਪੁਰਸਕਾਰ (ਸਾਲ 2013) ਮਿਲਿਆ ਹੈ। ਡਾ. ਆਸ਼ਟ ਨੂੰ ਪੰਜਾਬੀ ਸੱਥ ਲਾਂਬੜਾ ਜਲੰਧਰ ਵੱਲੋਂ ਪ੍ਰਿੰਸੀਪਲ ਤਰਲੋਚਨ ਸਿੰਘ ਭਾਟੀਆ ਬਾਲ ਸਾਹਿਤ ਪੁਰਸਕਾਰ, ਡਾਕਟਰ ਭੀਮ ਰਾਓ ਅੰਬੇਦਕਰ ਯੂਨੀਵਰਸਿਟੀ ਆਗਰਾ ਵੱਲੋਂ ਬਾਲ ਸਾਹਿਤ ਪੁਰਸਕਾਰ, ਅਮੈਰੀਕਨ ਬਾਇਓਗ੍ਰਾਫੀਕਲ ਇੰਸਟੀਚਿਊਟ ਵਿਜ਼ਨ 2000 ਬਾਲ ਸਾਹਿਤ ਸਨਮਾਨ, ਪੰਜਾਬੀ ਬਾਲ ਅਦਬੀ ਬੋਰਡ ਲਾਹੌਰ (ਪਾਕਿਸਤਾਨ) ਵੱਲੋਂ ਬਾਲ ਸਾਹਿਤ ਲੇਖਣ ਪੁਰਸਕਾਰ 2005, ਬਾਲ ਚੇਤਨਾ, ਜੈਪੁਰ (ਰਾਜਸਥਾਨ) ਵੱਲੋਂ ਮੋਤੀ ਮਿਸ਼ਰੀ ਰਾਸ਼ਟਰੀ ਬਾਲ ਸਾਹਿਤ ਪੁਰਸਕਾਰ 2006 ਸਮੇਤ ਬਹੁਤ ਸਾਰੇ ਸਨਮਾਨ/ਪੁਰਸਕਾਰ ਹਾਸਿਲ ਹੋਏ ਹਨ। ਡਾਕਟਰ ਆਸ਼ਟ ਜੀ ਨੂੰ 14 ਨਵੰਬਰ, 2006 ਨੂੰ ਬਾਲ ਦਿਵਸ ਦੇ ਮੌਕੇ 'ਤੇ ਮਹਾਮਹਿਮ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਭਾਰਤ ਦੇ ਰਾਸ਼ਟਰਪਤੀ ਵੱਲੋਂ ਅਤੇ 14 ਨਵੰਬਰ, 2007 ਨੂੰ ਮਹਾਮਹਿਮ ਪ੍ਰਤਿਭਾ ਦੇਵੀ ਸਿੰਘ ਪਾਟਿਲ ਜੀ ਭਾਰਤ ਦੇ ਰਾਸ਼ਟਰਪਤੀ ਦੁਆਰਾ ਰਾਸ਼ਟਰਪਤੀ ਭਵਨ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ।

ਡਾ. ਆਸ਼ਟ ਵਰਤਮਾਨ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਹਾਇਕ ਰਜਿਸਟਰਾਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਦੀ ਧਰਮ ਪਤਨੀ ਡਾ. ਰਾਜਵੰਤ ਕੌਰ ਪੰਜਾਬੀ, ਪੰਜਾਬੀ ਦੀ ਸਥਾਪਿਤ ਲੇਖਿਕਾ ਹੈ, ਜੋ ਅੱਜਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਗੁਰਦਿਆਲ ਸਿੰਘ ਚੇਅਰ ਦੇ ਕੋਆਰਡੀਨੇਟਰ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦੀ ਸਪੁੱਤਰੀ ਰਵੀਦਰਸ਼ਦੀਪ ਕੌਰ ਗੁਜਰਾਤ ਯੂਨੀਵਰਸਿਟੀ ਅਹਿਮਦਾਬਾਦ ਵਿਖੇ ਵਿਗਿਆਨੀ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਅੱਜਕੱਲ੍ਹ ਪੰਜਾਬ ਦੀ ਇਕ ਯੂਨੀਵਰਸਿਟੀ ਵਿੱਚ ਅਸਿਸਟੈਂਟ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਹੀ ਹੈ ਅਤੇ ਪੀ.ਸੀ.ਐਸ. ਟਾਪਰ ਸਪੁੱਤਰ ਦੇਵਦਰਸ਼ਦੀਪ ਸਿੰਘ ਆਈ.ਆਰ.ਐਸ., ਪੰਜਾਬ ਦੀਆਂ ਵੱਖ ਵੱਖ ਤਹਿਸੀਲਾਂ ਵਿੱਚ ਬਤੌਰ ਐਸ.ਡੀ.ਐਮ., ਜੀ ਏ ਟੂ ਡੀ ਸੀ ਅਤੇ ਸੈਕਰੇਟਰੀ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਵਿਖੇ ਸੇਵਾਵਾਂ ਨਿਭਾਉਣ ਉਪਰੰਤ ਅੱਜਕੱਲ੍ਹ ਕੇਂਦਰ ਦੀਆਂ ਸੇਵਾਵਾਂ ਨਿਭਾ ਰਹੇ ਹਨ।

ਅਸੀਂ ਕਾਮਨਾ ਕਰਦੇ ਹਾਂ ਕਿ ਡਾ.ਆਸ਼ਟ ਸਾਹਿਬ ਦੀ ਕਲਮ ਨਿਰੰਤਰਤਾ ਨਾਲ ਪੰਜਾਬੀ ਸਾਹਿਤ ਵਿਸ਼ੇਸ਼ ਕਰਕੇ ਬਾਲ ਸਾਹਿਤ ਦੀ ਸੇਵਾ ਵਿੱਚ ਜੁਟੀ ਰਹੇ।

ਮੋਬਾਇਲ : 98144-23703

# ਨਵਰਾਹੀ ਘੁਗਿਆਣਵੀ



ਨਵਰਾਹੀ ਘੁਗਿਆਣਵੀ ਉਰਫ਼ ਫੌਜਾ ਸਿੰਘ ਬਰਾੜ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਮਾਲਵੇ ਦੀ ਸਾਹਿਤਕ ਲਹਿਰ ਨੂੰ ਪ੍ਰਫੁੱਲਤ ਕਰਨ ਵਿੱਚ ਉਸ ਨੇ ਚੋਖਾ ਯੋਗਦਾਨ ਪਾਇਆ ਹੈ। ਲੰਮਾ ਸਮਾਂ ਉਹ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਪ੍ਰਧਾਨ ਅਤੇ ਹੋਰ ਕਈ ਅਹੁਦਿਆਂ ’ਤੇ ਰਹੇ ਹਨ। ਅੱਜਕੱਲ੍ਹ ਉਹ ਸਭਾ ਦੇ ਸਰਪ੍ਰਸਤ ਹਨ। ਨਵਰਾਹੀ ਘੁਗਿਆਣਵੀ ਕੇਂਦਰੀ ਲੇਖਕ ਸਭਾ ਸੇਖੋਂ ਦੇ ਬਣਨ ਤੋਂ ਹੀ ਇਸ ਦੇ ਨਾਲ ਜੁੜੇ ਹੋਏ ਹਨ। ਘੁਗਿਆਣਵੀ ਕੇਂਦਰੀ ਲੇਖਕ ਸਭਾ (ਸੇਖੋਂ) ਦੇ ਮੀਤ ਪ੍ਰਧਾਨ ਅਤੇ ਕਾਰਜਕਾਰਨੀ ਦੇ ਮੈਂਬਰ ਵੀ ਰਹੇ ਹਨ। ਅੱਜ ਕੱਲ੍ਹ ਕੇਂਦਰੀ ਸਭਾ ਸੇਖੋਂ ਵੱਲੋਂ ਉਨ੍ਹਾਂ ਨੂੰ ਸਭਾ ਦਾ ਸਰਪ੍ਰਸਤ ਬਣਾਇਆ ਹੋਇਆ ਹੈ। ਨਵਰਾਹੀ ਘੁਗਿਆਣਵੀ ਨੇ ਮਾਲਵੇ ਇਲਾਕੇ ਵਿੱਚ ਅਣਗਿਣਤ ਸਾਹਿਤ ਸਭਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਸਰਗਰਮ ਰੱਖਣ ਵਿੱਚ ਅਹਿਮ ਯੋਗਦਾਨ ਪਾਇਆ ਹੈ।

ਫੌਜਾ ਸਿੰਘ ਬਰਾੜ ਦਾ ਨਵਰਾਹੀ ਘੁਗਿਆਣਵੀ ਸਾਹਿਤਕ ਨਾਮ ਹੈ। ਨਵਰਾਹੀ ਘੁਗਿਆਣਵੀ ਦਾ ਜਨਮ 11 ਅਗਸਤ, 1937 ਨੂੰ ਪਿੰਡ ਘੁਗਿਆਣਾ ਜ਼ਿਲ੍ਹਾ ਫਰੀਦਕੋਟ ਵਿਚ ਸਰਦਾਰ ਮਿਹਰ ਸਿੰਘ ਬਰਾੜ ਅਤੇ ਸਰਦਾਰਨੀ ਕਰਤਾਰ ਕੌਰ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਨੇ ਮੁੱਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚੋਂ ਪ੍ਰਾਪਤ ਕੀਤੀ। 1947 ਵਿੱਚ ਉਨ੍ਹਾਂ ਗੌਰਮਿੰਟ ਹਾਈ ਸਕੂਲ ਗੋਲੇਵਾਲਾ ਤੋਂ ਪੰਜਵੀਂ ਜਮਾਤ ਪਾਸ ਕੀਤੀ। ਉਹ 1948 ਵਿੱਚ ਛੇਵੀਂ ਜਮਾਤ ਵਿੱਚ ਫ਼ਰੀਦਕੋਟ ਰਿਆਸਤ ਦੇ ਪ੍ਰਮੁੱਖ ਸਕੂਲ ਬਲਵੀਰ ਹਾਈ ਸਕੂਲ ਵਿੱਚ ਦਾਖਲਾ ਲੈ ਲਿਆ ਅਤੇ ਇੱਥੋਂ 1953 ਵਿੱਚ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਉਸ ਸਮੇਂ ਇਸ ਸਕੂਲ ਦੇ ਮੁੱਖ ਅਧਿਆਪਕ ਸਰਦਾਰ ਫੂਲਾ ਸਿੰਘ ਸਨ। ਉਨ੍ਹਾਂ ਮੁੱਖ ਅਧਿਆਪਕ, ਗਿਆਨੀ ਸੁਖਚੈਨ ਸਿੰਘ ਵਿਚਾਰਾ ਅਤੇ ਸਰਦਾਰ ਇੰਦਰ ਸਿੰਘ ਜੀ ਵਰਗੇ ਲਾਇਕ ਅਧਿਆਪਕਾਂ ਦੀ ਯੋਗ ਅਗਵਾਈ ਵਿੱਚ ਬਹੁਤ ਕੁਝ ਗ੍ਰਹਿਣ ਕੀਤਾ।

ਨਵਰਾਹੀ ਸਾਹਿਬ ਨੂੰ ਕਵਿਤਾ ਦਾ ਸ਼ੌਂਕ ਸ਼ੁਰੂ ਤੋਂ ਹੀ ਸੀ। ਉਹ ਸਕੂਲ ਵਿੱਚ

ਲੱਗਦੀ ਬਾਲ ਸਭਾ ਵਿੱਚ ਆਪਣੀ ਹਾਜ਼ਰੀ ਜ਼ਰੂਰ ਦਰਜ ਕਰਵਾਉਂਦੇ। ਉਨ੍ਹਾਂ ਨੇ ਸਕੂਲੀ ਵਿਦਿਆ ਗ੍ਰਹਿਣ ਕਰਨ ਦੇ ਨਾਲ-ਨਾਲ ਬਹੁਤ ਸਾਰਾ ਸਾਹਿਤ ਅਧਿਐਨ ਵੀ ਕੀਤਾ, ਜਿਸ ਵਿੱਚ ਵਾਰਿਸ਼ ਸ਼ਾਹ ਦੀ ਹੀਰ, ਹਾਸ਼ਮ ਦੇ ਦੋਹੜੇ, ਬਾਬਾ ਫ਼ਰੀਦ ਜੀ ਦੇ ਸਲੋਕ, ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅਤੇ ਸਾਧੂ ਦਇਆ ਸਿੰਘ ਆਰਿਫ਼ ਦਾ ਜ਼ਿੰਦਗੀ ਬਿਲਾਸ ਆਦਿ ਪ੍ਰਮੁੱਖ ਸਨ। 1954 ਵਿੱਚ ਉਨ੍ਹਾਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਅਤੇ 1956 ਵਿੱਚ ਜੇ.ਬੀ. ਟੀ.ਕੀਤੀ। ਉਨ੍ਹਾਂ ਆਪਣਾ ਅਧਿਆਪਨ ਸਫ਼ਰ ਪ੍ਰਾਇਮਰੀ ਸਕੂਲ ਟੀਚਰ ਵਜੋਂ ਜੇ.ਬੀ.ਟੀ. ਕਰਕੇ 1957 ਵਿੱਚ ਜ਼ਿਲ੍ਹਾ ਬਠਿੰਡਾ ਦੇ ਨੰਦਗੜ੍ਹ ਕੋਟੜਾ ਦੇ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਕੀਤਾ। ਉਨ੍ਹਾਂ 1957 ਵਿੱਚ ਗ੍ਰੈਜੂਏਸ਼ਨ ਵੀ ਪੂਰੀ ਕਰ ਲਈ। ਤਿੰਨ ਸਾਲ ਪਿੱਛੋਂ 1960 ਵਿੱਚ ਉਨ੍ਹਾਂ ਪ੍ਰਾਈਵੇਟ ਤੌਰ ’ਤੇ ਬੀ.ਟੀ. ਮਾਲਵਾ ਖਾਲਸਾ ਕਾਲਜ ਲੁਧਿਆਣਾ ਤੋਂ ਕੀਤੀ। ਉਨ੍ਹਾਂ ਆਪਣੇ ਅਧਿਆਪਨ ਸਫ਼ਰ ਦੇ ਦੌਰਾਨ ਹੀ 1963 ਵਿੱਚ ਐਮ.ਏ. ਅੰਗਰੇਜ਼ੀ ਅਤੇ 1970 ਵਿੱਚ ਐਮ.ਏ. ਪੰਜਾਬੀ ਕੀਤੀ। 1963 ਵਿੱਚ ਉਨ੍ਹਾਂ ਦੀ ਤਰੱਕੀ ਮਾਸਟਰ ਕੇਡਰ ਵਿੱਚ ਹੋ ਗਈ। ਉਹ 1965 ਵਿੱਚ ਪੈਪਸੂ ਟੀਚਰ ਯੂਨੀਅਨ ਜ਼ਿਲ੍ਹਾ ਬਠਿੰਡਾ (ਜਿਸ ਵਿੱਚ ਅੱਜ ਕੱਲ੍ਹ ਦੇ ਬਠਿੰਡਾ, ਮਾਨਸਾ ਅਤੇ ਫ਼ਰੀਦਕੋਟ ਜ਼ਿਲ੍ਹੇ ਸ਼ਾਮਿਲ ਸਨ) ਦੇ ਪ੍ਰਧਾਨ ਬਣੇ। ਉਸ ਸਮੇਂ ਉਨ੍ਹਾਂ ਦੇ ਨਾਲ ਸਰਦਾਰ ਅਵਤਾਰ ਸਿੰਘ ਬਰਾੜ, ਜੋ ਬਾਅਦ ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਵੀ ਬਣੇ, ਜ਼ਿਲ੍ਹਾ ਬਠਿੰਡਾ ਦੇ ਜਨਰਲ ਸਕੱਤਰ ਸਨ। ਸ੍ਰੀ ਪ੍ਰੇਮ ਗੁਪਤਾ ਪੈਪਸੂ ਦੇ ਪ੍ਰਧਾਨ ਸਨ। 1966 ਵਿੱਚ ਪੰਜਾਬ ਦੇ ਮੁਲਾਜ਼ਮਾਂ ਦੀ ਪਹਿਲੀ ਇਤਿਹਾਸਕ ਹੜਤਾਲ ਹੋਈ, ਇਸ ਸਮੇਂ ਨਵਰਾਹੀ ਬਹੁਤ ਸਰਗਰਮ ਰਹੇ। ਹੜਤਾਲ ਸਮੇਂ 37 ਮੁਲਾਜ਼ਮ ਆਗੂਆਂ ਦੇ ਗ੍ਰਿਫਤਾਰੀ ਵਰੰਟ ਕੱਢੇ ਗਏ, ਜਿਨ੍ਹਾਂ ਵਿੱਚ ਨਵਰਾਹੀ ਦਾ ਨਾਂ ਪਹਿਲੇ ਨੰਬਰ ’ਤੇ ਦਰਜ ਸੀ। 1969 ਵਿੱਚ ਨਵਰਾਹੀ ਘੁਗਿਆਣਵੀ ਪੱਕੇ ਤੌਰ ’ਤੇ ਅੰਗਰੇਜ਼ੀ ਦੇ ਲੈਕਚਰਾਰ ਬਣੇ ਅਤੇ ਉਨ੍ਹਾਂ ਜ਼ੀਰਾ, ਤਲਵੰਡੀ ਭਾਈ ਅਤੇ ਫ਼ਰੀਦਕੋਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸੇਵਾਵਾਂ ਦਿੱਤੀਆਂ। 1991 ਵਿੱਚ ਉਨ੍ਹਾਂ ਦੀ ਤਰੱਕੀ ਬਤੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੈਤੋ ਵਿਖੇ ਹੋਈ, ਜਿੱਥੋਂ ਉਹ 31ਅਗਸਤ, 1995 ਨੂੰ ਸੇਵਾ ਮੁਕਤ ਹੋਏ।

ਉਨ੍ਹਾਂ ਦੀ ਪਹਿਲੀਆਂ ਕੁਝ ਕਾਵਿ-ਰਚਨਾਵਾਂ 1956 ਵਿੱਚ ‘ਸੈਨਿਕ ਸਮਾਚਾਰ’ ਦਿੱਲੀ ਵਿੱਚ ਛਪੀਆਂ। ਉਦੋਂ ਉਹ ਫੌਜਾ ਸਿੰਘ ਰਾਹੀ ਦੇ ਨਾਂ ਹੇਠ ਆਪਣੀਆਂ

ਰਚਨਾਵਾਂ ਲਿਖਦੇ ਸਨ। ਸੈਨਿਕ ਸਮਾਚਾਰ ਵਿੱਚ ਪ੍ਰਕਾਸ਼ਿਤ ਇਕ ਰਚਨਾ ਵੰਨਗੀ ਵਜੋਂ ਹਾਜ਼ਰ ਹੈ:-

ਯਾ ਰੱਬ, ਹੁਸਨ ਤੇਰੇ ਦੀਆਂ ਕਿਰਨਾਂ, ਖਿੜੀਆਂ ਚਾਰ ਚੁਫੇਰੇ ਵੇਖਾਂ।
ਅੱਖ ਮਸਤਾਨੀ, ਸੋਹਣੇ ਮੁੱਖੜੇ, ਸ਼ਾਹ ਜ਼ੁਲਫਾਂ ਵਿੱਚ ਘੇਰੇ ਵੇਖਾਂ।
ਨਦੀਆਂ ਨਾਲੇ, ਬਾਗ਼ ਬਾਗੀਚੇ, ਚੰਦ ਸੂਰਜ ਮੈਂ ਤੇਰੇ ਵੇਖਾਂ।
ਤੇਰੇ, ਜਿਹਾ ਕੋਈ ਯਾਰ ਨਾ ਡਿੱਠਾ, ਉਂਜ ਤਾਂ ਯਾਰ ਬਥੇਰੇ ਵੇਖਾਂ।

ਬਾਅਦ ਵਿੱਚ ਉਨ੍ਹਾਂ ਨੇ ਆਪਣਾ ਤੁਖੱਲਸ ਰਾਹੀ ਤੋਂ ਨਵਰਾਹੀ ਕਰ ਲਿਆ ਅਤੇ ਕੁਝ ਸਮੇਂ ਬਾਅਦ ਆਪਣੇ ਪਿੰਡ ਦਾ ਨਾਂ ਘੁਗਿਆਣਾ ਨਵਰਾਹੀ ਨਾਲ ਜੋੜਨ ਕਰਕੇ ਉਹ ਸਾਹਿਤਕ ਜਗਤ ਵਿੱਚ ਨਵਰਾਹੀ ਘੁਗਿਆਣਵੀ ਵਜੋਂ ਪ੍ਰਸਿੱਧ ਹੋ ਗਏ। 1960 ਦੇ ਆਸ ਪਾਸ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਦੇ ਸਾਰੇ ਹੀ ਨਾਮਵਰ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਛਪਣੀਆਂ ਸ਼ੁਰੂ ਹੋ ਗਈਆਂ ਸਨ। ਨਵਰਾਹੀ ਘੁਗਿਆਣਵੀ 1970 ਦੇ ਆਸ-ਪਾਸ ਸਾਹਿਤ ਸਭਾ ਫ਼ਰੀਦਕੋਟ ਨਾਲ ਜੁੜ ਗਏ। ਇਸ ਸਮੇਂ ਉਨ੍ਹਾਂ ਨੂੰ ਰੁਮਾਂਟਿਕ ਕਵੀ ਹਰੀ ਸਿੰਘ ਤਾਂਗੜੀ ਅਤੇ ਲੋਕ ਕਵੀ ਬਿਸਮਿਲ ਫਰੀਦਕੋਟੀ ਤੋਂ ਬਹੁਤ ਪ੍ਰੇਰਨਾ ਅਤੇ ਸੇਧ ਮਿਲੀ।

ਉਨ੍ਹਾਂ ਦੇ ਨਾਲ ਇੱਕ ਲਤੀਫਾ ਵੀ ਜੁੜਿਆ ਹੋਇਆ ਹੈ। ਇੱਕ ਵਾਰ ਕਿਸੇ ਸਾਹਿਤਕ ਸਮਾਗਮ ਦੇ ਪ੍ਰਬੰਧਕਾਂ ਨੇ ਆਪਸ ਵਿੱਚ ਗੱਲ ਕਰਦਿਆਂ ਕਿਹਾ, “ਫੌਜਾ ਸਿੰਘ ਬਰਾੜ ਨੂੰ ਮੈਂ ਸਾਹਿਤਕ ਸਮਾਗਮ ਵਿੱਚ ਆਉਣ ਲਈ ਕਹਿ ਦਿੱਤਾ ਹੈ। ਤੁਸੀਂ ਉਸ ਨੂੰ ਕਹੋ ਕਿ ਉਹ ਫ਼ਰੀਦਕੋਟ ਤੋਂ ਨਵਰਾਹੀ ਅਤੇ ਘੁਗਿਆਣਵੀ ਨੂੰ ਵੀ ਨਾਲ ਲੈ ਕੇ ਆ ਜਾਵੇ।” ਨਵਰਾਹੀ ਘੁਗਿਆਣਵੀ ਨੇ ਲੈਂਡਲਾਈਨ ਫੋਨ ’ਤੇ ਅੱਗੋਂ ਜਵਾਬ ਦਿੱਤਾ ਕਿ “ਅਸੀਂ ਤਿੰਨੇ ਹੀ ਪਹੁੰਚ ਜਾਵਾਂਗੇ।” ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ ‘ਘਾਲਣਾ’ 1971 ਵਿੱਚ ਛਪਿਆ। ਉਨ੍ਹਾਂ ਦਾ ਦੂਸਰਾ ਕਾਵਿ-ਸੰਗ੍ਰਹਿ ‘ਥਲਾਂ ਦੀ ਰੇਤ’ 1981 ਵਿੱਚ ਪ੍ਰਕਾਸ਼ਿਤ ਹੋਇਆ। ਉਨ੍ਹਾਂ ਦਾ ਬਾਲ ਕਾਵਿ-ਸੰਗ੍ਰਹਿ ‘ਲ਼ਗਰਾਂ’ ਬੱਚਿਆਂ ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ 1995 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਉਹ ਛੰਦਬੱਧ ਸ਼ਾਇਰੀ ਦੇ ਹਾਮੀ ਹਨ। ਉਨ੍ਹਾਂ ਨੇ ਸੈਂਕੜੇ ਗੀਤ, ਗ਼ਜ਼ਲਾਂ ਤੇ ਨਜ਼ਮਾਂ ਲਿਖੀਆਂ ਹਨ ਅਤੇ ਨਿਰੰਤਰਤਾ ਨਾਲ ਲਿਖ ਰਹੇ ਹਨ। ਉਨ੍ਹਾਂ ਦੇ ਕਈ ਗੀਤ ਬਹੁਤ ਮਕਬੂਲ ਹੋਏ ਹਨ। ਉਨ੍ਹਾਂ ਦੇ ਇੱਕ ਪ੍ਰਸਿੱਧ ਗੀਤ ਦਾ ਮੁਖੜਾ ਪੇਸ਼ ਹੈ:-

“ਅਸੀਂ ਹੁਣ ਉਨ੍ਹਾਂ ਦਾ ਖਿਆਲ ਛੱਡ ‘ਤਾ।

ਸਾਰਾ ਕੁਝ ਉਮਰਾਂ ਦੇ ਨਾਲ ਛੱਡ 'ਤਾ।"

ਉਨ੍ਹਾਂ ਦੀ ਪ੍ਰਸਿੱਧ ਇਕ ਰੁਬਾਈ ਵੀ ਆਪ ਸਭ ਦੀ ਨਜ਼ਰ ਹੈ:-

ਮੇਰੇ ਘਰ ਤੋਂ, ਤੇਰੇ ਘਰ ਤੱਕ, ਪੰਜ ਮਿੰਟਾਂ ਦਾ ਰਸਤਾ।
ਐਪਰ ਮੈਨੂੰ ਆਉਣਾ ਪੈਂਦਾ, ਆਹਿਸਤਾ ਆਹਿਸਤਾ।
ਕਿਉਂਕਿ ਰਾਹ ਵਿੱਚ ਬੜੀਆਂ ਰੋਕਾਂ, ਟੋਏ, ਟਿੱਬੇ, ਸਹਿਰਾਅ;
'ਨਵਰਾਹੀ' ਕੰਡਿਆਲੀਆਂ ਵਾੜਾਂ, ਵਿੱਚ ਸੁੰਦਰ ਗੁਲਦਸਤਾ।

ਉਨ੍ਹਾਂ ਦਾ 'ਅੰਬੀਆਂ' (ਰੁਬਾਈ-ਸੰਗ੍ਰਹਿ) 2000 ਵਿੱਚ ਅਤੇ 'ਛਹਿਬਰ' (ਗੀਤ-ਸੰਗ੍ਰਹਿ) 2010 ਵਿੱਚ ਪ੍ਰਕਾਸ਼ਿਤ ਹੋਏ ਹਨ। ਉਨ੍ਹਾਂ ਦੇ ਕਾਵਿ-ਵਿਅੰਗ ਸੰਗ੍ਰਹਿ 'ਤਰਕਸ਼', (2012), 'ਗੁਲੇਲ' (2014), 'ਖ਼ਰਖ਼ਰਾ' (2017), 'ਜਾਇਜ਼ਾ' (2018), 'ਜਬੈ ਬਾਣ ਲਾਗ਼ਯੋ' (2021) ਪ੍ਰਕਾਸ਼ਿਤ ਹੋਏ ਹਨ। ਮਾਹੌਲ (2025) ਉਨ੍ਹਾਂ ਦਾ ਨਵ-ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਹੈ। ਇਹ ਸਮੁੱਚਾ ਕਾਵਿ-ਸੰਗ੍ਰਹਿ ਬੈਂਤ ਛੰਦ ਵਿੱਚ ਹੈ। ਨਵਰਾਹੀ ਦੀਆਂ ਰਚਨਾਵਾਂ ਲੱਗਭੱਗ ਇੱਕ ਦਰਜਨ ਸਾਂਝੇ ਕਾਵਿ ਸੰਗ੍ਰਹਿਆਂ ਵਿੱਚ ਵੀ ਸ਼ਾਮਿਲ ਹਨ, ਜਿਨ੍ਹਾਂ ਵਿੱਚ ਸਾਹਿਤ ਸਭਾ ਮਾਨਸਾ ਵੱਲੋਂ ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਜੰਗੀ-ਨਾਦ (1965) ਅਤੇ ਸਾਹਿਤ ਸਭਾ ਫ਼ਰੀਦਕੋਟ ਵੱਲੋ 1986 ਵਿੱਚ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਸਾਹਿਤ ਸੁਗੰਧ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹਨ। ਨਵਰਾਹੀ ਘੁਗਿਆਣਵੀ ਦੀ ਕਵਿਤਾ ਦੀ ਖਾਸ ਵਿਸ਼ੇਸ਼ਤਾ ਹੈ ਕਿ ਉਹ ਸਿੱਧੇ ਸਰੋਤੇ/ਪਾਠਕ ਦੇ ਮਨ ਨੂੰ ਟੁੰਬਦੀ ਹੈ। ਉਨ੍ਹਾਂ ਦੀ ਕਵਿਤਾ ਪੰਜਾਬੀਆਂ ਦੇ ਵਿਲੱਖਣ ਅਤੇ ਹਰਮਨ ਪਿਆਰੇ ਬੈਂਤ ਛੰਦ ਵਿੱਚ ਲੋਕਾਂ ਤੇ ਜਾਦੂਮਈ ਅਸਰ ਕਰਦੀ ਹੈ।

ਨਵਰਾਹੀ ਜੀ ਨੇ ਸਮਾਜਿਕ ਵਰਤਾਰੇ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੀਆਂ ਕਵਿਤਾਵਾਂ ਸਿਰਜ ਕੇ ਅਜੋਕੇ ਸਮਾਜ 'ਤੇ ਕਰਾਰੀ ਚੋਟ ਮਾਰੀ ਹੈ। ਉਨ੍ਹਾਂ ਦੇ ਲਿਖੇ ਹੋਏ ਕਾਵਿ-ਵਿਅੰਗ ਪੰਜਾਬੀ ਦੇ ਪ੍ਰਸਿੱਧ ਅਖ਼ਬਾਰ ਰੋਜ਼ਾਨਾ ਅਜੀਤ ਵਿੱਚ ਹਰ ਐਤਵਾਰ ਪਿਛਲੇ ਇੱਕ ਦਹਾਕੇ ਦੇ ਵੀ ਵੱਧ ਸਮੇਂ ਤੋਂ ਨਿਰੰਤਰਤਾ ਨਾਲ ਛਪਦੇ ਆ ਰਹੇ ਹਨ। ਇਹ ਉਨ੍ਹਾਂ ਦੀ ਕਵਿਤਾ ਦੇ ਹਰਮਨ ਪਿਆਰੀ ਹੋਣ ਦਾ ਸੂਚਕ ਹੈ।

ਨਵਰਾਹੀ ਘੁਗਿਆਣਵੀ ਕਹਿਣੀ ਅਤੇ ਕਥਨੀ ਦੇ ਸੂਰੇ ਹਨ। ਉਹ ਜੋ ਗੱਲ ਕਵਿਤਾ ਵਿੱਚ ਲਿਖਦੇ ਹਨ, ਉਸ 'ਤੇ ਆਪ ਅਮਲ ਵੀ ਕਰਦੇ ਹਨ। ਉਨ੍ਹਾਂ 1980 ਦੇ ਆਸ ਪਾਸ ਸ਼ਰਾਬ ਵਿਰੋਧੀ ਗੀਤ ਲਿਖਿਆ, ਜੋ ਦੂਰਦਰਸ਼ਨ 'ਤੇ ਵੀ ਪੇਸ਼ ਕੀਤਾ ਗਿਆ ਅਤੇ 1981 ਵਿੱਚ ਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਥਲਾਂ ਦੀ ਰੇਤ' ਵਿੱਚ ਵੀ

ਪ੍ਰਕਾਸ਼ਿਤ ਹੋਇਆ। ਇਹ ਗੀਤ ਲਿਖਣ ਤੋਂ ਪਿੱਛੋਂ ਨਵਰਾਹੀ ਨੇ ਪੱਕੇ ਤੌਰ 'ਤੇ ਸ਼ਰਾਬ ਛੱਡ ਦਿੱਤੀ। ਪਹਿਲਾਂ ਭਾਵੇਂ ਉਹ ਛਿਟ ਲਾ ਲੈਂਦੇ ਸਨ। ਗੀਤ ਦੇ ਬੋਲ ਸਨ:-

ਅਸੀਂ ਹੋ ਗਏ ਮਹਾਂ ਸੁਖਾਲੇ,
ਜਦੋਂ ਦੀ ਸ਼ਰਾਬ ਛੱਡ 'ਤੀ।
ਨਾ ਮੱਖੀਆਂ ਹੋਣ ਦੁਆਲੇ,
ਜਦੋਂ ਦੀ ਸ਼ਰਾਬ ਛੱਡ 'ਤੀ।

ਨਵਰਾਹੀ ਘੁਗਿਆਣਵੀ ਨੇ ਬਾਲ ਸਾਹਿਤ ਵਿੱਚ ਵੀ ਜ਼ਿਕਰਯੋਗ ਯੋਗਦਾਨ ਪਾਇਆ ਹੈ। ਇਸ ਖੇਤਰ ਵਿੱਚ ਉਨ੍ਹਾਂ ਦੇ ਬਾਲ ਕਾਵਿ-ਸੰਗ੍ਰਹਿ 'ਮਹਿਤਾਬਨਾਮਾ' (1998), 'ਸੀਰਤਨਾਮਾ' (2004), 'ਗਨੇਰੀਆਂ' (2006), 'ਨਿਮੋਲੀਆਂ' (2007) ਅਤੇ 'ਮਾਸੂਮ' (2009) ਸ਼ਾਮਿਲ ਹਨ।

ਨਵਰਾਹੀ ਘੁਗਿਆਣਵੀ ਨੇ ਬਿਸਮਿਲ ਫ਼ਰੀਦਕੋਟੀ ਦੀ ਸ਼ਾਹਕਾਰ ਰਚਨਾ 'ਖ਼ੌਲਦੇ ਸਾਗਰ' (1975) ਨੂੰ ਪ੍ਰਕਾਸ਼ਿਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਸਾਹਿਤ ਸਭਾ ਫ਼ਰੀਦਕੋਟ ਦੇ ਸਾਂਝੇ ਕਾਵਿ- ਸੰਗ੍ਰਹਿ 'ਸਾਹਿਤ ਸੁਗੰਧ' (1986) ਦੀ ਸੰਪਾਦਨਾ ਵੀ ਕੀਤੀ। ਉਹ 1978 ਤੋਂ 1991 ਤੱਕ ਚੰਡੀਗੜ੍ਹ ਤੋਂ ਛਪਦੇ ਮਾਸਿਕ ਪੱਤਰ 'ਜੀਵਨ ਪ੍ਰੀਤੀ' ਦੇ ਕਵਿਤਾ ਭਾਗ ਦੇ ਆਨਰੇਰੀ ਸੰਪਾਦਕ ਵੀ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਅੰਗਰੇਜ਼ੀ ਕਵਿਤਾਵਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਕੇ 'ਸੰਗਮ' ਨਾਂ ਦਾ ਕਾਵਿ-ਸੰਗ੍ਰਹਿ 2019 ਵਿੱਚ ਪ੍ਰਕਾਸ਼ਤ ਕਰਵਾਇਆ ਹੈ।

ਨਵਰਾਹੀ ਸਾਹਿਬ ਨੂੰ ਭਾਵੇਂ ਦੂਰਦਰਸ਼ਨ 'ਤੇ ਕੁਝ ਵਾਰ ਜਾਣ ਦਾ ਮੌਕਾ ਮਿਲਿਆ ਹੈ, ਪਰ ਉਹ ਬੇਬਾਕੀ ਨਾਲ ਦੱਸਦੇ ਹਨ ਕਿ ਉੱਥੇ ਵੀ ਪ੍ਰੋਡਿਊਸਰਾਂ ਅਧਿਕਾਰੀਆਂ ਦੇ ਚਹੇਤਿਆਂ ਅਤੇ ਜੁਗਾੜੀਆਂ ਨੂੰ ਹੀ ਵੱਧ ਮੌਕੇ ਮਿਲਦੇ ਹਨ, ਜੋ ਕਿ ਮੇਰੇ ਵਰਗੇ ਲੋਕ ਪੱਖੀ ਲੇਖਕ ਲਈ ਸੰਭਵ ਨਹੀਂ ਹੈ। ਇਸ ਕਰਕੇ ਮੈਂ ਦੂਰਦਰਸ਼ਨ ਉੱਪਰ ਜਾਣ ਦਾ ਖਿਆਲ ਹੀ ਛੱਡ ਦਿੱਤਾ ਹੈ। ਲੇਖਕਾਂ ਦੇ ਕਿਰਦਾਰ ਅਤੇ ਵੱਡੇ-ਵੱਡੇ ਇਨਾਮਾਂ-ਸਨਮਾਨਾਂ ਬਾਰੇ ਨਵਰਾਹੀ ਸਾਹਿਬ ਲਿਖਦੇ ਹਨ, "ਇਹ ਇੱਕ ਹਕੀਕਤ ਹੈ ਕਿ ਪੰਜਾਬੀ ਦੇ ਲੇਖਕਾਂ ਦੇ ਕਿਰਦਾਰ ਵਿੱਚ ਬਹੁਤ ਗਿਰਾਵਟ ਆ ਚੁੱਕੀ ਹੈ। ਸਥਾਪਤ ਲੇਖਕ ਆਪਣੇ ਆਪ ਨੂੰ 'ਰੱਬ' ਸਮਝਦੇ ਹਨ। ਇਸੇ ਕਰਕੇ ਵੱਡੇ ਇਨਾਮ ਸਨਮਾਨ (ਜਿਨ੍ਹਾਂ ਵਿੱਚ ਪੈਸਾ ਹੋਵੇ) ਕੇਵਲ ਕੁਝ ਕੁ ਲੇਖਕਾਂ ਲਈ ਹੀ ਰਾਖਵੇਂ ਹਨ। ਖੁਦਦਾਰ ਕਿਸਮ ਦੇ ਲੇਖਕ ਇਸ ਦੌੜ ਵਿੱਚ ਸ਼ਾਮਿਲ ਨਹੀਂ ਹੁੰਦੇ। ਕਹਿੰਦੇ ਨੇ ਜਦੋਂ ਪ੍ਰਿੰਸੀਪਲ

ਸੰਤ ਸਿੰਘ ਸੇਖੋਂ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ ਤਾਂ ਕਿਸੇ ਨੇ ਆਖਿਆ ਕਿ ਤੁਸੀਂ ਇੰਨੇ ਵੱਡੇ ਲੇਖਕ ਹੋ, ਤੁਹਾਨੂੰ ਇਹ ਇਨਾਮ ਇਨ੍ਹਾਂ ਪਛੜ ਕੇ ਕਿਉਂ ਮਿਲਿਐ?, ਤਾਂ ਸੇਖੋਂ ਸਾਹਿਬ ਨੇ ਕਿਹਾ, "ਮੈਂ ਕੋਸ਼ਿਸ਼ ਹੀ ਨਹੀਂ ਕੀਤੀ।"

"ਅੱਛਾ! ਇਹ ਇਨਾਮ ਕੋਸ਼ਿਸ਼ ਨਾਲ ਮਿਲਦੈ?"

"ਹੋਰ ਤੂੰ ਕੀ ਸਮਝਦੈ !" ਸੇਖੋਂ ਨੇ ਬੇਬਾਕ ਟਿੱਪਣੀ ਕੀਤੀ। ਏਸੇ ਤਰ੍ਹਾਂ ਜਦੋਂ ਸਵਰਗੀ ਲੋਕ ਕਵੀ ਬਿਸਮਿਲ ਫ਼ਰੀਦਕੋਟੀ ਦੀ ਮੌਤ ਤੋਂ ਬਾਅਦ ਸਾਹਿਤ ਸਭਾ ਫ਼ਰੀਦਕੋਟ ਨੇ ਹੋਰ ਸਾਹਿਤ ਸਭਾਵਾਂ ਤੇ ਸੱਜਣਾਂ ਦੇ ਸਹਿਯੋਗ ਨਾਲ 1975 ਵਿੱਚ ਬਿਸਮਿਲ ਦਾ ਪੁਖਤਾ ਕਲਾਮ 'ਖ਼ੌਲਦੇ ਸਾਗਰ' ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ, ਤਾਂ ਮੈਂ ਆਪਣੇ ਇੱਕ ਮਿੱਤਰ ਲੇਖਕ ਗੁਰਬਚਨ ਸਿੰਘ ਭੁੱਲਰ ਨੂੰ ਪੁੱਛਿਆ ਕਿ ਸਾਹਿਤ ਅਕਾਦਮੀ ਐਵਾਰਡ ਲਈ ਬਿਸਮਿਲ ਦੀ ਪੁਸਤਕ ਭੇਜ ਦਿਆਂ?

"ਵੇਖੀਂ ਇਹ ਗਲਤੀ ਨਾ ਕਰੀਂ! ਇਹ ਇਨਾਮ ਉਨ੍ਹਾਂ ਨੂੰ ਮਿਲਦੇ ਹਨ ਜੋ ਇਨ੍ਹਾਂ ਨੂੰ ਕੁਝ ਆਪ ਦੇਣ ਜੋਗੇ ਹੋਣ। ਬਿਸਮਲ ਪਾਸ ਤਾਂ ਜਿਉਂਦਿਆਂ ਕੁਝ ਦੇਣ ਨੂੰ ਨਹੀਂ ਸੀ... ਹੁਣ ਉਸ ਨੂੰ ਕਿਸ ਨੇ ਪੁੱਛਣਾ ਹੈ...? ਭੁੱਲਰ ਨੇ ਆਪਣੇ ਸੁਭਾਅ ਮੁਤਾਬਿਕ ਸੱਚ ਕਹਿ ਦਿੱਤਾ।" (ਜਾਇਜ਼ਾ ਪੰਨਾ 10-11)।

ਨਵਰਾਹੀ ਘੁਗਿਆਣਵੀ ਨੂੰ ਬੇਸ਼ਕ ਭਾਸ਼ਾ ਵਿਭਾਗ ਜਾਂ ਕਿਸੇ ਹੋਰ ਸਰਕਾਰੀ ਅਦਾਰੇ ਵੱਲੋਂ ਕੋਈ ਵੱਡਾ ਸਨਮਾਨ ਨਹੀਂ ਮਿਲਿਆ, ਪਰ ਇੱਕ ਵਾਰ ਬਾਬਾ ਫ਼ਰੀਦ ਦੇ ਮੇਲੇ 'ਤੇ ਫ਼ਰੀਦਕੋਟ ਵਿਖੇ ਜ਼ਰੂਰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ। ਹੁਣ ਤੱਕ ਨਵਰਾਹੀ ਘੁਗਿਆਣਵੀ ਨਾਲ ਬਹੁਤ ਸਾਰੀਆਂ ਸਾਹਿਤ ਸਭਾਵਾਂ ਵੱਲੋਂ ਰੂਬਰੂ ਅਤੇ ਸਾਹਿਤਕ ਮਿਲਣੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਨੂੰ ਹੁਣ ਤੱਕ 50 ਦੇ ਕਰੀਬ ਸਾਹਿਤ ਸਭਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਪਿੰਡ-ਪਿੰਡ ਲਾਇਬ੍ਰੇਰੀ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਨਵਰਾਹੀ ਘੁਗਿਆਣਵੀ ਨੇ ਆਪਣੇ ਜੱਦੀ ਪਿੰਡ ਘੁਗਿਆਣਾ ਵਿਖੇ ਆਪਣੇ ਜੱਦੀ ਘਰ ਵਿਖੇ 2003 ਤੋਂ ਮਿਹਰ ਸਿੰਘ ਅਰਜਨ ਸਿੰਘ ਬਰਾੜ ਲਾਇਬ੍ਰੇਰੀ ਬਣਾਈ ਹੋਈ ਹੈ, ਜਿਸ ਤੋਂ ਪਿੰਡ ਵਾਸੀ ਭਰਪੂਰ ਲਾਭ ਉਠਾਉਂਦੇ ਹਨ।

ਨਵਰਾਹੀ ਘੁਗਿਆਣਵੀ ਜੀ ਦੀ ਜੀਵਨ ਸਾਥਣ ਸ੍ਰੀਮਤੀ ਅਮਰਜੀਤ ਕੌਰ

ਬਰਾੜ ਵੀ ਸਿੱਖਿਆ ਵਿਭਾਗ ਪੰਜਾਬ ਵਿੱਚੋਂ ਲੈਕਚਰਾਰ ਵਜੋਂ ਸੇਵਾ ਮੁਕਤ ਹੋਏ ਹਨ। ਨਵਜੀਤ ਸਿੰਘ ਬਰਾੜ ਇੰਜੀਨੀਅਰ ਉਨ੍ਹਾਂ ਦਾ ਇਕਲੌਤਾ ਸਪੁੱਤਰ ਹੈ, ਜੋ ਪਰਿਵਾਰ ਸਮੇਤ ਅਮਰੀਕਾ ਵਿਖੇ ਰਹਿ ਰਿਹਾ ਹੈ। ਨਵਰਾਹੀ ਘੁਗਿਆਣਵੀ ਨੇ ਅੱਜ ਕੱਲ੍ਹ ਆਪਣੀ ਰਿਹਾਇਸ਼ ਪੱਕੇ ਤੌਰ ’ਤੇ ਨਹਿਰ ਨਜ਼ਾਰਾ, ਨਵਾਂ ਹਰਿੰਦਰਾ ਨਗਰ, ਫਰੀਦਕੋਟ ਵਿਖੇ ਰੱਖੀ ਹੋਈ ਹੈ।

ਪੰਜਾਬ ਦੇ ਲੋਕ ਪੱਖੀ ਕਵੀ ਨਵਰਾਹੀ ਘੁਗਿਆਣਵੀ ਤੋਂ ਪੰਜਾਬੀ ਸਾਹਿਤ ਨੂੰ ਬਹੁਤ ਸਾਰੀਆਂ ਆਸਾਂ ਹਨ। ਅਸੀਂ ਉਨ੍ਹਾਂ ਦੀ ਲੰਮੀ ਅਤੇ ਸਿਹਤਯਾਬ ਉਮਰ ਦੀ ਕਾਮਨਾ ਕਰਦੇ ਹਾਂ।

---

**ਨੋਟ:** ਬਹੁਤ ਹੀ ਖੇਦ ਨਾਲ ਲਿਖਣਾ ਪੈ ਰਿਹਾ ਹੈ ਕਿ ਲੋਕ ਕਵੀ ਨਵਰਾਹੀ ਘੁਗਿਆਣਵੀ 18 ਫ਼ਰਵਰੀ, 2026 ਨੂੰ ਅਕਾਲ ਚਲਾਣਾ ਕਰ ਗਏ।

# ਪਾਲ ਗੁਰਦਾਸਪੁਰੀ



ਮਹਿੰਦਰ ਪਾਲ ਜਿਨ੍ਹਾਂ ਦਾ ਸਾਹਿਤਕ ਨਾਮ ਪਾਲ ਗੁਰਦਾਸਪੁਰੀ ਹੈ, ਲਗਭਗ ਪਿਛਲੀ ਅੱਧੀ ਸਦੀ ਤੋਂ ਸਾਹਿਤਕ ਖੇਤਰ ਵਿੱਚ ਸਰਗਰਮ ਹਨ। ਉਨ੍ਹਾਂ ਦਾ ਜਨਮ ਸਰਕਾਰੀ ਰਿਕਾਰਡ ਅਨੁਸਾਰ ਪਹਿਲੀ ਮਾਰਚ 1957 ਨੂੰ ਪਿਤਾ ਸ਼੍ਰੀ ਚਰਨ ਦਾਸ ਅਤੇ ਮਾਤਾ ਦਲਵੀਰ ਕੌਰ ਦੇ ਗ੍ਰਹਿ ਵਿਖੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵਾੜਾ ਬੇ-ਚਿਰਾਗ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਖੇਤੀਬਾੜੀ ਦਾ ਕਿੱਤਾ ਕਰਿਆ ਕਰਦੇ ਸਨ ਅਤੇ ਮਹਿੰਦਰ ਪਾਲ ਹੋਰੀਂ ਤਿੰਨ ਭਰਾ ਹਨ। ਉਨ੍ਹਾਂ ਨੇ 1965 ਵਿੱਚ ਪੰਜਵੀਂ ਜਮਾਤ ਗੌਰਮਿੰਟ ਪ੍ਰਾਇਮਰੀ ਸਕੂਲ ਭੰਗਵਾਂ ਤੋਂ ਕੀਤੀ। ਉਨ੍ਹਾਂ 1971 ਵਿੱਚ ਮੈਟ੍ਰਿਕ ਦਾ ਇਮਤਿਹਾਨ ਮਹਾਤਮਾ ਗਾਂਧੀ ਮੈਮੋਰੀਅਲ ਸਕੂਲ ਗੁਰਦਾਸਪੁਰ ਤੋਂ ਪਾਸ ਕੀਤਾ। ਬਾਅਦ ਵਿੱਚ ਉਹ ਗਰੈਜੂਏਸ਼ਨ ਕਰਨ ਲਈ ਗੌਰਮਿੰਟ ਕਾਲਜ ਗੁਰਦਾਸਪੁਰ ਵਿੱਚ ਪੜ੍ਹਨ ਲੱਗ ਪਏ। ਉਨ੍ਹਾਂ 1973 ਵਿੱਚ ਕਾਲਜ ਦੀ ਪੜ੍ਹਾਈ ਅੱਧਵਾਟੇ ਛੱਡ ਕੇ 1973-75 ਦੇ ਸੈਸ਼ਨ ਦੌਰਾਨ ਨਾਰਮਲ ਸਕੂਲ ਗੁਰਦਾਸਪੁਰ ਤੋਂ ਜੇ.ਬੀ.ਟੀ.ਕੀਤੀ ਅਤੇ ਬਾਅਦ ਵਿੱਚ ਗ੍ਰੈਜੂਏਸ਼ਨ ਪੂਰੀ ਕੀਤੀ। ਜੇ.ਬੀ.ਟੀ.ਕਰਨ ਤੋਂ ਪਿੱਛੋਂ ਉਨ੍ਹਾਂ ਦੀ ਪਹਿਲੀ ਨਿਯੁਕਤੀ ਪ੍ਰਾਇਮਰੀ ਟੀਚਰ ਵਜੋਂ ਸਰਕਾਰੀ ਪ੍ਰਾਇਮਰੀ ਸਕੂਲ ਸਦਾਨਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਈ। ਉਨ੍ਹਾਂ ਲਗਭਗ ਸਵਾ ਸਾਲ ਪ੍ਰਾਇਮਰੀ ਅਧਿਆਪਕ ਵਜੋਂ ਨੌਕਰੀ ਕੀਤੀ।

ਇਸ ਤੋਂ ਪਿੱਛੋਂ ਉਨ੍ਹਾਂ ਦੀ ਚੋਣ ਸਟੇਟ ਬੈਂਕ ਆਫ ਇੰਡੀਆ ਦੀ ਨੌਕਰੀ ਲਈ ਹੋ ਗਈ। ਉਨ੍ਹਾਂ ਦੀ ਬੈਂਕ ਵਿੱਚ ਪਹਿਲੀ ਨਿਯੁਕਤੀ ਜਨਵਰੀ 1977 ਵਿੱਚ ਕਲਰਕ-ਕਮ-ਕੈਸ਼ੀਅਰ ਵਜੋਂ ਸ਼ਾਖਾ ਜਹਾਂਗੀਰਪੁਰੀ ਦਿੱਲੀ ਵਿਖੇ ਹੋਈ। ਬਾਅਦ ਵਿੱਚ ਤਰੱਕੀ ਉਪਰੰਤ ਉਹ ਆਪਣੇ ਜੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਕਸਬਾ ਦੀਨਾ ਨਗਰ ਵਿਖੇ ਬੈਂਕ ਵਿੱਚ ਬਤੌਰ ਸਹਾਇਕ ਪ੍ਰਬੰਧਕ ਨਿਯੁਕਤ ਰਹੇ। ਉਹ 1997 ਵਿਚ ਵਿਚ ਤਰੱਕੀ ਕਰਕੇ ਡਿਪਟੀ ਮੈਨੇਜਰ ਬਣੇ ਅਤੇ ਸਦਰ ਮੁਕਾਮ ਗੁਰਦਾਸਪੁਰ ਵਿਖੇ ਨਿਯੁਕਤ ਰਹੇ। 2003 ਵਿੱਚ ਉਨ੍ਹਾਂ ਦੀ ਨਿਯੁਕਤੀ ਬਤੌਰ ਬਰਾਂਚ ਮੈਨੇਜਰ ਚੰਬਾ (ਹਿਮਾਚਲ ਪ੍ਰਦੇਸ਼)

ਵਿਖੇ ਹੋਈ। 2013 ਵਿੱਚ ਉਹ ਮੁੱਖ ਪ੍ਰਬੰਧਕ (ਪ੍ਰਸ਼ਾਸਨ) ਬਣੇ। ਬੈਂਕਿੰਗ ਸੇਵਾਵਾਂ ਵਿੱਚ ਵਧੀਆ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਕਈ ਸਨਮਾਨ ਮਿਲੇ ਅਤੇ 2014 ਵਿੱਚ ਚੈੱਕ ਰੀਪਬਲਿਕ ਦੇ ਸ਼ਹਿਰ ਪਰਾਗ ਦਾ ਟੂਰ ਬੈਂਕ ਵੱਲੋਂ ਦਿੱਤਾ ਗਿਆ। 30 ਅਪ੍ਰੈਲ, 2017 ਨੂੰ ਉਹ ਸਟੇਟ ਬੈਂਕ ਆਫ ਇੰਡੀਆ ਦੀਆਂ ਸੇਵਾਵਾਂ ਤੋਂ ਸੇਵਾ ਮੁਕਤ ਹੋਏ।

ਉਨ੍ਹਾਂ ਦੀ ਸ਼ਾਦੀ 1980 ਵਿੱਚ ਜੇ.ਬੀ.ਟੀ. ਅਧਿਆਪਕਾ ਦਰਸ਼ਨ ਕੌਰ ਨਾਲ ਹੋਈ। ਉਨ੍ਹਾਂ ਦੀ ਪਰਿਵਾਰਕ ਫੁਲਵਾੜੀ ਵਿੱਚ ਦੋ ਬੇਟੇ ਹਨ। ਇੱਕ ਬੇਟੇ ਦੀ ਪਠਾਨਕੋਟ ਵਿਖੇ ਇਲੈਕਟਰੋਨਿਕਸ ਦੀ ਦੁਕਾਨ ਹੈ। ਉਨ੍ਹਾਂ ਦਾ ਦੂਸਰਾ ਬੇਟਾ ਆਸਟਰੇਲੀਆ ਦੇ ਮੈਲਬੌਰਨ ਸ਼ਹਿਰ ਵਿਖੇ ਰਹਿ ਰਿਹਾ ਹੈ। 1986 ਵਿੱਚ ਪਾਲ ਗੁਰਦਾਸਪੁਰੀ ਨੇ ਪਠਾਨਕੋਟ ਵਿਖੇ ਆਪਣਾ ਘਰ ਬਣਾ ਲਿਆ ਸੀ ਅਤੇ1990 ਤੋਂ ਪਾਲ ਗੁਰਦਾਸਪੁਰੀ ਨੇ ਆਪਣੀ ਰਿਹਾਇਸ਼ ਪੱਕੇ ਤੌਰ 'ਤੇ ਪਠਾਨਕੋਟ ਵਿਖੇ ਕੀਤੀ ਹੋਈ ਹੈ।

1977 ਵਿੱਚ ਜਲੰਧਰ ਤੋਂ ਪ੍ਰਕਾਸ਼ਿਤ ਹੁੰਦੇ ਰੋਜ਼ਾਨਾ ਅਜੀਤ ਵਿੱਚ ਉਨ੍ਹਾਂ ਦੀ ਪਹਿਲੀ ਕਾਵਿ ਰਚਨਾ ਛਪੀ, ਜਿਸ ਨਾਲ ਉਨ੍ਹਾਂ ਨੂੰ ਸਾਹਿਤ ਰਚਨਾ ਕਰਨ ਲਈ ਹੋਰ ਉਤਸ਼ਾਹ ਮਿਲਿਆ। ਸਾਹਿਤਕ ਝੁਕਾਅ ਕਰਕੇ ਪਾਲ ਗੁਰਦਾਸਪੁਰੀ ਨੇ ਦਿੱਲੀ ਰਹਿੰਦਿਆਂ ਆਪਣੇ ਨੌਕਰੀ ਦੇ ਕਾਰਜਕਾਲ ਦੌਰਾਨ ਕਈ ਮੁਲਾਕਾਤਾਂ ਅੰਮ੍ਰਿਤਾ ਪ੍ਰੀਤਮ ਨਾਲ ਕੀਤੀਆਂ। ਉਹ ਅੰਮ੍ਰਿਤਾ ਅਤੇ ਇਮਰੋਜ਼ ਦੀ ਮੇਜ਼ਬਾਨੀ ਤੋਂ ਬਹੁਤ ਪ੍ਰਭਾਵਿਤ ਹੋਏ। ਉਹ ਅੰਮ੍ਰਿਤਾ ਪ੍ਰੀਤਮ ਦੇ ਪ੍ਰਭਾਵ ਹੇਠ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਗਏ। ਉਨ੍ਹਾਂ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਨੂੰ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਸਾਹਿਤਕ ਮੈਗਜ਼ੀਨ 'ਨਾਗਮਣੀ' ਵਿੱਚ ਛਾਪਿਆ। ਉਨ੍ਹਾਂ ਦੀਆਂ ਗ਼ਜ਼ਲਾਂ ਨੀਲਮਣੀ, ਪ੍ਰੀਤ ਲੜੀ, ਲੋਅ, ਸਾਹਿਤਕਾਰ, ਜਨ ਸਾਹਿਤ, ਪੰਜਾਬੀ ਡਾਈਜੈਸਟ ਸਮੇਤ ਬਹੁਤ ਸਾਰੇ ਸਾਹਿਤਕ ਮੈਗਜ਼ੀਨਾਂ ਅਤੇ ਅਖਬਾਰਾਂ ਵਿੱਚ ਛਪਦੀਆਂ ਰਹੀਆਂ/ਰਹਿੰਦੀਆਂ ਹਨ। ਪਾਲ ਗੁਰਦਾਸਪੁਰੀ ਨੇ 'ਪੰਜਾਬੀ ਗ਼ਜ਼ਲਾਂ ਤੇ ਸ਼ੇਅਰੋ ਸ਼ਾਇਰੀ' ਕਾਵਿ-ਸੰਗ੍ਰਹਿ ਨਾਲ 1976 ਵਿੱਚ ਪੰਜਾਬੀ ਸਾਹਿਤ ਜਗਤ ਵਿੱਚ ਦਸਤਕ ਦਿੱਤੀ। ਇਸ ਤੋਂ ਪਿੱਛੋਂ 1978 ਵਿੱਚ ਉਨ੍ਹਾਂ ਨੇ 'ਕੰਵਾਰੀਆਂ ਸੱਧਰਾਂ' ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾਇਆ। 1979 ਵਿੱਚ ਉਨ੍ਹਾਂ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਜਨਾਬ ਦੀਪਕ ਜੈਤੋਈ ਸਾਹਿਬ ਨੂੰ ਗੁਰੂ ਧਾਰਿਆ ਅਤੇ ਉਨ੍ਹਾਂ ਤੋਂ ਗ਼ਜ਼ਲ ਦੀਆਂ ਬਾਰੀਕੀਆਂ

ਨੂੰ ਸਮਝਿਆ। ਦੀਪਕ ਜੈਤੋਈ ਸਾਹਿਬ ਨੇ ਹੀ ਮਹਿੰਦਰ ਪਾਲ ਨੂੰ ਸਾਹਿਤਕ ਨਾਮ ਪਾਲ ਗੁਰਦਾਸਪੁਰੀ ਦਿੱਤਾ। ਉਸ ਸਮੇਂ ਅੰਮ੍ਰਿਤਸਰ ਤੋਂ ਉਸਤਾਦ ਗ਼ਜ਼ਲਗੋ ਪ੍ਰਿੰਸੀਪਲ ਤਖ਼ਤ ਸਿੰਘ ਜੀ ਦੀ ਸੰਪਾਦਨਾ ਹੇਠ ਸਾਹਿਤਕ ਮੈਗਜ਼ੀਨ 'ਸਾਹਿਤਕਾਰ' ਪ੍ਰਕਾਸ਼ਿਤ ਹੁੰਦਾ ਸੀ, ਜਿਸ ਵਿੱਚ ਉਸਤਾਦ ਗ਼ਜ਼ਲਗੋ ਪ੍ਰਿੰਸੀਪਲ ਤਖ਼ਤ ਸਿੰਘ ਜੀ ਹਰ ਮਹੀਨੇ ਪੰਜਾਬ ਦੇ ਵੱਖ-ਵੱਖ ਗ਼ਜ਼ਲਕਾਰਾਂ ਦੀਆਂ ਅੱਠ ਚੋਣਵੀਆਂ ਗ਼ਜ਼ਲਾਂ ਛਾਪਦੇ ਹੁੰਦੇ ਸਨ ਤੇ ਇਸ ਤਰ੍ਹਾਂ ਸਾਲ ਵਿੱਚ 96 ਗ਼ਜ਼ਲਾਂ ਛਪ ਜਾਂਦੀਆਂ ਸਨ। ਉਨ੍ਹਾਂ ਵਿੱਚੋਂ ਕੁਝ ਗ਼ਜ਼ਲਾਂ ਸਨਮਾਨ ਲਈ ਚੁਣੀਆਂ ਜਾਂਦੀਆਂ ਸਨ। 1980 ਵਿੱਚ ਪਾਲ ਗੁਰਦਾਸਪੁਰੀ ਨੂੰ ਉਨ੍ਹਾਂ ਦੀ 'ਸਾਹਿਤਕਾਰ' ਮੈਗਜ਼ੀਨ ਵਿੱਚ ਛਪੀ ਗ਼ਜ਼ਲ ਲਈ ਹਬੀਬ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਦੀਪਕ ਜੈਤੋਈ ਜੀ ਦੇ ਲੜ ਲੱਗਣ ਤੋਂ ਬਾਅਦ ਪਾਲ ਗੁਰਦਾਸਪੁਰੀ ਨੇ ਪੰਜਾਬੀ ਸਾਹਿਤ ਨੂੰ ਹੁਣ ਤੱਕ ਪੰਜ ਗ਼ਜ਼ਲ ਸੰਗ੍ਰਹਿ ਦਿੱਤੇ- 'ਜਿਸ ਤਨ ਲਾਗੇ' (1980), 'ਰੋਹਿਤ ਰਿਸ਼ਮਾਂ' (1985), 'ਮਹਿਕੋਂ ਵਿਰਵੇ ਮੌਸਮ' (1997), 'ਅਕਸ ਕੰਬਦਾ' (2017) ਅਤੇ 'ਲਫਜ਼ਾਂ ਤੋਂ ਪਾਰ' (2024)। 1988 ਵਿੱਚ ਉਨ੍ਹਾਂ ਨੇ ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਸੰਪਾਦਿਤ 'ਕਲਮਾਂ ਦਾ ਕਾਫ਼ਲਾ' ਕਾਵਿ-ਸੰਗ੍ਰਹਿ ਲਈ ਸਹਿ ਸੰਪਾਦਕ ਦੀ ਭੂਮਿਕਾ ਵੀ ਨਿਭਾਈ ਹੈ।

ਪਾਲ ਗੁਰਦਾਸਪੁਰੀ ਦੋ ਦਹਾਕੇ ਦੇ ਕਰੀਬ ਲੋਕ ਲਿਖਾਰੀ ਸਭਾ ਗੁਰਦਾਸਪੁਰ ਦੇ ਜਨਰਲ ਸਕੱਤਰ ਰਹੇ ਹਨ। ਇਸ ਤੋਂ ਇਲਾਵਾ ਵੀ ਉਹ ਗੁਰਦਾਸਪੁਰ ਅਤੇ ਪਠਾਨਕੋਟ ਦੀਆਂ ਕਈ ਹੋਰ ਸਾਹਿਤ ਸਭਾਵਾਂ ਨਾਲ ਜੁੜੇ ਹੋਏ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜੀਵਨ ਮੈਂਬਰ ਹਨ। ਉਨ੍ਹਾਂ ਨੂੰ ਬਹੁਤ ਸਾਰੀਆਂ ਸਾਹਿਤ ਸਭਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਬੀਤੇ ਦਿਨਾਂ ਦੌਰਾਨ ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਵੱਲੋਂ ਉਨ੍ਹਾਂ ਨੂੰ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਯਾਦਗਾਰੀ ਸਨਮਾਨ ਨਾਲ ਨਿਵਾਜਿਆ ਗਿਆ ਹੈ। 23 ਨਵੰਬਰ, 2025 ਨੂੰ ਉਨ੍ਹਾਂ ਨੂੰ ਉੱਘੇ ਗ਼ਜ਼ਲਗੋ ਗੁਰਚਰਨ ਸਿੰਘ ਤਖ਼ਤਰ ਯਾਦਗਾਰੀ ਸਾਹਿਤਕ ਮੰਚ ਮੋਗਾ ਵੱਲੋਂ ਚੌਥੇ ਗੁਰਚਰਨ ਸਿੰਘ ਤਖ਼ਤਰ ਗ਼ਜ਼ਲ ਐਵਾਰਡ ਨਾਲ ਸਨਮਾਨਿਆ ਗਿਆ ਹੈ।

ਪਾਲ ਗੁਰਦਾਸਪੁਰੀ ਸਥਾਪਿਤ ਗ਼ਜ਼ਲਗੋ ਹੋਣ ਤੋਂ ਇਲਾਵਾ ਸਫਲ ਖਿਡਾਰੀ ਵੀ ਰਹੇ ਹਨ। ਉਹ ਸਟੇਟ ਬੈਂਕ ਆਫ ਇੰਡੀਆ ਵੱਲੋਂ ਉੱਤਰੀ ਭਾਰਤ ਸਰਕਲ ਵਿੱਚ ਖੇਡਦੇ ਰਹੇ ਹਨ। ਚੰਡੀਗੜ੍ਹ ਸਰਕਲ ਵੱਲੋਂ ਉਨ੍ਹਾਂ ਨੂੰ ਵੱਖ-ਵੱਖ ਸਾਲਾਂ ਵਿੱਚ ਪੰਜ ਵਾਰ

ਸਰਵੋਤਮ ਅਥਲੀਟ ਹੋਣ ਦਾ ਮਾਣ ਵੀ ਹਾਸਿਲ ਹੈ। ਉਨ੍ਹਾਂ ਦੇ ਦੋਵੇਂ ਬੇਟੇ ਵੀ ਕ੍ਰਿਕਟ ਦੀ ਖੇਡ ਨਾਲ ਜੁੜੇ ਹੋਏ ਹਨ।

ਪਾਲ ਗੁਰਦਾਸਪੁਰੀ ਦਾ ਮੰਨਣਾ ਹੈ ਕਿ ਨਵੇਂ ਗ਼ਜ਼ਲਕਾਰਾਂ ਨੂੰ ਆਪਣੀਆਂ ਗ਼ਜ਼ਲਾਂ ਦੀ ਇਸਲਾਹ ਕਿਸੇ ਉਸਤਾਦ ਗ਼ਜ਼ਲਗੋ ਕੋਲੋਂ ਕਰਵਾਉਣੀ ਚਾਹੀਦੀ ਹੈ। ਪਾਲ ਗੁਰਦਾਸਪੁਰੀ ਗ਼ਜ਼ਲਕਾਰੀ ਦੇ ਖੇਤਰ ਵਿੱਚ ਉਸਤਾਦੀ ਸ਼ਾਗਿਰਦੀ ਦੀ ਪਰੰਪਰਾ ਨੂੰ ਜ਼ਰੂਰੀ ਸਮਝਦਾ ਹੈ। ਪਾਲ ਗੁਰਦਾਸਪੁਰੀ ਨੇ ਗ਼ਜ਼ਲ ਦੇ ਸਿਖਿਆਰਥੀਆਂ ਲਈ ਬਹੁਤ ਹੀ ਸਰਲ ਅਤੇ ਸੁਖੈਨ ਭਾਸ਼ਾ ਵਿੱਚ ਗ਼ਜ਼ਲ ਦੀ ਬਣਤਰ ਬਾਰੇ ਪੁਸਤਕ 'ਮਫ਼ਊਲ ਫ਼ੇਲੁਨ ਫ਼ਾਇਲੁਨ' (ਪੰਜਾਬੀ ਗ਼ਜ਼ਲ ਅਰੂਜ਼) 2023 ਵਿੱਚ ਲਿਖੀ ਹੈ। ਪੁਸਤਕ ਵਿੱਚ ਉਸ ਨੇ ਨਵੇਂ ਗ਼ਜ਼ਲ ਸਿਖਿਆਰਥੀਆਂ ਦੀ ਸਹੂਲਤ ਲਈ 22 ਗ਼ਜ਼ਲਗੋਆਂ ਦੀਆਂ ਗ਼ਜ਼ਲਾਂ ਦੀ ਤਕਤੀਹ ਕਰਕੇ ਵੀ ਦੱਸਿਆ ਹੈ। ਪਾਲ ਗੁਰਦਾਸਪੁਰੀ ਪੂਰੀ ਤਰ੍ਹਾਂ ਗ਼ਜ਼ਲ ਨੂੰ ਸਮਰਪਿਤ ਸਮਰੱਥ ਸ਼ਾਇਰ ਹੈ। ਪਾਲ ਗੁਰਦਾਸਪੁਰੀ ਗ਼ਜ਼ਲ ਦੇ ਮਿਜ਼ਾਜ ਅਤੇ ਤਕਨੀਕ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਸਦੀਆਂ ਗਜ਼ਲਾਂ ਵਿੱਚ ਸੋਚ ਦੀ ਪੁਖਤਗੀ, ਠੋਸ ਵਿਚਾਰ ਅਤੇ ਬਿਆਨ ਦੀ ਸਪੱਸ਼ਟਤਾ ਹੈ। ਉਸ ਕੋਲ ਕੇਵਲ ਵਿਸ਼ਾਲ ਸ਼ਬਦ ਭੰਡਾਰ ਹੀ ਨਹੀਂ ਹੈ, ਸਗੋਂ ਉਸ ਨੂੰ ਖ਼ੂਬਸੂਰਤੀ ਨਾਲ ਪ੍ਰਗਟਾਉਣ ਦਾ ਹੁਨਰ ਵੀ ਹੈ। ਆਓ ਉਸਦੀਆਂ ਵੱਖ-ਵੱਖ ਗ਼ਜ਼ਲਾਂ ਦੇ ਕੁਝ ਸ਼ਿਅਰਾਂ ਦਾ ਆਨੰਦ ਮਾਣੀਏ:-

ਘਰਾਂ ਨੂੰ ਮੋੜ ਲਿਆਏ ਜੋ ਸਾੜਨੇ ਸੀ ਅਸੀਂ,
ਉਹ ਜੋ ਸੜੇ ਸੀ ਦੁਸਹਿਰੇ, ਸੀ ਕਾਗਜ਼ੀ ਚਿਹਰੇ।

***

ਗ਼ਮਲਿਆਂ ਵਿੱਚ ਲਾ ਕੇ ਬੂਟੇ ਬਖਸ਼ਦੈ ਧਰਵਾਸ ਨਾਲ,
ਜ਼ਿੰਦਗੀ ਏਦਾਂ ਗੁਜ਼ਰ ਜਾਣੀ ਹੈ ਛਾਂ ਦੀ ਆਸ ਨਾਲ।

***

ਦਾਇਰਿਆਂ ਵਿੱਚ ਕੈਦ ਹਉਮੈ ਸੋਚ ਮਗ਼ਰੂਰੀ ਬੜੀ।
ਹਾਸ਼ੀਏ ਤੇ ਸੱਚ ਨਾਲੋਂ ਤਾਂ ਬਣੀ ਦੂਰੀ ਬੜੀ।

***

ਸੀ ਅਕਸ ਕੰਬਦਾ, ਮੈਂ ਵੇਖਦਾ ਰਿਹਾ ਪਾਣੀ।
ਮੈਂ ਤਿੜਕਿਆ ਹਾਂ, ਇਹ ਤਸਦੀਕ ਕਰ ਗਿਆ ਪਾਣੀ।

***

ਅਸੀਂ ਟੁੱਟਦੇ ਸਿਤਾਰੇ ਵਾਂਗ ਬੇਸ਼ਕ ਪਲ ਗੁਜ਼ਾਰਾਂਗੇ।
ਪਰ ਐਨਾ ਫ਼ਖਰ ਹੈ ਕਿ ਮਰਨ ਤੱਕ ਚਾਨਣ ਖਲਾਰਾਂਗੇ।

ਪਾਲ ਗੁਰਦਾਸਪੁਰੀ ਜੀ ਦੇ ਬਾਰੇ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਜੀ ਲਿਖਦੇ ਹਨ, "ਉਹ ਉਨ੍ਹਾਂ ਗ਼ਜ਼ਲਕਾਰਾਂ ਤੋਂ ਅਲੱਗ ਹੈ, ਜਿਹੜੇ ਸਿਰਫ਼ ਕਾਫ਼ੀਆ ਤੇ ਰਦੀਫ਼ ਤੱਕ ਸੀਮਤ ਹਨ। ਉਹ ਮਹਿਸੂਸ ਕਰਦਾ ਹੈ ਕਿ ਹਰ ਗ਼ਜ਼ਲ ਵਿੱਚ ਕੁਝ ਲਾਵੇ ਵਰਗਾ ਵੀ ਹੋਣਾ ਚਾਹੀਦਾ ਹੈ ਤੇ ਉਸ ਨੂੰ ਪੜ੍ਹਦੇ ਸਾਰ ਪਾਠਕ ਅੰਦਰ ਹਲਚਲ ਮੱਚਣੀ ਜ਼ਰੂਰੀ ਹੈ। ਆਪਣੇ ਕਥਨ ਨੂੰ ਉਹ ਆਪਣੀ ਲੇਖਣੀ ਵਿੱਚ ਸਾਬਤ ਕਰਦਾ ਵੀ ਦਿਖਾਈ ਦਿੰਦਾ ਹੈ। ਜੇ ਦੇਖਣਾ ਹੋਵੇ ਕਿ ਗ਼ਜ਼ਲ ਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਨਵੀਨਤਾ ਕਿਵੇਂ ਪੈਦਾ ਕੀਤੀ ਜਾ ਸਕਦੀ ਹੈ ਤਾਂ ਪਾਲ ਗੁਰਦਾਸਪੁਰੀ ਦੀਆਂ ਗ਼ਜ਼ਲਾਂ ਪੜ੍ਹਨੀਆਂ ਚਾਹੀਦੀਆਂ ਹਨ।" ਪਾਲ ਗੁਰਦਾਸਪੁਰੀ ਦਾ ਨਵੇਂ ਗ਼ਜ਼ਲਗੋਆਂ ਨੂੰ ਮਸ਼ਵਰਾ ਹੈ ਕਿ ਗ਼ਜ਼ਲ ਵਿੱਚ ਗਲਤੀਆਂ ਐਬਾਂ ਤੋਂ ਬਚਿਆ ਜਾਵੇ ਤਾਂ ਹੀ ਮਾਂ ਬੋਲੀ ਪੰਜਾਬੀ ਦੀ ਅਸਲੀ ਸੇਵਾ ਹੋ ਸਕਦੀ ਹੈ। ਪੰਜਾਬੀ ਸਾਹਿਤ ਜਗਤ ਨੂੰ ਸਮਰੱਥ ਗ਼ਜ਼ਲਗੋ ਪਾਲ ਗੁਰਦਾਸਪੁਰੀ ਜੀ ਤੋਂ ਬਹੁਤ ਆਸਾਂ ਤੇ ਉਮੀਦਾਂ ਹਨ।

ਮੋਬਾਇਲ : 99882-64707

# ਪ੍ਰਿੰਸੀਪਲ ਬਹਾਦਰ ਸਿੰਘ ਗੋਸਲ



ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਉੱਘੇ ਪੰਜਾਬੀ ਲੇਖਕ ਅਤੇ ਬਾਲ ਸਾਹਿਤਕਾਰ ਹਨ। ਉਨ੍ਹਾਂ ਦਾ ਜਨਮ 8 ਅਪ੍ਰੈਲ, 1949 ਨੂੰ ਪਿਤਾ ਸਰਦਾਰ ਰਾਮ ਸਿੰਘ ਅਤੇ ਮਾਤਾ ਸ਼੍ਰੀਮਤੀ ਧੰਨ ਕੌਰ ਜੀ ਦੇ ਗ੍ਰਹਿ ਵਿਖੇ ਪਿੰਡ ਗੋਸਲਾਂ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਨ੍ਹਾਂ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ 1965 ਵਿੱਚ ਸਰਕਾਰੀ ਹਾਈ ਸਕੂਲ ਮਾਨੂੰਪੁਰ, ਜ਼ਿਲ੍ਹਾ ਲੁਧਿਆਣਾ ਤੋਂ ਦਸਵੀਂ ਜਮਾਤ ਪਾਸ ਕੀਤੀ ਅਤੇ ਏ.ਐਸ. ਕਾਲਜ ਖੰਨਾ ਤੋਂ ਬੀ.ਐਸ.ਸੀ. ਕੀਤੀ। ਉਨ੍ਹਾਂ ਬੀ.ਐਡ. ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਸੈਕਟਰ 20-ਡੀ ਚੰਡੀਗੜ੍ਹ ਤੋਂ ਕੀਤੀ। ਉਨ੍ਹਾਂ ਐਮ.ਐਡ., ਐਮ.ਏ. (ਹਿਸਟਰੀ ਅਤੇ ਪਬਲਿਕ ਐਡਮਿਨਿਸਟਰੇਸ਼ਨ) ਸਮੇਤ ਕਈ ਹੋਰ ਕੋਰਸ ਵੀ ਕੀਤੇ ਹੋਏ ਹਨ।

1972 ਵਿੱਚ ਉਨ੍ਹਾਂ ਦੀ ਨਿਯੁਕਤੀ ਸਾਇੰਸ ਮਾਸਟਰ ਵਜੋਂ ਸਰਕਾਰੀ ਮਿਡਲ ਸਕੂਲ ਬਡਹੇੜੀ ਚੰਡੀਗੜ੍ਹ ਵਿੱਚ ਹੋਈ। ਬਾਅਦ ਵਿੱਚ ਚੰਡੀਗੜ੍ਹ ਦੇ ਵੱਖ-ਵੱਖ ਸਕੂਲਾਂ ਵਿੱਚ ਸੇਵਾ ਨਿਭਾਈ ਅਤੇ 2000 ਵਿੱਚ ਯੂ.ਟੀ. ਐਜੂਕੇਸ਼ਨ ਪ੍ਰੋਜੈਕਟ ਅਫ਼ਸਰ ਦੇ ਤੌਰ ’ਤੇ ਸੇਵਾ ਕੀਤੀ। ਪ੍ਰਿੰਸੀਪਲ ਵਜੋਂ ਤਰੱਕੀ ਹੋਣ ’ਤੇ ਉਨ੍ਹਾਂ ਦੀ ਨਿਯੁਕਤੀ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 56 ਵਿੱਚ ਹੋਈ ਅਤੇ ਇੱਥੋਂ ਹੀ ਉਹ 30 ਅਪ੍ਰੈਲ, 2007 ਨੂੰ ਸੇਵਾ ਮੁਕਤ ਹੋਏ। ਉਨ੍ਹਾਂ ਨੂੰ ਲਗਾਤਾਰ 10 ਸਾਲ ਯੂ.ਟੀ. ਅਧਿਆਪਕ ਭਲਾਈ ਐਸੋਸੀਏਸ਼ਨ ਦੇ ਚੁਣੇ ਹੋਏ ਪ੍ਰਧਾਨ ਰਹਿਣ ਦਾ ਮਾਣ ਹਾਸਿਲ ਹੈ। ਉਹ ਚੰਡੀਗੜ੍ਹ ਐਜੂਕੇਸ਼ਨ ਐਡਵਾਈਜਰੀ ਕਮੇਟੀ ਦੇ ਮੈਂਬਰ ਵੀ ਰਹੇ ਹਨ।

ਅਧਿਆਪਨ ਦੇ ਕਿੱਤੇ ਨਾਲ ਜੁੜਨ ਸਮੇਂ ਉਨ੍ਹਾਂ ਦੇ ਅੰਦਰਲਾ ਸਾਹਿਤਕਾਰ ਜਾਗ ਉੱਠਿਆ ਅਤੇ ਉਨ੍ਹਾਂ ਪਹਿਲੀ ਕਵਿਤਾ ‘ਹਿੰਦ ਪਾਕਿ ਜੰਗ 1971’ ਲਿਖੀ। ਸਮੇਂ-ਸਮੇਂ ’ਤੇ ਉਨ੍ਹਾਂ ਦੀਆਂ ਬਾਲ ਰਚਨਾਵਾਂ, ਵਿਰਸੇ ਨਾਲ ਸਬੰਧਤ ਲੇਖ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਖੋਜ ਭਰਪੂਰ ਲੇਖ ਵੱਖ-ਵੱਖ ਅਖਬਾਰਾਂ, ਮੈਗਜ਼ੀਨਾਂ ਵਿੱਚ ਅਕਸਰ

ਛਪਦੇ ਰਹਿੰਦੇ ਹਨ। ਉਨ੍ਹਾਂ ਨੇ ਹੁਣ ਤੱਕ 72 ਦੇ ਕਰੀਬ ਪੁਸਤਕਾਂ ਬਾਲ ਸਾਹਿਤ ਦੀ ਝੋਲੀ ਪਾਈਆਂ ਹਨ, ਜਿਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਇਸ ਪ੍ਰਕਾਰ ਹੈ; ਅਨਮੋਲ ਕਿਰਨਾਂ, ਇਕੱਤੀ ਕਵਿਤਾਵਾਂ, ਅੱਧ ਖਿੜੇ ਫੁੱਲ, ਨੰਨ੍ਹੇ-ਨੰਨ੍ਹੇ ਸੁਪਨੇ, ਬਾਲ ਸੁਗਾਤਾਂ, ਬਾਲ ਗੁਲਦਸਤਾ, ਸ਼ੇਰ-ਏ-ਪੰਜਾਬ, ਘੁੱਗੀ ਦੀਆਂ ਝਾਂਜਰਾਂ, ਤੋਤਿਆਂ ਦੀ ਡਾਰ, ਪੰਛੀਆਂ ਦੇ ਰੰਗ, ਵਿਗਿਆਨ ਅਤੇ ਇਨਸਾਨ, ਪੜ੍ਹੀਆਂ ਸੁਣੀਆਂ ਕਹਾਣੀਆਂ, ਮੇਰੀਆਂ ਸ੍ਰੇਸ਼ਠ ਬਾਲ ਕਹਾਣੀਆਂ, ਖੇਡ ਪੰਜਾਬੀ, ਇੱਕ ਨਿਵੇਕਲਾ ਸ਼ਹੀਦ, ਸਬਰ ਸੰਤੋਖ ਦਾ ਫ਼ਲ, ਰੰਗੀਨ ਗਡੀਰਾ ਅਤੇ ਮਨ ਮੇਰਾ ਉੱਡਣ ਨੂੰ ਕਰਦਾ ਸ਼ਾਮਿਲ ਹਨ।

ਪ੍ਰੋੜ ਪਾਠਕਾਂ ਲਈ ਉਨ੍ਹਾਂ ਨੇ ਵਿਰਸੇ ਨਾਲ ਸੰਬੰਧਿਤ ਪੁਸਤਕਾਂ 'ਝਲਕ ਪੰਜਾਬੀ ਵਿਰਸੇ ਦੀ' (2015), 'ਰੰਗ ਪੰਜਾਬੀ ਵਿਰਸੇ ਦੇ' (2017), 'ਇੱਕ ਬਾਤ ਪੰਜਾਬੀ ਵਿਰਸੇ ਦੀ' (2018), 'ਪੰਜਾਬੀ ਸੱਭਿਆਚਾਰ ਦੀਆਂ ਸਤਰੰਗੀਆਂ ਪੀਂਘਾਂ' (2022), 'ਪੰਜਾਬੀ ਸੱਭਿਆਚਾਰ ਦੀ ਸ਼ਾਨ ਵਿਰਾਸਤੀ ਦਰਵਾਜ਼ੇ' (2023), 'ਪੰਜਾਬ ਦੀ ਸ਼ਾਨ ਪੁਰਾਤਨ ਹਵੇਲੀਆਂ' (2023) ਲਿਖੀਆਂ ਹਨ।

'ਦਰਸ਼ਨ ਦੀਦਾਰੇ' (2018) ਅਤੇ 'ਆਓ ਚੱਲੀਏ ਦਰਸ਼ਨਾਂ ਨੂੰ' (2019) ਗੁਰੂਧਾਮਾਂ ਗੁਰਦੁਆਰਿਆਂ ਅਤੇ ਹੋਰ ਸਿੱਖ ਧਰਮ ਨਾਲ ਸੰਬੰਧਿਤ ਅਸਥਾਨਾਂ ਬਾਰੇ ਉਨ੍ਹਾਂ ਦੀਆਂ ਪੁਸਤਕਾਂ ਹਨ। ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਬਾਰੇ ਲਿਖੀਆਂ ਹਨ, ਜਿਨਾਂ ਵਿੱਚ 'ਚਾਅ ਨਨਕਾਣੇ ਦਾ' (2020), 'ਸਤਿਕਾਰਯੋਗ ਸਿੱਖ ਮਾਤਾਵਾਂ ਅਤੇ ਬੀਬੀਆਂ' (2020), 'ਦਸ਼ਮੇਸ਼ ਪਿਤਾ ਜੀ ਦੇ ਧਰਮ ਯੁੱਧ' (2020), 'ਕਲਾਧਾਰ ਗੁਰੂ ਨਾਨਕ ਆਇਆ' (2021), 'ਮਹਿਮਾ 15 ਭਗਤ ਸਾਹਿਬਾਨਾਂ ਦੀ' (2021), 'ਮੇਰੇ ਚੋਣਵੇਂ ਧਾਰਮਿਕ ਲੇਖ' (2022), 'ਮਾਂ ਗੁਜਰੀ ਜੀ ਦੇ ਲਾਲ' (2024), 'ਸਿੱਖ ਇਤਿਹਾਸ ਦੇ ਅਜਬ ਪੰਨੇ' (2025) ਸ਼ਾਮਿਲ ਹਨ।


'ਕੱਚੀਆਂ ਕੰਧਾਂ' (2017) ਅਤੇ 'ਮਿੰਨੀਆਂ ਮਿੰਨੀਆਂ ਚੁਸਕੀਆਂ' (2018) ਉਨ੍ਹਾਂ ਦੇ ਮਿੰਨੀ ਕਹਾਣੀ ਸੰਗ੍ਰਹਿ ਹਨ। 'ਵਿਹੜਾ ਗੀਤਾਂ ਦਾ' (2018) ਉਨ੍ਹਾਂ ਦਾ ਗੀਤ-ਸੰਗ੍ਰਹਿ ਹੈ। ਵਾਰਤਕ ਪੁਸਤਕ 'ਪੰਜਾਬ ਦੇ ਪਿੰਡ ਸੁਣੀਂਦੇ' (2017) ਵਿੱਚ ਪੰਜਾਬ ਦੇ 26 ਨਾਮੀ ਪਿੰਡਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪ੍ਰਿੰਸੀਪਲ ਗੋਸਲ ਜੀ ਨੇ ਬਹੁਤ ਸਾਰੀਆਂ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਹੈ। ਉਨ੍ਹਾਂ ਦੁਆਰਾ ਲਿਖੀਆਂ ਅਤੇ ਸੰਪਾਦਿਤ ਕੀਤੀਆਂ ਪੁਸਤਕਾਂ ਦੀ ਗਿਣਤੀ 115 ਬਣਦੀ ਹੈ। ਚੰਡੀਗੜ੍ਹ ਸਾਹਿਤ ਅਕਾਡਮੀ ਵਲੋਂ ਉਨ੍ਹਾਂ ਦੀਆਂ 2

ਪੁਸਤਕਾਂ 'ਘੁੱਗੀ ਦੀਆਂ ਝਾਂਜਰਾਂ' ਅਤੇ 'ਮੇਰੀਆਂ ਸ੍ਰੇਸ਼ਠ ਬਾਲ ਕਹਾਣੀਆਂ' ਨੂੰ ਐਵਾਰਡ ਮਿਲ ਚੁੱਕਿਆ ਹੈ।

ਪ੍ਰਿੰਸੀਪਲ ਗੋਸਲ ਨੂੰ ਬਹੁਤ ਸਾਰੇ ਮਾਨ-ਸਨਮਾਨ ਮਿਲੇ ਹਨ। ਸਿੱਖਿਆ ਖੇਤਰ ਵਿੱਚ ਉਨ੍ਹਾਂ ਦੇ ਕਾਰਜਾਂ ਨੂੰ ਮਾਨਤਾ ਦਿੰਦੇ ਹੋਏ ਯੂ.ਟੀ.ਪ੍ਰਸਾਸਨ ਵੱਲੋਂ 1982 ਵਿੱਚ ਉਨ੍ਹਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। 31 ਜੁਲਾਈ, 2000 ਨੂੰ ਰਾਜ ਭਵਨ ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਮਾਣਯੋਗ ਜਨਰਲ ਜੇ. ਐਫ. ਆਰ. ਜੈਕਬ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ ਵੱਲੋਂ ਬਾਲ ਸਾਹਿਤਕਾਰ ਪੁਰਸਕਾਰ (2005) ਪ੍ਰਦਾਨ ਕੀਤਾ ਗਿਆ ਸੀ। ਲਾਈਫ ਟਾਈਮ ਅਚੀਵਮੈਂਟ ਐਵਾਰਡ (2006), ਸ਼ਾਤੀ ਦੂਤ ਪੁਰਸਕਾਰ (2007), ਸਾਹਿਤਕ ਗਤੀਵਿਧੀਆਂ ਲਈ ਸੰਤ ਬਲਵੀਰ ਸਿੰਘ ਸੀਚੇਵਾਲ ਜੀ (ਸੁਲਤਾਨਪੁਰ ਲੋਧੀ) ਦੁਆਰਾ 2014 ਵਿੱਚ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਸੀ। ਉਨ੍ਹਾਂ ਨੂੰ ਪੁਆਧੀ ਸੱਥ ਪੰਜਾਬ, ਮੋਹਾਲੀ ਵੱਲੋਂ ਵਿਸ਼ੇਸ਼ ਸਨਮਾਨ ਨਾਲ ਅਤੇ ਉਨ੍ਹਾਂ ਦੀ 100ਵੀਂ ਕਿਤਾਬ ਪ੍ਰਕਾਸ਼ਤ ਹੋਣ ਤੇ ਟਰਾਈ ਸਿਟੀ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਦੀਆਂ 13 ਸਾਹਿਤਕ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਸਾਹਿਤਿਕ ਸਿਤਾਰੇ ਸੰਸਥਾ ਤਰਨ ਤਾਰਨ ਵੱਲੋਂ 2025 ਵਿੱਚ ਸ਼ਾਨ-ਏ-ਪੰਜਾਬ ਐਵਾਰਡ ਦਿੱਤਾ ਗਿਆ ਹੈ।

ਪ੍ਰਿੰਸੀਪਲ ਗੋਸਲ ਬਹੁਤ ਸਾਰੀਆਂ ਸਮਾਜਿਕ ਅਤੇ ਵਿੱਦਿਅਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਸਰਵ ਸਿੱਖਿਆ ਸੁਧਾਰ ਸੰਮਤੀ ਚੰਡੀਗੜ੍ਹ, ਹੈਂਡੀਕੈਪਸ ਵੈਲਫੇਅਰ ਐਸੋਸੀਏਸ਼ਨ ਚੰਡੀਗੜ੍ਹ ਅਤੇ ਤ੍ਰੈ-ਭਾਸ਼ੀ ਸਾਹਿਤਕ ਮੰਚ ਚੰਡੀਗੜ੍ਹ ਦੇ ਚੇਅਰਮੈਨ ਹਨ। ਉਹ ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਪ੍ਰੋਜੈਕਟ ਇੰਚਾਰਜ ਹਨ। ਉਹ ਚੰਡੀਗੜ੍ਹ, ਮੋਹਾਲੀ ਅਤੇ ਖਰੜ ਦੀਆਂ ਕਈ ਸਾਹਿਤਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਅੱਜ ਕੱਲ੍ਹ ਉਹ ਕਲਗੀਧਰ ਟ੍ਰਸਟ ਬੜੂ ਸਾਹਿਬ ਦੀਆਂ ਅਕਾਲ ਅਕੈਡਮੀਆਂ ਲਈ ਸਕੂਲ ਨਿਰੀਖਅਕ ਦੀ ਸੇਵਾਵਾਂ ਨਿਭਾਅ ਰਹੇ ਹਨ। ਵਰਤਮਾਨ ਸਮੇਂ ਉਹ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਪ੍ਰਧਾਨ ਅਤੇ ਚੰਡੀਗੜ੍ਹ ਤੋਂ ਸੇਵਾ ਮੁਕਤ ਅਧਿਆਪਕਾਂ ਦੀ ਜਥੇਬੰਦੀ ਦੇ ਪ੍ਰਧਾਨ ਵੀ ਹਨ। ਉਹ ਗਰੀਬ ਬੱਚਿਆਂ ਦੀ ਭਲਾਈ ਲਈ ਕਈ ਕੰਪਿਊਟਰ ਸੈਂਟਰ ਵੀ ਚਲਾ ਰਹੇ ਹਨ। ਭਵਿੱਖ ਵਿੱਚ ਪ੍ਰਿੰਸੀਪਲ ਗੋਸਲ ਤੋਂ ਪੰਜਾਬੀ ਸਾਹਿਤਕ ਜਗਤ ਅਤੇ ਵਿਸ਼ੇਸ਼ ਤੌਰ 'ਤੇ ਬਾਲ ਸਾਹਿਤ ਜਗਤ ਨੂੰ ਬਹੁਤ ਸਾਰੀਆਂ ਆਸ਼ਾਵਾਂ ਹਨ।

# ਡਾ. ਬਲਦੇਵ ਸਿੰਘ ਬੱਦਨ



ਡਾ. ਬਲਦੇਵ ਸਿੰਘ ਬੱਦਨ ਪੰਜਾਬੀ ਸਾਹਿਤ ਦਾ ਸਥਾਪਿਤ ਹਸਤਾਖਰ ਹੈ। ਉਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਸੰਪਾਦਨ, ਆਲੋਚਨਾ, ਜੀਵਨੀ ਸਾਹਿਤ, ਬਾਲ ਸਾਹਿਤ, ਅਨੁਵਾਦ, ਕੋਸ਼ਕਾਰੀ ਅਤੇ ਕਾਵਿ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਕਾਰਜ ਕੀਤਾ ਹੈ। ਉਨ੍ਹਾਂ ਦੀਆਂ ਅਨੁਵਾਦਿਤ, ਸੰਪਾਦਤ ਅਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਸਿਰਜੀਆਂ ਪੁਸਤਕਾਂ ਦੀ ਗਿਣਤੀ 275 ਹੈ। ਉਨ੍ਹਾਂ ਦੀ ਅਗਵਾਈ ਹੇਠ ਨੈਸ਼ਨਲ ਬੁੱਕ ਟਰੱਸਟ ਇੰਡੀਆ ਨੇ 750 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਹੈ। ਇਸ ਸਭ ਦੇ ਬਾਵਜੂਦ ਉਨ੍ਹਾਂ ਵਿੱਚ ਰੱਤੀ ਭਰ ਵੀ ਹਉਮੈ ਨਹੀਂ ਹੈ। ਨਿਮਰਤਾ ਤੇ ਨਿਰਮਾਣਤਾ ਦੇ ਪੁੰਜ ਡਾ. ਬਲਦੇਵ ਸਿੰਘ ਬੱਦਨ ਆਪ ਤੋਂ ਛੋਟਿਆਂ ਨੂੰ ਹਮੇਸ਼ਾ 'ਸਰ' ਕਹਿ ਕੇ ਮੁਖਾਤਿਬ ਹੁੰਦੇ ਹਨ। ਉਹ ਕਿਸੇ ਵੀ ਛੋਟੇ ਤੋਂ ਛੋਟੇ ਲੇਖਕ ਨੂੰ ਛੋਟੇਪਨ ਦਾ ਅਹਿਸਾਸ ਨਹੀਂ ਹੋਣ ਦਿੰਦੇ, ਅਸਲ ਵਿੱਚ ਇਹ ਉਨ੍ਹਾਂ ਦੇ ਵਡੱਪਣ ਦੀ ਸ਼ਾਹਦੀ ਹੈ। ਡਾ. ਬਲਦੇਵ ਸਿੰਘ ਬੱਦਨ ਮਾਨਵਵਾਦੀ ਅਤੇ ਆਸ਼ਾਵਾਦੀ ਲੇਖਕ ਹੈ। ਉਸਦੀਆਂ ਲਿਖਤਾਂ ਉੱਪਰ ਗੁਰਮਤਿ ਵਿਚਾਰਧਾਰਾ ਦਾ ਪ੍ਰਭਾਵ ਸਪੱਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ।

ਪੰਜਾਬੀ ਦੇ ਮਾਣਮੱਤੇ ਸਾਹਿਤਕਾਰ, ਸੰਪਾਦਕ, ਅਨੁਵਾਦਕ, ਕੋਸ਼ਕਾਰ, ਗ਼ਜ਼ਲਗੋ ਡਾ. ਬਲਦੇਵ ਸਿੰਘ ਬੱਦਨ ਦਾ ਜਨਮ 15 ਮਾਰਚ, 1954 ਨੂੰ ਮਾਤਾ ਸ਼੍ਰੀਮਤੀ ਭਾਗ ਕੌਰ ਅਤੇ ਪਿਤਾ ਸਰਦਾਰ ਸੋਹਨ ਸਿੰਘ ਬੱਦਨ ਦੇ ਗ੍ਰਹਿ ਵਿਖੇ ਪਿੰਡ ਡੱਫ਼ਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਬਲਦੇਵ ਸਿੰਘ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਛੇਵੀਂ ਤੋਂ ਬਾਰ੍ਹਵੀਂ ਤੱਕ ਉਹ ਖਾਲਸਾ ਹਾਈ ਸਕੂਲ ਗੜ੍ਹਦੀਵਾਲਾ ਪੜ੍ਹਿਆ। ਉਸਨੇ ਬੀ.ਏ. ਖਾਲਸਾ ਕਾਲਜ ਗੜ੍ਹਦੀਵਾਲਾ ਤੋਂ ਅਤੇ ਐਮ.ਏ. ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ 1979 ਵਿੱਚ ਕੀਤੀ। ਉਸ ਨੇ 1981 ਵਿਚ ਐਮ. ਫਿਲ ਕੀਤੀ ਅਤੇ 1991 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐਚ.ਡੀ. ਕੀਤੀ।

ਆਪਣੀ ਪੜ੍ਹਾਈ ਦੇ ਸਮੇਂ ਦੌਰਾਨ ਹੀ ਉਨ੍ਹਾਂ ਦੀਆਂ ਰਚਨਾਵਾਂ ਵੱਖ-ਵੱਖ

ਰੋਜ਼ਾਨਾ ਅਖਬਾਰਾਂ ਅਤੇ ਮਿਆਰੀ ਮੈਗਜ਼ੀਨਾਂ ਵਿੱਚ ਛਪਣੀਆਂ ਸ਼ੁਰੂ ਹੋ ਗਈਆਂ ਸਨ। ਉਸ ਦਾ ਸਭ ਤੋਂ ਪਹਿਲਾਂ ਲੇਖ 14 ਸਤੰਬਰ, 1981 ਨੂੰ ਅਕਾਲੀ ਪੱਤ੍ਰਕਾ ਵਿੱਚ 'ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ' ਸਿਰਲੇਖ ਹੇਠ ਛਪਿਆ ਸੀ। ਉਸ ਦਾ ਪਹਿਲਾ ਗੀਤ 'ਸੱਜਣਾਂ ਵੇ ਤੂੰ ਰੁਖਸਤ ਹੋਇਓਂ' ਦਿੱਲੀ ਤੋਂ ਪ੍ਰਕਾਸ਼ਿਤ ਹੁੰਦੇ ਰੋਜ਼ਾਨਾ ਅਖਬਾਰ ਜਥੇਦਾਰ ਵਿੱਚ ਮਈ 1982 ਨੂੰ ਪ੍ਰਕਾਸ਼ਿਤ ਹੋਇਆ ਸੀ। ਉਸਦੀ ਪਹਿਲੀ ਗ਼ਜ਼ਲ ਸੰਧੂ ਵਰਿਆਣਵੀ ਅਤੇ ਗੁਰਦਿਆਲ ਰੌਸ਼ਨ ਦੁਆਰਾ ਸੰਪਾਦਿਤ ਸਾਂਝੇ ਕਾਵਿ ਸੰਗ੍ਰਹਿ 'ਏਤੀ ਮਾਰ ਪਈ' ਵਿੱਚ 1987 ਵਿੱਚ ਪ੍ਰਕਾਸ਼ਤ ਹੋਈ ਸੀ।

ਡਾ. ਬਲਦੇਵ ਸਿੰਘ ਬੱਦਨ 3 ਫ਼ਰਵਰੀ, 1982 ਤੋਂ 17 ਫ਼ਰਵਰੀ, 1983 ਤੱਕ (ਲਗਭਗ ਇੱਕ ਸਾਲ) ਦਿੱਲੀ ਤੋਂ ਪ੍ਰਕਾਸ਼ਿਤ ਹੁੰਦੇ ਅਖਬਾਰ ਰੋਜ਼ਾਨਾ ਜਥੇਦਾਰ ਦੇ ਉਪ ਸੰਪਾਦਕ ਰਹੇ। ਉਹ 31 ਮਾਰਚ, 1985 ਤੋਂ 16 ਅਗਸਤ, 1996 ਤੱਕ ਸਹਾਇਕ ਸੰਪਾਦਕ (ਪੰਜਾਬੀ) ਨੈਸ਼ਨਲ ਬੁੱਕ ਟਰੱਸਟ ਇੰਡੀਆ ਨਵੀਂ ਦਿੱਲੀ ਰਹੇ। 16 ਅਗਸਤ, 1996 ਤੋਂ ਉਨ੍ਹਾਂ ਦੀ ਤਰੱਕੀ ਨੈਸ਼ਨਲ ਬੁੱਕ ਟਰੱਸਟ ਇੰਡੀਆ ਵਿੱਚ ਸੰਪਾਦਕ ਵਜੋਂ ਹੋ ਗਈ। ਉਹ ਇਸ ਅਹੁਦੇ 'ਤੇ 2 ਦਸੰਬਰ, 2002 ਤੱਕ ਰਹੇ। 2 ਦਸੰਬਰ, 2002 ਤੋਂ ਉਨ੍ਹਾਂ ਦੀ ਤਰੱਕੀ ਬਤੌਰ ਮੁੱਖ ਸੰਪਾਦਕ/ਸੰਯੁਕਤ ਨਿਰਦੇਸ਼ਕ ਨੈਸ਼ਨਲ ਬੁੱਕ ਟਰੱਸਟ ਇੰਡੀਆ ਹੋਈ। ਉਹ ਇਨ੍ਹਾਂ ਅਹੁਦਿਆਂ 'ਤੇ 31 ਮਾਰਚ, 2014 ਤੱਕ ਰਹੇ। ਜੂਨ 2013 ਤੋਂ ਉਨ੍ਹਾਂ ਨੂੰ ਨਿਰਦੇਸ਼ਕ ਦਾ ਤਨਖਾਹ ਸਕੇਲ ਮਿਲ ਗਿਆ ਸੀ। ਉਹ 1 ਅਪ੍ਰੈਲ, 2014 ਤੋਂ ਲਗਭਗ ਇੱਕ ਸਾਲ ਲਈ 13 ਮਾਰਚ, 2015 ਤੱਕ ਨਿਰਦੇਸ਼ਕ ਪੰਜਾਬ ਭਵਨ ਦਿੱਲੀ ਰਹੇ ਅਤੇ ਖ਼ੁਦ ਹੀ ਅਸਤੀਫਾ ਦੇ ਕੇ ਫ਼ਾਰਗ ਹੋ ਗਏ।

ਡਾ. ਬੱਦਨ ਨੇ ਪੰਜਾਬੀ ਸੂਫ਼ੀ ਕਾਵਿ ਦਾ ਬਿੰਬ ਵਿਧਾਨ, ਪੰਜਾਬੀ ਸੂਫ਼ੀ ਕਾਵਿ ਧਾਰਾ, ਪੰਜਾਬੀ ਸੂਫ਼ੀ ਕਾਵਿਧਾਰਾ – ਇੱਕ ਅਧਿਐਨ, ਗੁਰਬਾਣੀ ਚਿੰਤਨ, ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ, ਬਾਬਾ ਸ਼ੇਖ ਫ਼ਰੀਦ ਜੀਵਨ ਤੇ ਰਚਨਾ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਬੁੱਲ੍ਹੇ ਸ਼ਾਹ ਦਾ ਕਲਾਮ, ਹੀਰ ਵਾਰਿਸ ਸ਼ਾਹ ਆਲੋਚਨਾਤਮਿਕ ਅਧਿਐਨ ਸਮੇਤ ਹੋਰ ਦਰਜਨ ਦੇ ਕਰੀਬ ਆਲੋਚਨਾ ਦੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਨ੍ਹਾਂ ਨੇ ਡੇਢ ਦਰਜਨ ਦੇ ਕਰੀਬ ਆਲੋਚਨਾ ਦੀਆਂ ਪੁਸਤਕਾਂ ਸੰਪਾਦਿਤ ਵੀ ਕੀਤੀਆਂ ਹਨ। ਡਾ. ਬਲਦੇਵ ਸਿੰਘ ਬੱਦਨ ਨੇ ਬਾਪੂ ਕਾਵਿ ਤੇ ਨਹਿਰੂ ਕਾਵਿ

(1999), ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ (2005), ਅਮਰ ਸ਼ਹੀਦ ਭਗਤ ਸਿੰਘ ਕਾਵਿ ਸ਼ਰਧਾਂਜਲੀ (2006), ਸ਼ਹੀਦ ਊਧਮ ਸਿੰਘ ਕਾਵਿ ਸ਼ਰਧਾਂਜਲੀ (2008), ਕਰਤਾਰ ਸਿੰਘ ਸਰਾਭਾ ਕਾਵਿ ਸ਼ਰਧਾਂਜਲੀ (2011), ਅਮਰ ਸ਼ਹੀਦ ਮਦਨ ਲਾਲ ਢੀਂਗਰਾ ਦੀ ਜੀਵਨੀ ਅਤੇ ਕਾਵਿ ਸ਼ਰਧਾਂਜਲੀ (2025) ਸਮੇਤ ਪੰਜਾਬੀ ਦੇ ਵੱਖ-ਵੱਖ ਲੇਖਕਾਂ ਦੀਆਂ 20 ਦੇ ਕਰੀਬ ਕਵਿਤਾ ਦੀਆਂ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ। ਇਸ ਤੋਂ ਇਲਾਵਾ ਬੱਦਨ ਨੇ ਡਾ. ਅਮਰ ਕੋਮਲ ਦੁਆਰਾ ਲਿਖੇ ਗਏ ਸ਼ਬਦ-ਚਿੱਤਰਾਂ ਦੀਆਂ ਪੁਸਤਕਾਂ 'ਏਹ ਵੀ ਪੈੜਾਂ ਪਾ ਗਏ' (2020), 'ਜਿਨ੍ਹਾਂ ਸ਼ਬਦ ਪ੍ਰਗਾਸਿਆ' (2021) ਅਤੇ 'ਧਨੁ ਲਿਖਾਰੀ ਨਾਨਕਾ' (2022) ਦੀ ਸੰਪਾਦਨਾ ਵੀ ਕੀਤੀ ਹੈ। ਉਨ੍ਹਾਂ ਡਾ. ਅਮਰ ਕੋਮਲ ਬਾਰੇ ਵੱਡ-ਆਕਾਰੀ ਅਭਿਨੰਦਨ ਗ੍ਰੰਥ (ਮਾਰਚ 2025) ਵਿੱਚ ਤਿਆਰ ਕਰਕੇ ਭੇਂਟ ਕੀਤਾ ਸੀ ਅਤੇ ਪੰਜਾਬੀ ਦੇ ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਜੀ ਬਾਰੇ ਅਭਿਨੰਦਨ ਗ੍ਰੰਥ ਤਿਆਰੀ ਅਧੀਨ ਹੈ। ਡਾ. ਬੱਦਨ ਨੇ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੇ 24 ਕਹਾਣੀ ਸੰਗ੍ਰਹਿ ਵੀ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਵਾਏ ਹਨ। ਲੇਖਕ ਨੇ ਕੁਝ ਅੰਗਰੇਜ਼ੀ ਦੀਆਂ ਪੁਸਤਕਾਂ ਵੀ ਸੰਪਾਦਤ ਕੀਤੀਆਂ ਹਨ।

ਡਾ. ਬੱਦਨ ਨੇ ਹਿੰਦੀ ਭਾਸ਼ਾ ਵਿੱਚ ਵੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿੱਚ ਪੰਜਾਬ ਕੇ ਸੰਤ ਕਵੀ (2008), ਸੰਤ ਸਾਹਤਿਯਾ ਵਿਚਾਰ ਏਵਮ ਵਿਸਲੇਸ਼ਣ (2009, 2015), ਸੰਤ ਨਾਮਦੇਵ ਤਥਾ ਸੰਤ ਰਵਿਦਾਸ ਤੁਲਨਾਤਮਕ ਅਧਿਅਨ (2008, 2021), ਸੰਤ ਨਾਮਦੇਵ ਜੀਵਨ ਏਵਮ ਵਾਣੀ (2013, 2021), ਸੰਤ ਕਬੀਰ ਜੀਵਨ ਏਵਮ ਵਾਣੀ (2013, 2021), ਬ੍ਰਹਮ ਰਿਸ਼ੀ ਰਵਿਦਾਸ (2011), ਮਹਾਂਪ੍ਰਾਣ ਗੁਰੂ ਰਵਿਦਾਸ (2011), ਗੁਰੂ ਰਵਿਦਾਸ ਕੀ ਸਟੀਕ ਵਾਣੀ (2010, 2021), ਸੰਤੋਂ ਔਰ ਨੇਤਾਓਂ ਕੀ ਜੀਵਨੀਆਂ (2014, 2022), ਕਾਫੀਆਂ ਬੁੱਲ੍ਹੇ ਸ਼ਾਹ (2005), ਗੁਰੂ ਰਵਿਦਾਸ ਸਾਹਿਤਕ ਮੁਲਾਂਕਣ (2010), ਗੁਰੂ ਰਵਿਦਾਸ ਤੁਲਨਾਤਮਕ ਅਧਿਅਨ (2008, 2021), ਕਵੀ ਕੇਸ਼ੋ ਦਾਸ ਕ੍ਰਿਤ 'ਪੋਥੀ ਸਾਹੇਬ' ਸੰਤ ਭਗਵਾਨ ਦਾਸ ਨਿਰੰਜਨੀ ਕ੍ਰਿਤ ਅੰਮ੍ਰਿਤਧਾਰਾ (2017) ਸ਼ਾਮਿਲ ਹਨ।

ਡਾ. ਬਲਦੇਵ ਸਿੰਘ ਬੱਦਨ ਨੇ ਕੋਸ਼ਕਾਰੀ ਦੇ ਖੇਤਰ ਵਿੱਚ 'ਪੰਜਾਬੀ-ਹਿੰਦੀ ਕੋਸ਼, ਨੈਸ਼ਨਲ ਪੰਜਾਬੀ ਕੋਸ਼, ਸਟੂਡੈਂਟ ਨੈਸ਼ਨਲ ਪੰਜਾਬੀ ਕੋਸ਼ ਅਤੇ ਹਿੰਦੀ-ਪੰਜਾਬੀ ਕੋਸ਼ ਪੁਸਤਕਾਂ' ਸਾਹਿਤ ਜਗਤ ਨੂੰ ਦਿੱਤੀਆਂ। ਪੰਜਾਬੀ ਬਾਲ ਸਾਹਿਤ ਵਿੱਚ ਵੀ ਉਨ੍ਹਾਂ ਨੇ ਜ਼ਿਕਰ ਯੋਗ ਯੋਗਦਾਨ ਪਾਇਆ ਹੈ। ਇਸ ਖੇਤਰ ਦੀਆਂ ਉਨ੍ਹਾਂ ਦੀਆਂ ਪੁਸਤਕਾਂ

ਵਿੱਚ ਮੁਸੀਬਤ ਤੋਂ ਛੁਟਕਾਰਾ, ਨਵੀਂ ਸਵੇਰ, ਸੱਚੀ ਮਿੱਤਰਤਾ, ਮੁਸੀਬਤ ਤੋਂ ਛੁਟਕਾਰਾ ਅਤੇ ਹੋਰ ਕਹਾਣੀਆਂ, ਸੁਨਹਿਰੀ ਗੁੱਡੀ, ਗਿਆਨ ਦੀ ਬਸੰਤ ਪੰਚਮੀ ਤੇ ਹੋਰ ਕਹਾਣੀਆਂ, ਭਾਰਤ ਦੇ ਸਿਰਤਾਜ ਅਤੇ ਭਾਰਤ ਦੇ ਗੌਰਵ ਪੁਸਤਕਾਂ ਸਮੇਤ ਦਰਜਨ ਦੇ ਕਰੀਬ ਹੋਰ ਪੁਸਤਕਾਂ ਸ਼ਾਮਿਲ ਹਨ। ਬਾਲ ਸਾਹਿਤ ਦੀਆਂ ਉਨ੍ਹਾਂ ਦੀਆਂ ਕਈ ਪੁਸਤਕਾਂ ਦੇ ਕਈ-ਕਈ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਅਨੁਵਾਦ ਮਰਾਠੀ, ਤੇਲਗੂ, ਉੜੀਆ, ਅੰਗਰੇਜ਼ੀ,ਹਿੰਦੀ ਸਮੇਤ ਕਈ ਭਾਸ਼ਾਵਾਂ ਵਿੱਚ ਹੋ ਚੁੱਕਿਆ ਹੈ।

ਡਾ. ਬਲਦੇਵ ਸਿੰਘ ਬੱਦਨ ਨੇ ਅਨੁਵਾਦ ਦੇ ਖੇਤਰ ਵਿੱਚ ਚੋਖਾ ਕਾਰਜ ਕੀਤਾ ਹੈ। ਜਿਸ ਵਿੱਚ ਲੇਖਕ ਨੇ ਹੋਰਨਾਂ ਭਾਸ਼ਾਵਾਂ ਤੋਂ 24 ਨਾਵਲ, 11 ਕਹਾਣੀ ਸੰਗ੍ਰਹਿ, ਚਾਰ ਕਵਿਤਾ ਸੰਗ੍ਰਹਿ, ਛੇ ਜੀਵਨੀਆਂ ਅਤੇ 15 ਹੋਰ ਪੁਸਤਕਾਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਹਨ। ਲੇਖਕ ਨੇ ਹੋਰਨਾਂ ਭਾਸ਼ਾਵਾਂ ਦੀਆਂ 60 ਦੇ ਕਰੀਬ ਬਾਲ ਪੁਸਤਕਾਂ ਪੰਜਾਬੀ ਵਿੱਚ ਅਨੁਵਾਦ ਕਰਕੇ ਬਾਲ ਸਾਹਿਤ ਦੀ ਝੋਲੀ ਪਾਈਆਂ ਹਨ। ਇਸ ਤੋਂ ਇਲਾਵਾ ਉਸ ਨੇ ਹੋਰਨਾਂ ਭਾਸ਼ਾਵਾਂ ਦੀਆਂ 17 ਪੁਸਤਕਾਂ ਨਵਸਾਖਰਾਂ ਲਈ ਵੀ ਅਨੁਵਾਦ ਕੀਤੀਆਂ ਹਨ। ਡਾ. ਬੱਦਨ ਦੇ ਮਹੱਤਵਪੂਰਨ ਸਾਹਿਤਕ ਯੋਗਦਾਨ ਅਤੇ ਸ਼ਖਸ਼ੀਅਤ ਬਾਰੇ ਇੱਕ ਲੇਖ ਵਿੱਚ ਜ਼ਿਕਰ ਕਰਨਾ ਅਸੰਭਵ ਹੈ। ਉਨ੍ਹਾਂ ਦੀ ਘਾਲਣਾ ਸਬੰਧੀ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ।

ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਨ੍ਹਾਂ ਕਾਫੀ ਪਛੜ ਕੇ ਪੁਸਤਕਾਂ ਦਾ ਯੋਗਦਾਨ ਪਾਇਆ, ਭਾਵੇਂ ਕਿ ਉਹ ਪਿਛਲੇ ਲੰਬੇ ਅਰਸੇ ਤੋਂ ਵੱਖ-ਵੱਖ ਅਖਬਾਰਾਂ ਮੈਗਜ਼ੀਨਾਂ ਵਿੱਚ ਛਪਦੇ ਆ ਰਹੇ ਸਨ। ਉਨ੍ਹਾਂ 2024 ਵਿੱਚ ਆਪਣਾ ਪਲੇਠਾ ਗ਼ਜ਼ਲ ਸੰਗ੍ਰਹਿ 'ਜ਼ਖ਼ਮੀ ਡਾਰ ਪਰਿੰਦਿਆਂ ਦੀ' ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਉਨ੍ਹਾਂ ਨੇ 'ਅੱਖਾਂ ਲੱਭਦੇ ਸੁਫ਼ਨੇ', (ਗ਼ਜ਼ਲ ਸੰਗ੍ਰਹਿ-ਜਨਵਰੀ 2025), 'ਧੁਖਦੀਆਂ ਪੈੜਾਂ ਦੀ ਚਿੱਤਰਕਾਰੀ' (ਗ਼ਜ਼ਲ ਸੰਗ੍ਰਹਿ-ਜੂਨ 2025) ਅਤੇ 'ਸੁਫ਼ਨਿਆਂ ਦੇ ਫ਼ੱਕਰ' (ਗ਼ਜ਼ਲ ਸੰਗ੍ਰਹਿ-ਨਵੰਬਰ 2025) ਪੰਜਾਬੀ ਸਾਹਿਤ ਜਗਤ ਨੂੰ ਦਿੱਤੇ। ਸ੍ਰਿਸ਼ਟੀ ਦ੍ਰਿਸ਼ਟੀ (ਕਾਵਿ ਸੰਗ੍ਰਹਿ-ਅਗਸਤ 2024) ਅਤੇ 'ਦੁਨੀਆ ਅੰਦਰ ਅਜੇ ਹਨੇਰਾ' (ਕਾਵਿ ਸੰਗ੍ਰਹਿ-ਮਾਰਚ 2025) ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਸ ਦੀਆਂ ਗ਼ਜ਼ਲਾਂ/ਕਵਿਤਾਵਾਂ ਦਾ ਪਾਠ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਸ਼ਾਇਰ ਨੇ ਸਮਕਾਲੀ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ, ਵੰਗਾਰਾਂ, ਚੁਨੌਤੀਆਂ, ਧਾਰਮਿਕ ਪਖੰਡਵਾਦ,

ਰਾਜਨੀਤੀ ਦਾ ਅਪਰਾਧੀਕਰਨ ਅਤੇ ਹੋਰ ਬਹੁਤ ਸਾਰੇ ਸਮਾਜਿਕ ਸਰੋਕਾਰਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਬਾਖੂਬੀ ਉਭਾਰਿਆ ਹੈ।

ਬਲਦੇਵ ਸਿੰਘ ਬੱਦਨ ਦੀਆਂ ਕਵਿਤਾਵਾਂ/ਗ਼ਜ਼ਲਾਂ ਦਾ ਬਹੁਤ ਸਾਰੇ ਨਾਮਵਰ ਪੰਜਾਬੀ ਵਿਦਵਾਨਾਂ ਨੇ ਨੋਟਿਸ ਲਿਆ ਹੈ, ਜਿਸ ਵਿੱਚ ਮੁੱਖ ਤੌਰ 'ਤੇ ਗ਼ਜ਼ਲ ਸੰਗ੍ਰਹਿ 'ਜ਼ਖ਼ਮੀ ਡਾਰ ਪਰਿੰਦਿਆ ਦੀ' ਦੇ ਆਧਾਰ 'ਤੇ ਬਲਦੇਵ ਸਿੰਘ 'ਬੱਦਨ' ਦੀ ਗ਼ਜ਼ਲ ਚੇਤਨਾ (ਸੰਪਾਦਕ: ਡਾ. ਅਮਰ ਕੋਮਲ-ਜੂਨ 2025), ਕਾਵਿ ਸੰਗ੍ਰਹਿ 'ਸ੍ਰਿਸ਼ਟੀ ਦ੍ਰਿਸ਼ਟੀ' ਦੇ ਅਧਾਰ 'ਤੇ ਬਲਦੇਵ ਸਿੰਘ 'ਬੱਦਨ' ਦੀ ਕਾਵਿ ਚੇਤਨਾ (ਸੰਪਾਦਕ: ਡਾ. ਸਤਨਾਮ ਸਿੰਘ ਜੱਸਲ-ਜੂਨ 2025), ਬਲਦੇਵ ਸਿੰਘ 'ਬੱਦਨ' ਦੀ ਕਾਵਿ ਚੇਤਨਾ, ਪ੍ਰਿੰ. (ਡਾ.) ਕ੍ਰਿਸ਼ਨ ਸਿੰਘ-ਅਕਤੂਬਰ 2025) ਅਤੇ ਬਲਦੇਵ ਸਿੰਘ 'ਬੱਦਨ' ਦਾ ਕਾਵਿ ਸੰਸਾਰ (ਇਨਕਲਾਬੀ ਪਰਿਵਰਤਨ ਲਈ ਇੱਕ ਵੰਗਾਰ) (ਪ੍ਰਿੰ. (ਡਾ.) ਇੰਦਰਜੀਤ ਸਿੰਘ ਵਾਸੂ-ਅਕਤੂਬਰ 2025) ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਜਾ ਸਕਦਾ ਹੈ।

ਡਾ. ਬੱਦਨ ਦੀਆਂ ਕਾਵਿ ਰਚਨਾਵਾਂ ਸਮਕਾਲੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਸਮੱਸਿਆਵਾਂ ਦੀ ਕਲਾਤਮਿਕ ਪੇਸ਼ਕਾਰੀ ਕਰਦੀਆਂ ਹਨ। ਉਹ ਆਪਣੀਆਂ ਰਚਨਾਵਾਂ ਵਿਚ ਲੁੱਟੀ ਜਾ ਰਹੀ ਧਿਰ ਦੇ ਹੱਕ ਵਿੱਚ ਖੜਦਾ ਹੈ, ਸੱਤਾ ਧਿਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ। ਉਸਦੀਆਂ ਕਾਵਿ ਰਚਨਾਵਾਂ ਦੀ ਭਾਸ਼ਾ ਸਰਲ ਅਤੇ ਸਪੱਸ਼ਟ ਹੈ, ਜੋ ਆਮ ਪਾਠਕ ਨੂੰ ਆਸਾਨੀ ਨਾਲ ਸਮਝ ਆਉਂਦੀ ਹੈ। ਉਸ ਦੀ ਸ਼ਾਇਰੀ ਦੇ ਮੌਲਿਕਤਾ, ਸਹਿਜਤਾ ਸਰਲਤਾ, ਸਪੱਸ਼ਟਤਾ ਅਤੇ ਸੁਭਾਵਿਕਤਾ ਮੀਰੀ ਗੁਣ ਹਨ। ਆਓ ਉਨ੍ਹਾਂ ਦੀ ਇੱਕ ਗ਼ਜ਼ਲ ਦੇ ਕੁਝ ਸ਼ਿਅਰਾਂ ਦਾ ਆਨੰਦ ਮਾਣੀਏ:-

ਕੀ ਪਤਾ ਸੀ ਐਸੇ ਬੰਦੇ ਮਿਲਣਗੇ।
ਦਾਤੀ ਨੂੰ ਦੋਂਹ ਪਾਸੀਂ ਦੰਦੇ ਮਿਲਣਗੇ।
ਚਿੱਟਾ, ਭੁੱਕੀ, ਡੋਡੇ ਵੇਚਣਗੇ ਹਜੂਰ,
ਡਾਢਿਆਂ ਨੂੰ ਐਸੇ ਧੰਦੇ ਮਿਲਣਗੇ।
ਝੂਠਿਆਂ ਨੂੰ ਮਿਲਣਗੇ ਏਥੇ ਇਨਾਮ,
ਸੱਚਿਆਂ ਤਾਈਂ ਤਾਂ ਫੰਦੇ ਮਿਲਣਗੇ।

(ਧੁਖਦੀਆਂ ਪੈੜਾਂ ਦੀ ਚਿੱਤਰਕਾਰੀ - ਪੰਨਾ 100)

ਇਕ ਹੋਰ ਗ਼ਜ਼ਲ ਦੇ ਚੰਦ ਸ਼ਿਅਰ ਦੇਖੋ:-

ਵਫ਼ਾ ਜੋ ਨਹੀਂ ਹੋਣੇ,ਬਿਆਨਾਂ ਦਾ ਕੀ ਹੈ?

ਜੋ ਅਮਲੀ ਢਲੇ ਨਹੀਂ, ਗਿਆਨਾਂ ਦਾ ਕੀ ਹੈ?
ਜਿਨ੍ਹਾਂ ਵਿੱਚ ਹੋਣੀ ਹੈ, ਗੱਲ ਕੁਫ਼ਰ ਦੀ ਹੀ,
ਕੇਹੀ ਹੈ ਉਹ ਮਜਲਿਸ, ਦਿਵਾਨਾਂ ਦਾ ਕੀ ਹੈ?

*                    *

ਜਿਨ੍ਹਾਂ ਵਿੱਚ ਫਰੇਬਾਂ ਦੇ ਸੌਦੇ ਨੇ ਵਿਕਦੇ,
ਉਨ੍ਹਾਂ ਖ਼ੂਬਸੂਰਤ ਦੁਕਾਨਾਂ ਦਾ ਕੀ ਹੈ?
ਜਿਨ੍ਹਾਂ ਨੇਕੀ ਵੱਲ ਧਿਆਨ ਦਿੱਤਾ ਨਾ 'ਬੱਦਨ',
ਉਨ੍ਹਾਂ ਜੋਗੀਆਂ ਦੇ ਧਿਆਨਾਂ ਦਾ ਕੀ ਹੈ?

(ਅੱਖਾਂ ਲੱਭਦੇ ਸੁਫ਼ਨੇ-ਪੰਨਾ 36)

ਨੈਸ਼ਨਲ ਬੁੱਕ ਟਰੱਸਟ ਦੇ ਆਪਣੇ ਕਾਰਜਕਾਲ ਦੌਰਾਨ ਡਾ. ਬੱਦਨ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਇਸ ਸਮੇਂ ਉਨ੍ਹਾਂ ਪੰਜਾਬ ਸਮੇਤ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਗੋਸ਼ਟੀਆਂ ਕਰਵਾ ਕੇ ਅਤੇ ਪੁਸਤਕ ਮੇਲੇ ਲਗਵਾ ਕੇ ਸਾਹਿਤ ਦੇ ਪ੍ਰਚਾਰ-ਪਾਸਾਰ ਵਿੱਚ ਅਹਿਮ ਯੋਗਦਾਨ ਪਾਇਆ। ਇਸ ਤੋਂ ਇਲਾਵਾ ਉਨ੍ਹਾਂ 2002 ਤੋਂ ਆਪਣੇ ਪਿਤਾ ਸਰਦਾਰ ਸੋਹਣ ਸਿੰਘ ਬੱਦਣ ਅਤੇ ਮਾਤਾ ਸ਼੍ਰੀਮਤੀ ਭਾਗ ਕੌਰ ਦੀ ਯਾਦ ਨੂੰ ਸਮਰਪਿਤ ਯਾਦਗਾਰੀ ਸਾਹਿਤਕ ਟਰੱਸਟ ਪੰਜਾਬ-ਦਿੱਲੀ ਸਥਾਪਿਤ ਕਰਕੇ ਹੁਣ ਤੱਕ 40 ਲੇਖਕਾਂ ਦੀਆਂ ਪੁਸਤਕਾਂ ਆਪਣੇ ਵਿੱਤੀ ਸਾਧਨਾਂ ਰਾਹੀਂ ਪ੍ਰਕਾਸ਼ਿਤ ਕਰਵਾ ਕੇ ਪਾਠਕਾਂ ਤੱਕ ਭੇਟਾ ਰਹਿਤ ਪੁੱਜਦੀਆਂ ਕਰਨ ਦੀ ਨਿਵੇਕਲੀ ਪਿਰਤ ਪਾਈ ਹੈ। ਸ਼ਾਇਰ ਦੀ ਆਪਣੀ ਗ਼ਜ਼ਲ ਦਾ ਇੱਕ ਸ਼ਿਅਰ ਵੀ ਹੈ:

ਆ ਚੱਲ ਰਲ ਕੇ ਲੰਗਰ ਲਾਈਏ ਸ਼ਬਦਾਂ ਦਾ।
ਨ੍ਹੇਰੇ ਰਾਹੀਂ ਦੀਪ ਜਗਾਈਏ ਸ਼ਬਦਾਂ ਦਾ।

(ਜ਼ਖ਼ਮੀ ਡਾਰ ਪਰਿੰਦਿਆਂ ਦੀ-ਪੰਨਾ 74)

ਸਾਹਿਤਕਾਰ ਡਾ. ਬਲਦੇਵ ਸਿੰਘ ਬੱਦਨ ਨੂੰ ਮਿਲੇ ਇਨਾਮਾਂ ਸਨਮਾਨਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਗਿਣਤੀ ਸੈਂਕੜਿਆਂ ਵਿੱਚ ਬਣਦੀ ਹੈ, ਕੁਝ ਕੁ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ- ਲਿਖਾਰੀ ਸਭਾ ਬਰਨਾਲਾ ਵੱਲੋਂ ਵੈਦ ਪਰਮਾਨੰਦ ਸਿੰਘ ਕਾਂਝਲਾ ਸਿਮਰਤੀ ਅਨੁਵਾਦ ਤੇ ਪ੍ਰਕਾਸ਼ਨ ਪੁਰਸਕਾਰ, ਸਾਹਿਤ ਅਕਾਦਮੀ ਦਿੱਲੀ ਵੱਲੋਂ ਰਾਸ਼ਟਰੀ ਅਨੁਵਾਦ ਪੁਰਸਕਾਰ-1999, ਪੰਜਾਬੀ ਅਕਾਦਮੀ ਦਿੱਲੀ ਵੱਲੋਂ

'ਪੰਜਾਬੀ ਅਨੁਵਾਦ ਸਨਮਾਨ 2000-2001', 'ਕਰਤਾਰ ਸਿੰਘ ਧਾਲੀਵਾਲ ਸਨਮਾਨ 1997-1998', ਭਾਈ ਗੁਰਦਾਸ ਪੁਰਸਕਾਰ, ਸਾਹਿਤ ਸਭਾ ਧੂਰੀ ਵੱਲੋਂ 'ਸ੍ਰੀ ਮਹਿੰਦਰ ਸਿੰਘ ਮਾਨਵ ਯਾਦਗਾਰੀ ਸਾਹਿਤ ਅਚਾਰੀਆ ਪੁਰਸਕਾਰ', ਸੰਤ ਅਤਰ ਸਿੰਘ ਘੁੰਨਸ ਸਾਹਿਤਕ ਯਾਦਗਾਰੀ ਟਰੱਸਟ ਵੱਲੋਂ ਸਨਮਾਨ, ਕੇਵਲ ਵਿੱਗ ਫਾਉਂਡੇਸ਼ਨ ਜਲੰਧਰ ਵੱਲੋਂ ਕੇਵਲ ਵਿੱਗ ਐਵਾਰਡ-2017, ਦੁਆਬਾ ਸਾਹਿਤ ਸਭਾ ਰਜਿਸਟਰਡ ਗੜ੍ਹਸ਼ੰਕਰ ਵੱਲੋਂ 'ਮੇਜਰ ਸਿੰਘ ਮੌਜੀ ਯਾਦਗਾਰੀ ਪੁਰਸਕਾਰ-2021' ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 30 ਅਪ੍ਰੈਲ, 2013 ਨੂੰ ਉਸ ਨੂੰ ਸਨਮਾਨ ਪੱਤਰ ਦੁਸ਼ਾਲਾ ਅਤੇ 31000 ਦੇ ਕੇ ਸਨਮਾਨਿਤ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਵੱਲੋਂ ਉਨ੍ਹਾਂ ਨੂੰ 21 ਮਈ, 2023 ਨੂੰ ਪੰਜਾਬੀ ਸਾਹਿਤ ਸੇਵਾ ਪੁਰਸਕਾਰ ਨਾਲ ਨਿਵਾਜਿਆ ਗਿਆ ਅਤੇ 23 ਮਾਰਚ, 2025 ਨੂੰ ਪੰਜਾਬੀ ਸਾਹਿਤ ਸਭਾ ਰਜਿਸਟਰਡ ਪਟਿਆਲਾ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਦੇ ਵੀ ਪ੍ਰਚਾਰ-ਪ੍ਰਸਾਰ ਹਿਤ ਸਰਬ ਪੱਖੀ ਯੋਗਦਾਨ ਪਾਇਆ ਹੈ, ਜਿਸ ਕਰਕੇ ਉਨ੍ਹਾਂ ਨੂੰ ਰਾਸ਼ਟਰੀ ਸਾਖਰਤਾ ਗੌਰਵ ਮਾਨਵ ਉਪਾਧੀ, ਬਿਹਾਰ ਦੇ ਵਿਦਿਆਪਤੀ ਸੇਵਾ ਸੰਸਥਾਨ ਵੱਲੋਂ ਮਿਥਲਾ ਰਤਨ ਸਨਮਾਨ, ਰਾਜਸਥਾਨ ਪ੍ਰਾਂਤ ਦੇ ਮਹੱਤਵਪੂਰਨ ਸਾਹਿਤਕ ਸੰਸਕ੍ਰਿਤਕ ਅਤੇ ਸਿੱਖਿਆ ਸੰਸਥਾਨ ਸਾਹਿਤ ਮੰਡਲ ਨਾਥਦਵਾਰਾ ਵੱਲੋਂ 14 ਫ਼ਰਵਰੀ, 2012 ਨੂੰ ਸੰਪਾਦਕ ਰਤਨ ਦੀ ਉਪਾਧੀ ਨਾਲ ਸਨਮਾਨ, ਮੰਦਾਕਿਨੀ ਅੰਤਰਰਾਸ਼ਟਰੀ ਸਾਹਿਤਕ ਅਤੇ ਸੰਸਕ੍ਰਿਤਿਕ ਸੰਸਥਾ ਬਰੇਲੀ ਉੱਤਰ ਪ੍ਰਦੇਸ਼ ਵੱਲੋਂ 23 ਮਾਰਚ, 2012 ਨੂੰ ਹਿੰਦੀ ਸਾਹਿਤਕ ਸੰਸਕ੍ਰਿਤ ਕਲਾਤਮਕ ਅਤੇ ਹਿੰਦੀ ਸਾਹਿਤ ਨੂੰ ਅਮੁੱਲ ਯੋਗਦਾਨ ਦੇਣ ਲਈ ਸਨਮਾਨ, ਯੂ.ਐਮ.ਐਸ. ਪੱਤ੍ਰਿਕਾ ਗਾਜੀਆਬਾਦ ਵੱਲੋਂ ਅਖਿਲ ਭਾਰਤੀਯ ਹਿੰਦੀ ਸਾਹਿਤ ਸੰਮੇਲਨ ਦੇ ਮੌਕੇ ਤੇ ਹਿੰਦੀ ਦੇ ਪ੍ਰਚਾਰ ਪ੍ਰਸਾਰ ਅਤੇ ਲੇਖਣ ਲਈ ਕੀਤੀਆਂ ਸੇਵਾਵਾਂ ਬਦਲੇ 26 ਮਾਰਚ, 2024 ਨੂੰ ਸਨਮਾਨ ਸਮੇਤ ਬਹੁਤ ਸਾਰੇ ਸਨਮਾਨ ਦਿੱਤੇ ਗਏ ਹਨ। ਨੈਸ਼ਨਲ ਬੁੱਕ ਟਰੱਸਟ ਦੇ ਮੁੱਖ ਸੰਪਾਦਕ ਰਹਿੰਦਿਆਂ ਉਨ੍ਹਾਂ ਨੇ ਨੇਤਰਹੀਣਾਂ ਲਈ ਬਰੇਲ ਲਿਪੀ ਵਿੱਚ 250 ਤੋਂ ਵਧੇਰੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਸਨ, ਇਸ ਯੋਗਦਾਨ ਨੂੰ ਮੁੱਖ ਰੱਖਦਿਆਂ ਦਿੱਲੀ ਸਥਿਤ ਆਲ ਇੰਡੀਆ ਕਨਫੈਡਰੇਸ਼ਨ ਆਫ ਦੀ ਬਲਾਈਂਡ ਨਾਂ ਦੀ ਸੰਸਥਾ ਵੱਲੋਂ 4 ਜਨਵਰੀ, 2008 ਨੂੰ ਉੜੀਸਾ ਦੇ ਰਾਜਪਾਲ ਸ੍ਰੀ ਐਮ.ਸੀ. ਭੰਡਾਰੇ ਵੱਲੋਂ ਵਿਸ਼ੇਸ਼ ਤੌਰ 'ਤੇ ਲੂਈਸ ਬਰੇਲ ਦੇ 199ਵੇਂ ਜਨਮ ਦਿਹਾੜੇ ਦੇ

ਮੌਕੇ ’ਤੇ ਸਨਮਾਨਿਤ ਕੀਤਾ ਗਿਆ ਸੀ। ਅਸੀਂ ਪੰਜਾਬੀ ਅਤੇ ਹਿੰਦੀ ਦੇ ਬਹੁਪੱਖੀ ਸਾਹਿਤਕਾਰ ਡਾ. ਬਲਦੇਵ ਸਿੰਘ ਬੱਦਨ ਦੀ ਲੰਮੀ, ਪ੍ਰਸੰਨ ਚਿੱਤ ਅਤੇ ਨਿਰੋਗੀ ਉਮਰ ਦੀ ਕਾਮਨਾ ਕਰਦੇ ਹੋਏ ਆਸਵੰਦ ਹਾਂ ਕਿ ਉਹ ਸਾਹਿਤ ਦੇ ਵਾਧੇ ਵਿੱਚ ਆਪਣਾ ਭਰਪੂਰ ਯੋਗਦਾਨ ਪਾਉਂਦੇ ਰਹਿਣਗੇ।

ਆਮੀਨ

ਮੋਬਾਇਲ : 99588-31357

# ਡਾ. ਬਿਕਰਮ ਸਿੰਘ ਘੁੰਮਣ



ਨਿਮਰਤਾ ਸਾਦਗੀ ਹਲੀਮੀ ਦੇ ਪੁੰਜ ਡਾ.ਬਿਕਰਮ ਸਿੰਘ ਘੁੰਮਣ ਦਾ ਪੰਜਾਬੀ ਦੇ ਅਧਿਆਪਨ, ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿੱਚ ਇੱਕ ਵੱਡਾ ਨਾਂ ਹੈ। ਉਨ੍ਹਾਂ ਨੂੰ ਪੰਜਾਬੀ ਸਾਹਿਤ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਹਿਲੇ ਰੀਸਰਚ ਸਕਾਲਰ ਵਜੋਂ ਪੀ.ਐਚ.ਡੀ.ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਦਾ ਜਨਮ 10 ਅਪ੍ਰੈਲ, 1943 ਨੂੰ ਇੱਕ ਛੋਟੇ ਜਿਹੇ ਪਿਛੜੇ ਪਿੰਡ ਛੱਜਾਂ ਵਾਲੀ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਨਿਮਨ ਕਿਸਾਨੀ ਪਰਿਵਾਰ ਵਿੱਚ ਸਰਦਾਰ ਨਾਜਰ ਸਿੰਘ ਦੇ ਘਰ ਸ਼੍ਰੀਮਤੀ ਜਰਨੈਲ ਕੌਰ ਦੀ ਕੁੱਖੋਂ ਹੋਇਆ। ਉਹ ਅਜੇ ਮਸਾਂ ਡੇਢ ਦੋ ਸਾਲ ਦੇ ਹੀ ਸਨ ਕਿ ਉਨ੍ਹਾਂ ਦੇ ਸਿਰ ਤੋਂ ਮਾਤਾ ਜੀ ਦਾ ਸਾਇਆ ਉੱਠ ਗਿਆ। ਅਜੇ ਉਹ ਪ੍ਰਾਇਮਰੀ ਵਿੱਚ ਹੀ ਪੜ੍ਹਦੇ ਸਨ ਕਿ ਪਹਿਲਾਂ ਉਨ੍ਹਾਂ ਦੇ ਦਾਦਾ ਜੀ, ਫਿਰ ਦਾਦੀ ਜੀ ਅਤੇ ਫਿਰ ਪਿਤਾ ਜੀ ਵੀ ਅਕਾਲ ਚਲਾਣਾ ਕਰ ਗਏ। ਡਾਕਟਰ ਘੁੰਮਣ ਸੈਲਫ-ਮੇਡ ਸ਼ਖਸ਼ੀਅਤ ਹਨ। ਉਨ੍ਹਾਂ ਦਾ ਮੁੱਢਲਾ ਜੀਵਨ ਕਾਫੀ ਸੰਘਰਸ਼ ਭਰਪੂਰ ਰਿਹਾ। ਆਪਣੇ ਪਿੰਡ ਉਹ ਆਪਣੇ ਛੋਟੇ ਜਿਹੇ ਘਰ ਵਿੱਚ ਇਕੱਲੇ ਰਹਿੰਦੇ ਸਨ। ਛੇਵੀਂ ਸੱਤਵੀਂ ਵਿਚ ਪੜ੍ਹਦੇ ਸਮੇਂ ਉਹ ਖੁਦ ਰੋਟੀ ਪਕਾ ਕੇ ਸਕੂਲ ਜਾਂਦੇ ਸਨ। ਉਨ੍ਹਾਂ ਨੂੰ ਮੈਟ੍ਰਿਕ ਕਰਨ ਤੋਂ ਪਹਿਲਾਂ ਹੀ ਪੜ੍ਹਾਈ ਤੇ ਨਿੱਜੀ ਖਰਚੇ ਤੋਰਨ ਲਈ ਖੁਦ ਰੁਜ਼ਗਾਰ ਲੱਭਣਾ ਪਿਆ, ਕਈ ਨਿੱਕੇ ਮੋਟੇ ਕੰਮ ਕੀਤੇ ਅਤੇ 1959 ਵਿੱਚ 57 ਰੁਪਏ ਮਹੀਨੇ ਉੱਤੇ ਨਹਿਰੀ ਮਹਿਕਮੇ ਵਿੱਚ ਸੇਵਾ ਆਰੰਭ ਕੀਤੀ। ਮੈਟ੍ਰਿਕ ਕਰਨ ਤੋਂ ਪਿੱਛੋਂ ਉਹ ਗਿਆਨੀ ਅਤੇ ਜੇ.ਬੀ.ਟੀ. ਕਰਕੇ ਪੰਜਾਬੀ ਟੀਚਰ ਲੱਗ ਗਏ। ਬੀ.ਐਡ. ਕਰਨ ਪਿੱਛੋਂ ਐਸ.ਐਸ. ਮਾਸਟਰ ਪ੍ਰਮੋਟ ਹੋ ਗਏ। ਫੇਰ ਐਮ.ਏ. (ਪੰਜਾਬੀ) ਫਸਟ ਡਿਵੀਜ਼ਨ ਵਿੱਚ ਪਾਸ ਕਰਕੇ ਉਨ੍ਹਾਂ 1971 ਵਿੱਚ 450 ਰੁਪਏ ਮਹੀਨੇ ਦੀ ਤਨਖਾਹ ਵਾਲੀ ਪੱਕੀ ਨੌਕਰੀ ਛੱਡ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ 250 ਰੁਪਏ ਮਹੀਨੇ ਵਾਲੀ ਰਿਸਰਚ ਫੈਲੋਸ਼ਿਪ ਜੁਆਇਨ ਕਰ ਲਈ। ਉਨ੍ਹਾਂ ਆਪਣੇ ਲਗਨ ਤੇ ਸਿਰੜ ਨਾਲ 1975 ਵਿੱਚ ਡਾ.ਦੀਵਾਨ ਸਿੰਘ ਦੀ ਦੇਖ-ਰੇਖ ਹੇਠ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਕਿਸੇ ਹੋਰ ਪਾਸਿਓਂ

ਆਰਥਿਕ ਸਹਾਇਤਾ ਨਾ ਹੋਣ ਕਰਕੇ ਉਨ੍ਹਾਂ ਜੇ.ਬੀ.ਟੀ. ਬੀ.ਐੱਡ. ਅਤੇ ਇੱਥੋਂ ਤੱਕ ਕਿ ਪੀ.ਐਚ.ਡੀ. ਕਰਦਿਆਂ ਵੀ ਪੜ੍ਹਾਈ ਦੇ ਨਾਲ-ਨਾਲ ਘਰ-ਘਰ ਜਾ ਕੇ ਟਿਊਸ਼ਨਾਂ ਪੜ੍ਹਾਉਣ ਦਾ ਕੰਮ ਕੀਤਾ।

ਸਮੇਂ ਦੇ ਚਰਚਿਤ ਮੈਗਜ਼ੀਨ ਪ੍ਰੀਤਲੜੀ ਨੇ ਉਨ੍ਹਾਂ ਵਿੱਚ ਸਾਹਿਤਕ ਰੁਚੀਆਂ ਨੂੰ ਪ੍ਰਫੁਲਤ ਕੀਤਾ। ਸ਼ੁਰੂ ਵਿੱਚ ਉਨ੍ਹਾਂ ਕੁਝ ਕਹਾਣੀਆਂ ਅਤੇ ਬਾਲ ਸਾਹਿਤ ਦੀ ਵੀ ਰਚਨਾ ਕੀਤੀ, ਜੋ ਬਾਲ ਸੰਦੇਸ਼, ਪ੍ਰੀਤ ਲੜੀ, ਸਰਦਲ ਆਦਿ ਰਿਸਾਲਿਆਂ ਵਿੱਚ ਛਪਦਾ ਰਿਹਾ। 1971 ਵਿੱਚ ਉਨ੍ਹਾਂ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਸਬੰਧੀ ਆਲੋਚਨਾਤਮਕ ਪੁਸਤਕ ਪ੍ਰਕਾਸ਼ਿਤ ਕੀਤੀ।

ਉਹ 1973-85 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਖੋਜ ਸਹਾਇਕ/ ਲੈਕਚਰਾਰ, 1985-93 ਦੌਰਾਨ ਰੀਡਰ ਅਤੇ 1993-2003 ਦੌਰਾਨ ਪ੍ਰੋਫੈਸਰ ਵਜੋਂ ਨਿਯੁਕਤ ਰਹੇ। 1995-98 ਦੌਰਾਨ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਕੂਲ ਆਫ ਪੰਜਾਬੀ ਸਟੱਡੀਜ਼ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਬਣੇ। ਇਸ ਦੌਰਾਨ ਵੱਖ-ਵੱਖ ਸਮੇਂ ਉਹ ਯੂਨੀਵਰਸਿਟੀ ਦੇ ਡੀਨ ਸਟੂਡੈਂਟ ਵੈਲਫੇਅਰ, ਡੀਨ ਲੈਂਗੁਏਜ ਫੈਕਲਟੀ, ਡੀਨ ਅਕੈਡਮਿਕ ਅਫੇਅਰਜ਼ ਵੀ ਰਹੇ। ਡਾ. ਘੁੰਮਣ ਦੀ ਨਿਗਰਾਨੀ ਹੇਠ ਤਿੰਨ ਦਰਜਨ ਦੇ ਕਰੀਬ ਵਿਦਿਆਰਥੀਆਂ ਨੇ ਪੀ.ਐਚ.ਡੀ. ਕੀਤੀ।

ਡਾ. ਘੁੰਮਣ ਨੇ ਪੰਜਾਬੀ ਸਾਹਿਤ, ਗੁਰਮਤਿ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿੱਚ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਉਨ੍ਹਾਂ ਨੇ 50 ਮੌਲਿਕ ਪੁਸਤਕਾਂ ਅਤੇ 25 ਦੇ ਕਰੀਬ ਸੰਪਾਦਿਤ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਨ੍ਹਾਂ ਦੀਆਂ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿੱਚ ਕੁਝ ਪੁਸਤਕਾਂ ਦਾ ਜ਼ਿਕਰ ਇਸ ਪ੍ਰਕਾਰ ਹੈ; ਕਹਾਣੀਕਾਰ ਕੁਲਵੰਤ ਸਿੰਘ ਵਿਰਕ (1972), ਸੁਜਾਨ ਸਿੰਘ ਦੀ ਕਹਾਣੀ ਕਲਾ (1973), ਬਾਣੀ ਗੁਰੂ ਤੇਗ ਬਹਾਦਰ (1975), ਪੰਜਾਬੀ ਕਿੱਸਾ ਕਾਵਿ ਅਤੇ ਦੁਖਾਂਤ ਪਰੰਪਰਾ (1983), ਪੰਜਾਬੀ ਲੋਕ ਗੀਤ ਪਰੰਪਰਾ (1986), ਕਿਸ਼ਨ ਸਿੰਘ ਆਰਿਫ਼ ਜੀਵਨ ਤੇ ਰਚਨਾ (1987), ਪੰਜਾਬੀ ਨਿੱਕੀ ਕਹਾਣੀ: ਸਿਧਾਂਤ, ਸਰੂਪ ਤੇ ਵਿਕਾਸ (1989), ਪੰਜਾਬੀ ਲੋਕ ਕਾਵਿ (1989), ਮੱਧ ਕਲੀਨ ਪੰਜਾਬੀ ਸਾਹਿਤ (1989), ਆਧੁਨਿਕ ਪੰਜਾਬੀ ਸਾਹਿਤ (1990), ਪੰਜਾਬੀ ਸੂਫੀ ਕਾਵਿ (1990), ਆਧੁਨਿਕ ਪੰਜਾਬੀ ਸਾਹਿਤ ਨੂੰ ਸਿੰਘ ਸਭਾ ਲਹਿਰ ਦੀ ਦੇਣ (1990), ਸਮੀਖਿਆ ਪਰਵਾਹ (1991), ਸਾਹਿਤ ਚਿੰਤਨ (1993), ਕਿੱਸਾ ਅਤੇ ਕਿੱਸਾਕਾਰੀ

(1994), ਮਾਨਵਵਾਦ ਅਤੇ ਪੰਜਾਬੀ ਸਾਹਿਤ ਚਿੰਤਨ (1995), ਪੰਜਾਬੀ ਕਿੱਸਾ ਕਾਵਿ ਸਰੂਪ ਸਿਧਾਂਤ ਤੇ ਵਿਕਾਸ (1997), ਸੂਫ਼ੀਅਤ ਅਤੇ ਪੰਜਾਬੀ ਸੂਫ਼ੀ ਕਾਵਿ (1999), ਸਾਹਿਤ ਸੰਚਾਰ ਅਤੇ ਸੱਭਿਆਚਾਰ (2003), ਸਾਡਾ ਵਿਰਸਾ ਅਤੇ ਸਾਹਿਤ (2004), ਸਾਹਿਤ ਸਮਾਲੋਚਨਾ ਅਤੇ ਇਤਿਹਾਸ (2005), ਰਾਮ ਸਰੂਪ ਅਣਖੀ : ਜੀਵਨ ਤੇ ਰਚਨਾ (2006), ਸੱਸੀ ਪੁੰਨੂ ਅਹਿਮਦ ਯਾਰ (2007), ਸ਼ਾਹ ਹੁਸੈਨ : ਜੀਵਨ ਤੇ ਰਚਨਾ (2008), ਵਾਰਿਸ ਸ਼ਾਹ ਦੀ ਕਿੱਸਾਕਾਰੀ (2012), ਭੁੱਲੇ ਵਿਸਰੇ ਸੂਫ਼ੀਆਂ ਦਾ ਕਲਾਮ (2017)।

ਡਾਕਟਰ ਬਿਕਰਮ ਸਿੰਘ ਘੁੰਮਣ ਨੇ ਬਹੁਤ ਸਾਰੀਆਂ ਪੁਸਤਕਾਂ ਸਿੱਖ ਇਤਿਹਾਸ, ਗੁਰਮਤਿ ਅਤੇ ਕੌਮੀ ਪਰਵਾਨਿਆਂ ਬਾਰੇ ਵੀ ਲਿਖੀਆਂ, ਜਿਨ੍ਹਾਂ ਵਿੱਚੋਂ ਕੁਝ ਕੁ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ; ਆਸਾ ਦੀ ਵਾਰ ਚਿੰਤਨ ਅਤੇ ਕਲਾ (1981), ਗੁਰਮਤਿ ਕਾਵਿ ਬਿਬੇਕ (1998), ਜੀਵਨ ਫਲਸਫਾ ਗੁਰੂ ਤੇਗ ਬਹਾਦਰ (1998), ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ :ਪਾਠ, ਚਿੰਤਨ ਤੇ ਕਲਾ (2003), ਗੁਰੂ ਨਾਨਕ ਦੇਵ ਜੀ ਦਾ ਰਚਨਾ ਸੰਸਾਰ (2005), ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ (2009), ਗ਼ਦਰੀ ਬਾਬਾ ਵਿਸਾਖਾ ਸਿੰਘ (1984), ਸਾਡੇ ਕੌਮੀ ਨਾਇਕ (1994), ਸਿੰਘ ਸਭਾ ਲਹਿਰ ਇਤਿਹਾਸਕ ਪਿਛੋਕੜ (2003), ਰਾਸ਼ਟਰੀ ਚੇਤਨਾ ਅਤੇ ਅਕਾਲੀ ਲਹਿਰ (2005), ਦੇਸ਼ ਭਗਤ ਯੋਧੇ (2015)। ਉਨ੍ਹਾਂ ਦੀ ਪੁਸਤਕ ਪੰਜਾਬੀ ਮੁਹਾਵਰਾ ਅਤੇ ਅਖਾਣ ਕੋਸ਼ ਸਮੇਤ ਕਈ ਹੋਰ ਪੁਸਤਕਾਂ ਦੇ ਕਈ-ਕਈ ਐਡੀਸ਼ਨ ਛਪ ਚੁੱਕੇ ਹਨ। ਉਨ੍ਹਾਂ ਨੇ 150 ਦੇ ਕਰੀਬ ਰਿਸਰਚ ਪੇਪਰ ਵੀ ਲਿਖੇ ਅਤੇ ਇਨ੍ਹਾਂ ਵਿੱਚੋਂ ਕਈ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਪੜ੍ਹੇ ਗਏ।

ਡਾ. ਬਿਕਰਮ ਸਿੰਘ ਘੁੰਮਣ ਆਪਣੇ ਅਧਿਆਪਕ ਵਰਗ ਵਿੱਚ ਇੰਨੇ ਹਰਮਨ ਪਿਆਰੇ ਸਨ ਕਿ ਉਹ ਅੱਠ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ, ਦੋ ਸਾਲ ਮੀਤ ਪ੍ਰਧਾਨ ਅਤੇ ਦੋ ਸਾਲ ਜਨਰਲ ਸਕੱਤਰ ਰਹੇ। ਇਸ ਤੋਂ ਇਲਾਵਾ ਉਹ ਤਿੰਨ ਸਾਲ ਪੰਜਾਬ ਫੈਡਰੇਸ਼ਨ ਆਫ ਯੂਨੀਵਰਸਿਟੀ ਟੀਚਰਜ਼ ਐਸੋਸ਼ੀਏਸ਼ਨ ਦੇ ਚੇਅਰਮੈਨ ਰਹੇ। ਉਸ ਸਮੇਂ ਯੂਨੀਵਰਸਿਟੀ ਅਧਿਆਪਕਾਂ/ਕਰਮਚਾਰੀਆਂ ਲਈ ਪੈਨਸ਼ਨ ਸਕੀਮ ਲਾਗੂ ਕਰਨ ਹਿੱਤ ਬੜੀ ਮਿਹਨਤ ਨਾਲ ਯੋਗਦਾਨ ਪਾਇਆ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜ ਸਾਲ

ਸਿੰਡੀਕੇਟ ਮੈਂਬਰ ਅਤੇ ਸੱਤ ਸਾਲ ਸੈਨੇਟਰ ਵੀ ਰਹੇ। 1998-2004 ਦੌਰਾਨ ਉਹ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਰਹੇ।

1981-82 ਦੌਰਾਨ ਉਨ੍ਹਾਂ ਆਪਣੇ ਦੋਸਤ ਗੁਰਬਖਸ਼ ਸਿੰਘ ਫਰੈਂਕ ਨਾਲ ਰਲ ਕੇ ਪੰਜਾਬੀ ਲੇਖਕਾਂ ਨੂੰ ਪੁਸਤਕ ਪ੍ਰਕਾਸ਼ਨ ਦੇ ਖੇਤਰ ਵਿੱਚ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਪਹਿਲਾਂ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲੁਧਿਆਣਾ ਅਤੇ ਫਿਰ ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ ਦੇ ਗਠਨ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ। ਇਸ ਸੋਸਾਇਟੀ ਵੱਲੋਂ ਹੁਣ ਤੱਕ 150 ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਉਹ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਡ ਦੇ 25 ਸਾਲ ਮੈਨੇਜਿੰਗ ਡਾਇਰੈਕਟਰ ਅਤੇ 10 ਸਾਲ ਪ੍ਰਧਾਨ ਰਹੇ ਹਨ। ਇਸ ਸੋਸਾਇਟੀ ਵੱਲੋਂ ਉਨ੍ਹਾਂ ਦੀ ਘਾਲਣਾ ਦਾ ਸਨਮਾਨ ਕਰਦਿਆਂ 2023 ਵਿੱਚ ਉਨ੍ਹਾਂ ਨੂੰ ਸਦਭਾਵਨਾ ਪੁਰਸਕਾਰ ਦੇ ਕੇ ਨਿਵਾਜ਼ਿਆ ਗਿਆ ਸੀ। ਇਸ ਤੋਂ ਇਲਾਵਾ ਡਾ. ਘੁੰਮਣ ਸਾਹਿਬ ਨੂੰ ਬਹੁਤ ਸਾਰੀਆਂ ਸਭਾ ਸੁਸਾਇਟੀਆਂ ਵੱਲੋਂ ਮਾਨ-ਸਨਮਾਨ ਦਿੱਤਾ ਗਿਆ ਹੈ। ਡਾ. ਘੁੰਮਣ ਦਾ ਕਹਿਣਾ ਹੈ ਕਿ ਮਿਹਨਤ ਅਤੇ ਇਮਾਨਦਾਰੀ ਦਾ ਕੋਈ ਬਦਲ ਨਹੀਂ।

1968 ਵਿੱਚ ਡਾਕਟਰ ਘੁੰਮਣ ਦੀ ਸ਼੍ਰੀਮਤੀ ਅਮਰਜੀਤ ਕੌਰ ਜੇ.ਬੀ.ਟੀ. ਗਿਆਨੀ ਨਾਲ ਸ਼ਾਦੀ ਹੋਈ, ਜੋ ਹੁਣ ਅਧਿਆਪਕਾ ਵਜੋਂ ਸੇਵਾ ਮੁਕਤ ਹਨ। ਉਨ੍ਹਾਂ ਦੇ ਦੋ ਬੱਚੇ ਹਨ, ਵੱਡਾ ਬੇਟਾ ਤੇ ਛੋਟੀ ਬੇਟੀ। ਬੇਟੇ ਨੇ ਲਿਵਰਪੂਲ ਯੂਨੀਵਰਸਿਟੀ ਬਰਤਾਨੀਆ ਤੋਂ ਪੀ.ਐਚ.ਡੀ. ਕੀਤੀ ਹੈ ਤੇ ਹੁਣ ਉਹ ਪੰਜਾਬ ਦੀ ਇਕ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਅਤੇ ਡੀਨ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਡਾ. ਘੁੰਮਣ ਦੀ ਬੇਟੀ ਐਮ.ਸੀ.ਏ. ਕਰਕੇ 2000 ਈ. ਤੋਂ ਪਰਿਵਾਰ ਸਮੇਤ ਸਿਡਨੀ (ਆਸਟ੍ਰੇਲੀਆ) ਵਿਖੇ ਵੈੱਲ ਸੈਟਲਡ ਹੈ।

ਸੇਵਾ ਮੁਕਤੀ ਤੋਂ ਪਿੱਛੋਂ ਵੀ ਡਾ. ਘੁੰਮਣ ਅਤੇ ਸ਼੍ਰੀਮਤੀ ਘੁੰਮਣ ਸਦਾ ਕਿਤਾਬਾਂ ਨਾਲ ਜੁੜੇ ਰਹਿੰਦੇ ਹਨ। ਸਾਹਿਤ ਨਾਲ ਜੋੜਨ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ 2013-16 ਵਿੱਚ ਸ਼੍ਰੀਮਤੀ ਘੁੰਮਣ ਡਿਪਰੈਸ਼ਨ (ਤਨਾਓ ਦੇ ਰੋਗ) ਵਿੱਚ ਏਨਾ ਗ੍ਰਸਤ ਹੋ ਗਏ ਕਿ ਦੁਨੀਆ ਦੀ ਕੋਈ ਸੁੱਧ-ਬੁੱਧ ਨਾ ਰਹੀ, ਨੀਂਦ ਉੱਡ ਗਈ ਤੇ ਖਾਣ ਪੀਣ ਭੁੱਲ ਗਿਆ। ਚੰਗੇ ਚੰਗੇ ਡਾਕਟਰਾਂ ਤੱਕ ਪਹੁੰਚ ਕੀਤੀ, ਪਰ ਕੋਈ ਫਰਕ ਨਾ ਪਿਆ, ਇਥੋਂ ਤੱਕ ਕਿ ਦੂਰ ਨੇੜੇ ਦੇ ਰਿਸ਼ਤੇਦਾਰ ਮੂੰਹ ਮੁਲਾਹਜੇ ਵਜੋਂ ਅੰਤਿਮ ਮਿਲਣੀ ਲਈ

ਆਉਣ ਲੱਗ ਪਏ। ਅਖ਼ੀਰ ਕਿਸੇ ਸਿਆਣੇ ਡਾਕਟਰ ਨੇ ਸਲਾਹ ਦਿੱਤੀ ਕਿ ਇਨ੍ਹਾਂ ਦੀ ਦਵਾਈ ਘਟਾਈ ਜਾਵੇ ਤੇ ਧਿਆਨ ਕਿਸੇ ਹੋਰ ਪਾਸੇ ਲਾਇਆ ਜਾਵੇ। ਹੌਲੀ ਹੌਲੀ ਉਨ੍ਹਾਂ ਨੂੰ ਕਿਤਾਬਾਂ ਨਾਲ ਜੋੜਿਆ ਗਿਆ। 2016 ਤੋਂ ਹੁਣ ਤੱਕ ਘਰ ਵਿੱਚ ਰਾਸ਼ਨ ਲੇਟ ਹੋ ਸਕਦਾ ਹੈ, ਪਰ ਕਿਤਾਬਾਂ ਦੀ ਤੋਟ ਨਹੀਂ ਆਉਣ ਦਿੱਤੀ ਜਾਂਦੀ। ਅੱਜਕਲ੍ਹ ਡਾ. ਘੁੰਮਣ ਇਸ ਗੱਲੋਂ ਕਾਫੀ ਚਿੰਤਤ ਹਨ ਕਿ ਅਜੋਕੀ ਪੀੜ੍ਹੀ ਵਿੱਚ ਪਾਠਕਾਂ ਵਿਸ਼ੇਸ਼ ਕਰਕੇ ਵਿਦਿਆਰਥੀਆਂ ਵਿੱਚ ਨਿੱਠ ਕੇ ਅਧਿਐਨ ਕਰਨ ਦੀ ਰੁਚੀ ਘਟ ਰਹੀ ਹੈ। ਅਜੋਕੀ ਪੀੜ੍ਹੀ ਦਾ ਵਧੇਰੇ ਧਿਆਨ ਸੋਸ਼ਲ ਮੀਡੀਆ ਵੱਲ ਹੋ ਗਿਆ ਹੈ ਅਤੇ ਉਹ ਕਿਤਾਬਾਂ ਤੋਂ ਦੂਰ ਹੋ ਰਹੀ ਹੈ। ਡਾਕਟਰ ਘੁੰਮਣ ਦੀ ਇੱਛਾ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਪੁਸਤਕਾਂ ਨਾਲ ਜੋੜਿਆ ਜਾਵੇ।

ਮੋਬਾਇਲ : 98151-26942

# ਭੋਲਾ ਸਿੰਘ ਸੰਘੇੜਾ



ਭੋਲਾ ਸਿੰਘ ਸੰਘੇੜਾ ਬਹੁਵਿਧਾਵੀ ਲੇਖਕ ਹੈ। ਉਨ੍ਹਾਂ ਦਾ ਜਨਮ 7 ਜੂਨ, 1959 ਨੂੰ ਪਿਤਾ ਭਾਗ ਸਿੰਘ ਅਤੇ ਮਾਤਾ ਤੇਜ ਕੌਰ ਦੇ ਗ੍ਰਹਿ ਵਿਖੇ ਪਿੰਡ ਸੰਘੇੜਾ ਜ਼ਿਲ੍ਹਾ ਬਰਨਾਲਾ ਵਿੱਚ ਹੋਇਆ। ਉਨ੍ਹਾਂ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਇੱਕ ਵਾਰ ਚੌਥੀ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਨੂੰ ਮਾਨਸਾ ਜ਼ਿਲ੍ਹੇ ਵਿੱਚ ਲੱਗਦੇ ਪੁਲਾੜੇ ਦੇ ਮੇਲੇ ’ਤੇ ਜਾਣ ਦਾ ਮੌਕਾ ਮਿਲਿਆ। ਮੇਲੇ ਵਿੱਚ ਕਵੀਸ਼ਰ ਇਤਿਹਾਸਕ ਪ੍ਰਸੰਗ ਸੁਣਾ ਰਹੇ ਸਨ। ਇਸੇ ਮੇਲੇ ਵਿੱਚ ਇੱਕ ਛੋਟੇ ਬੱਚੇ ਨੇ ਵੀ ਧਾਰਮਿਕ ਗੀਤ ਪੇਸ਼ ਕੀਤਾ, ਬਾਲਕ ਦੀ ਝੋਲੀ ਲੋਕਾਂ ਨੇ ਰੁਪਇਆ ਨਾਲ ਭਰ ਦਿੱਤੀ। ਇਸ ਦ੍ਰਿਸ਼ ਨੇ ਬਾਲਕ ਭੋਲਾ ਸਿੰਘ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਘਰ ਆ ਕੇ ਉਨ੍ਹਾਂ ਨੇ ਵੀ ਇਸੇ ਤਰਜ਼ ਤੇ ਗੀਤ ਲਿਖਿਆ ਅਤੇ ਇੱਕ ਘਰੇਲੂ ਪ੍ਰੋਗਰਾਮ ਦੌਰਾਨ ਗਾਇਆ। ਸਰੋਤਿਆਂ ਨੇ ਉਨ੍ਹਾਂ ਦੀ ਚੰਗੀ ਹੌਸਲਾ ਅਫ਼ਜਾਈ ਕੀਤੀ।

ਪ੍ਰਾਇਮਰੀ ਪਾਸ ਕਰਨ ਪਿੱਛੋਂ ਛੇਵੀਂ ਤੋਂ ਲੈ ਕੇ ਦਸਵੀਂ ਜਮਾਤ ਤੱਕ ਉਨ੍ਹਾਂ ਨੂੰ ਪ੍ਰਸਿੱਧ ਲੇਖਕ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ ਜੀ ਹਿੰਦੀ ਪੜ੍ਹਾਉਂਦੇ ਰਹੇ। ਭੋਲਾ ਸਿੰਘ ਸੰਘੇੜਾ ਗਾਸੋ ਸਾਹਿਬ ਤੋਂ ਬਹੁਤ ਪ੍ਰਭਾਵਿਤ ਹੋਏ। ਨੌਵੀਂ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਦਾ ਇਕ ਗੀਤ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦੁਆਰਾ ਪ੍ਰਕਾਸ਼ਿਤ ਹੁੰਦੇ ਪਰਚੇ ‘ਫਿਲਮੀ ਦੁਨੀਆ’ ਵਿੱਚ ਛਪਿਆ। ਦਸਵੀਂ ਵਿੱਚ ਪੜ੍ਹਦਿਆਂ ਉਨ੍ਹਾਂ ਦੀ ਇੱਕ ਮਿੰਨੀ ਕਹਾਣੀ ‘ਬੁਰੀ ਨਜ਼ਰ ਮੂੰਹ ਕਾਲਾ’ ਰੌਸ਼ਨ ਫੂਲਵੀ ਦੀ ਦੇਖ-ਰੇਖ ਹੇਠ ਪ੍ਰਕਾਸ਼ਿਤ ਹੁੰਦੇ ਮੈਗਜ਼ੀਨ ‘ਸਤਿ ਸਾਗਰ’ ਵਿੱਚ ਛਪੀ। ਇਸ ਪ੍ਰਕਾਰ ਉਨ੍ਹਾਂ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਹੋ ਗਈ। ਉਨ੍ਹਾਂ ਨੇ ਆਪਣੇ ਪਿੰਡ ਦੇ ਸਕੂਲ ਤੋਂ 1976 ਵਿੱਚ ਮੈਟ੍ਰਿਕ ਮੈਰਿਟ ਲਿਸਟ ਵਿੱਚ ਆ ਕੇ ਪਾਸ ਕੀਤੀ।

ਉਨ੍ਹਾਂ ਨੇ 1981 ਵਿੱਚ ਐਸ.ਐਸ.ਡੀ. ਕਾਲਜ ਬਰਨਾਲਾ ਤੋਂ ਬੀ.ਐਸ.ਸੀ. (ਨਾਨ ਮੈਡੀਕਲ) ਕੀਤੀ। ਇਸ ਤੋਂ ਪਿੱਛੋਂ ਉਨ੍ਹਾਂ ਬੀ.ਐਡ. ਕੀਤੀ ਅਤੇ ਸਾਇੰਸ ਮਾਸਟਰ ਦੇ ਤੌਰ ’ਤੇ ਉਹ 29 ਜਨਵਰੀ, 1983 ਨੂੰ ਸਰਕਾਰੀ ਮਿਡਲ ਸਕੂਲ

ਭਾਦੜਾ (ਮਾਨਸਾ) ਵਿਖੇ ਹਾਜ਼ਰ ਹੋਏ। ਉਨ੍ਹਾਂ ਨੇ ਮਾਨਸਾ ਜ਼ਿਲ੍ਹੇ ਦੇ ਭਾਦੜਾ, ਬੱਛੋਆਣਾ, ਬਰ੍ਹੇ ਸਕੂਲਾਂ ਵਿੱਚ, ਸੰਗਰੂਰ ਜ਼ਿਲ੍ਹੇ ਦੇ ਗੁਰਬਖਸ਼ਪੁਰਾ ਅਤੇ ਸ਼ੇਰਪੁਰ ਤੇ ਬਰਨਾਲਾ ਜ਼ਿਲ੍ਹੇ ਦੇ ਗੁਰਮ ਅਤੇ ਹੰਡਿਆਇਆ ਵਿੱਚ ਸੇਵਾ ਨਿਭਾਈ। ਉਨ੍ਹਾਂ ਨੇ ਅਧਿਆਪਨ ਕਾਰਜ ਕਰਨ ਦੇ ਨਾਲ-ਨਾਲ ਆਪਣੀ ਸਿੱਖਿਆ ਵਿੱਚ ਵਾਧਾ ਕਰਨ ਲਈ ਐਮ.ਕਾਮ., ਐਮ.ਏ., ਐਮ.ਫਿਲ. (ਪੰਜਾਬੀ) ਤੱਕ ਪੜ੍ਹਾਈ ਕੀਤੀ। ਸਕੂਲ ਲੈਕਚਰਾਰ ਵਜੋਂ ਤਰੱਕੀ ਹੋਣ 'ਤੇ ਉਨ੍ਹਾਂ 24 ਜੁਲਾਈ, 2008 ਤੋਂ ਪੰਜਾਬੀ ਲੈਕਚਰਾਰ ਵਜੋਂ ਬਰਨਾਲਾ ਜ਼ਿਲ੍ਹੇ ਦੇ ਪਿੰਡਾਂ ਸ਼ਹਿਣਾ, ਖੁੱਡੀ ਕਲਾਂ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਨ ਕਾਰਜ ਕੀਤਾ। ਉਹ 30 ਜੂਨ, 2018 ਨੂੰ ਪੰਜਾਬੀ ਵਿਸ਼ੇ ਦੇ ਲੈਕਚਰਾਰ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡੀ ਕਲਾਂ ਤੋਂ ਸੇਵਾ ਮੁਕਤ ਹੋਏ।

ਉਨ੍ਹਾਂ ਦੀ ਪਹਿਲੀ ਪੁਸਤਕ ਕਹਾਣੀ ਸੰਗ੍ਰਹਿ 'ਜ਼ਹਿਰ ਦਾ ਘੁੱਟ' 1987 ਵਿੱਚ ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੇ ਪੰਜਾਬੀ ਵਿੱਚ ਹੋਰ ਕਹਾਣੀ ਸੰਗ੍ਰਹਿ 'ਰੇਤ ਦੀਆਂ ਕੰਧਾਂ' (2002), 'ਹਾਏ ਓਏ ਦੁੱਲਿਆ' (2016) 'ਇਹ ਜੰਗ ਕੌਣ ਲੜੇਗਾ' (2018) 'ਜੜ-ਮੂਲ' (2023) ਅਤੇ 'ਮਿੱਟੀ ਦੇ ਪੁੱਤ' (ਕਿਸਾਨੀ ਜੀਵਨ ਨਾਲ ਸਬੰਧਿਤ ਚੋਣਵੀਆਂ ਕਹਾਣੀਆਂ) 2025 ਵਿੱਚ ਪ੍ਰਕਾਸ਼ਿਤ ਹੋਏ ਹਨ। ਉਨ੍ਹਾਂ ਦੀਆਂ ਵਧੇਰੇ ਕਹਾਣੀਆਂ ਕਿਰਸਾਨੀ ਜੀਵਨ ਅਤੇ ਸਮੱਸਿਆਵਾਂ ਨੂੰ ਰੂਪਮਾਨ ਕਰਦੀਆਂ ਹਨ। ਉਨ੍ਹਾਂ ਦੀ ਕਹਾਣੀ 'ਸੀਬੋ' ਗਾਡੀ ਲੁਹਾਰਾਂ ਨਾਲ ਸੰਬੰਧਿਤ ਹੈ। ਕਹਾਣੀ 'ਬਾਪੂ' ਵਿੱਚ ਮਹਾਜਨ ਪਰਿਵਾਰ ਦਾ ਭਰਪੂਰ ਜ਼ਿਕਰ ਹੈ। 'ਪਰਤ ਆਵਾਂਗਾ ਮੈਂ", 'ਮਤਰੇਈ ਮਿੱਟੀ', 'ਸਾਂਝ ਦੇ ਪਲ' ਅਤੇ 'ਸੇਕ' ਕਹਾਣੀਆਂ ਮਜ਼ਦੂਰਾਂ ਦੇ ਜੀਵਨ 'ਤੇ ਆਧਾਰਤ ਹਨ। 'ਬੰਦੇ ਦਾ ਪੁੱਤ' ਕਹਾਣੀ ਕਰੋਨਾ ਕਾਲ ਬਾਰੇ ਹੈ, ਜਿਸ ਦੇ ਸਾਰੇ ਪਾਤਰ ਜਾਨਵਰ ਹਨ, ਜੋ ਆਪਸ ਵਿੱਚ ਸੰਵਾਦ ਕਰਦੇ ਹਨ। 'ਪੁਨਰ ਜਨਮ' ਉਨ੍ਹਾਂ ਦੀ ਹਿੰਦੀ ਵਿੱਚ ਅਨੁਵਾਦਿਤ ਕਹਾਣੀਆਂ ਦੀ ਪੁਸਤਕ ਹੈ, ਜਿਸ ਦਾ ਬਰਨਾਲਾ ਰਹਿੰਦੇ ਲੇਖਕ ਤਰਸੇਮ ਨੇ ਅਨੁਵਾਦ ਕੀਤਾ ਹੈ। ਲੇਖਕ ਤਰਸੇਮ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੇ ਦੋ ਪੁਰਸਕਾਰ (ਅਨੁਵਾਦ ਅਤੇ ਬਾਲ ਸਾਹਿਤ) ਮਿਲ ਚੁੱਕੇ ਹਨ। ਭੋਲਾ ਸਿੰਘ ਸੰਘੇੜਾ ਦੀਆਂ ਕਈ ਕਹਾਣੀਆਂ ਵਿੱਚ ਕਈ-ਕਈ ਪਰਤਾਂ ਖੁੱਲਦੀਆਂ ਹਨ। ਪਾਤਰਾਂ ਦੀਆਂ ਮਹੀਨ ਭਾਵਨਾਵਾਂ ਉੱਪਰ ਉਨ੍ਹਾਂ ਦਾ ਪੂਰਨ ਨਿਯੰਤਰਣ ਹੈ।

'ਜੰਗਲੀ ਗੁਲਾਬ' ਉਨ੍ਹਾਂ ਦੁਆਰਾ ਸ਼ਬਦ ਚਿੱਤਰਾਂ ਦੀ ਲਿਖੀ ਹੋਈ ਪੁਸਤਕ ਹੈ, ਜਿਸ ਦੀ ਪ੍ਰਕਾਸ਼ਨਾ 2017 ਵਿੱਚ ਹੋਈ। ਨਾਵਲ 'ਬਲਦੀ ਰੁੱਤ' (2019), ਵਿਚਾਰ

ਸੰਗ੍ਰਹਿ 'ਤੇਰਾਂ ਸੌ ਤੇਰਾਂ' (2021) ਅਤੇ 'ਸ਼ਬਦਾਂ ਦਾ ਸਫ਼ਰ' (ਬਰਨਾਲਾ ਦੀ ਸਾਹਿਤਕ ਲਹਿਰ ਦਾ ਇਤਿਹਾਸ) 2022 ਵਿੱਚ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਹਨ। ਉਨ੍ਹਾਂ ਦੀ ਪੁਸਤਕ 'ਸ਼ਬਦਕਾਰ' (ਨਿਬੰਧ ਸੰਗ੍ਰਹਿ) 2024 ਵਿੱਚ ਪ੍ਰਕਾਸ਼ਿਤ ਹੋਈ ਹੈ, ਜਿਸ ਵਿੱਚ ਬਰਨਾਲਾ ਦੀ ਸਾਹਿਤਿਕ ਲਹਿਰ ਦੇ ਮੋਢੀ 25 ਲੇਖਕਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

ਭੋਲਾ ਸਿੰਘ ਸੰਘੇੜਾ ਨੇ ਸੰਪਾਦਨ, ਅਨੁਵਾਦ ਅਤੇ ਆਲੋਚਨਾ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸੰਪਾਦਨਾ ਦੇ ਖੇਤਰ ਵਿੱਚ 'ਢਲਦੀ ਦੁਪਹਿਰ' (ਕਿਸਾਨੀ ਜੀਵਨ ਨਾਲ ਸਬੰਧਤ ਕਹਾਣੀਆਂ), 'ਨਾਨਕ ਨੂਰ' (ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੀਤ-ਸੰਗ੍ਰਹਿ) ਸ਼ਾਮਿਲ ਹੈ। ਉਨ੍ਹਾਂ ਡਾ. ਜੋਗਿੰਦਰ ਸਿੰਘ ਨਿਰਾਲਾ ਨਾਲ ਰਲ ਕੇ 'ਕੂੰਜਾਂ ਦੀ ਪਰਵਾਜ਼' (ਪੰਜਾਬੀ ਔਰਤ ਲੇਖਿਕਾਵਾਂ ਦੀਆਂ ਕਹਾਣੀਆਂ) ਅਤੇ 'ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਕਥਾ ਵਿਵੇਕ' ਪੁਸਤਕਾਂ ਸੰਪਾਦਿਤ ਕੀਤੀਆਂ। ਅਨੁਵਾਦ ਦੇ ਖੇਤਰ ਵਿੱਚ ਉਨ੍ਹਾਂ 'ਅਸੀਂ ਨਾਸਤਕ ਬਣੇ' ਅਤੇ 'ਨੀਲੇ ਪੱਤਰੇ' ਸੰਗ੍ਰਹਿ ਸਾਹਿਤ ਦੀ ਝੋਲੀ ਪਾਏ ਹਨ। ਆਲੋਚਨਾ ਦੇ ਖੇਤਰ ਵਿੱਚ ਉਨ੍ਹਾਂ ਪੰਜਾਬ ਦੇ ਪ੍ਰਸਿੱਧ ਨਾਵਲਕਾਰ 'ਮਿੱਤਰ ਸੈਨ ਮੀਤ ਦੀਆਂ ਕਹਾਣੀਆਂ ਦਾ ਕਥਾ ਵਿਵੇਕ' ਪੁਸਤਕ ਪ੍ਰਕਾਸ਼ਿਤ ਕੀਤੀ ਹੈ। ਭੋਲਾ ਸਿੰਘ ਸੰਘੇੜਾ ਦੀਆਂ ਬਹੁਤ ਸਾਰੀਆਂ ਕਹਾਣੀਆਂ ਨੂੰ ਪੰਜਾਬੀ ਦੇ ਪ੍ਰਸਿੱਧ ਵੱਖ-ਵੱਖ ਕਹਾਣੀਕਾਰਾਂ/ ਸੰਪਾਦਕਾਂ ਦੁਆਰਾ ਸੰਪਾਦਿਤ ਕੀਤੇ ਗਏ15 ਸਾਂਝੇ ਕਹਾਣੀ ਸੰਗ੍ਰਹਿਆਂ ਵਿੱਚ ਵਿਸ਼ੇਸ਼ ਤੌਰ 'ਤੇ ਸਥਾਨ ਦਿੱਤਾ ਗਿਆ ਹੈ। ਉਨ੍ਹਾਂ ਦੀਆਂ ਕਈ ਕਹਾਣੀਆਂ ਵੱਖ-ਵੱਖ ਸੰਪਾਦਕਾਂ ਦੁਆਰਾ ਹਿੰਦੀ ਵਿੱਚ ਸੰਪਾਦਿਤ ਕੀਤੇ ਗਏ ਸੰਗ੍ਰਹਿਆਂ ਵਿੱਚ ਸ਼ਾਮਿਲ ਹਨ। ਭੋਲਾ ਸਿੰਘ ਸੰਘੇੜਾ ਦੀਆਂ ਕਈ ਕਹਾਣੀਆਂ ਕੰਨੜ ਭਾਸ਼ਾ ਵਿੱਚ ਵੀ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੋ ਚੁੱਕੀਆਂ ਹਨ।


ਡਾ. ਸੁਰਜੀਤ ਬਰਾੜ ਨੇ ਵੱਖ-ਵੱਖ ਆਲੋਚਕਾਂ ਵੱਲੋਂ ਭੋਲਾ ਸਿੰਘ ਸੰਘੇੜਾ ਦੀਆਂ ਕਹਾਣੀਆਂ ਉੱਪਰ ਕੀਤੇ ਆਲੋਚਨਾਤਮਿਕ ਕਾਰਜ ਨੂੰ 'ਭੋਲਾ ਸਿੰਘ ਸੰਘੇੜਾ ਦੀਆਂ ਕਹਾਣੀਆਂ-ਦ੍ਰਿਸ਼ਟੀ ਮੂਲਕ ਤਰਜੀਹਾਂ' ਸਿਰਲੇਖ ਅਧੀਨ ਸੰਪਾਦਿਤ ਕੀਤਾ ਹੈ। ਭੋਲਾ ਸਿੰਘ ਸੰਘੇੜਾ ਦੀਆਂ ਕਹਾਣੀਆਂ ਉੱਪਰ ਕਈ ਖੋਜਾਰਥੀ ਐਮ. ਫਿਲ ਕਰ ਚੁੱਕੇ ਹਨ, ਜਿਨ੍ਹਾਂ ਵਿੱਚ ਜਰਨੈਲ ਸਿੰਘ ਟਿਵਾਣਾ ਵੱਲੋਂ 'ਭੋਲਾ ਸਿੰਘ ਸੰਘੇੜਾ ਦੀ ਕਹਾਣੀ ਕਲਾ-ਇੱਕ ਅਧਿਐਨ' ਵਿਸ਼ੇ 'ਤੇ ਅਤੇ ਜਸਬੀਰ ਸਿੰਘ ਰੂੜੇਕੇ ਵੱਲੋਂ 'ਭੋਲਾ

ਸਿੰਘ ਸੰਘੇੜਾ ਦੇ ਗਲਪ ਵਿੱਚ ਕਿਸਾਨੀ ਸੰਕਟ' ਵਿਸ਼ੇ 'ਤੇ ਐਮ.ਫਿਲ. ਕੀਤੀ ਗਈ ਹੈ। ਭੋਲਾ ਸਿੰਘ ਸੰਘੇੜਾ ਦੀ ਕਹਾਣੀ ਕਲਾ ਉੱਪਰ ਖੋਜ ਕਰਤਾ ਡਾ. ਅਮਨ ਪਾਲ ਕੌਰ ਵੱਲੋਂ 'ਨਵ-ਬਸਤੀਵਾਦੀ ਦੌਰ ਦੀ ਪੰਜਾਬੀ ਕਹਾਣੀ ਵਿੱਚ ਕਿਸਾਨੀ ਸੰਕਟ' ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ.ਡੀ. ਕੀਤੀ ਗਈ ਹੈ। ਤਿੰਨ ਕਹਾਣੀਕਾਰਾਂ-ਅਜਮੇਰ ਸਿੱਧੂ, ਭੋਲਾ ਸਿੰਘ ਸੰਘੇੜਾ ਅਤੇ ਜਸਵੀਰ ਸਿੰਘ ਰਾਣਾ ਦੀਆਂ ਕਹਾਣੀਆਂ ਦੇ ਸੰਦਰਭ ਵਿੱਚ ਖੋਜਾਰਥੀ ਅਮਨਦੀਪ ਕੌਰ ਨੇ 'ਪੰਜਾਬੀ ਕਹਾਣੀ ਦੀਆਂ ਬਿਰਤਾਂਤਕ ਜੁਗਤਾਂ' ਵਿਸ਼ੇ ਉੱਪਰ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਤੋਂ ਪੀ.ਐਚ.ਡੀ. ਕੀਤੀ ਹੈ।

ਭੋਲਾ ਸਿੰਘ ਸੰਘੇੜਾ ਨੂੰ ਬਹੁਤ ਸਾਰੀਆਂ ਸਭਾ ਸੁਸਾਇਟੀਆਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਕੁਝ ਸਨਮਾਨਾਂ ਦਾ ਜ਼ਿਕਰ ਇਸ ਤਰ੍ਹਾਂ ਹੈ; ਸੰਤ ਅਤਰ ਸਿੰਘ ਘੁੰਨਸ ਯਾਦਗਾਰੀ ਐਵਾਰਡ, ਮਾਤਾ ਗੁਰਮੇਲ ਕੌਰ ਯਾਦਗਾਰੀ ਐਵਾਰਡ ਅਤੇ ਲੋਕ ਸਾਹਿਤ ਮੰਚ ਲੁਧਿਆਣਾ ਵੱਲੋਂ ਸਨਮਾਨ ਸਮੇਤ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਮਿਲਿਆ ਮਾਨ-ਸਨਮਾਨ ਸ਼ਾਮਿਲ ਹੈ। ਭੋਲਾ ਸਿੰਘ ਸੰਘੇੜਾ 2000 ਤੋਂ ਲੈ ਕੇ 2010 ਤੱਕ ਪੰਜਾਬੀ ਸਾਹਿਤ ਸਭਾ (ਰਜਿ:) ਬਰਨਾਲਾ ਦੇ ਜਨਰਲ ਸਕੱਤਰ ਰਹੇ। ਉਨ੍ਹਾਂ ਦੀ ਜਨਰਲ ਸਕੱਤਰੀ ਦੇ ਕਾਰਜ ਕਾਲ ਦੌਰਾਨ 12-13 ਅਗਸਤ, 2000 ਨੂੰ ਸਭਾ ਨੇ ਪੰਜਾਬ ਪੱਧਰ ਦੀ 'ਪੰਜਾਬੀ ਨਾਵਲ ਵਰਕਸ਼ਾਪ' ਬਰਨਾਲਾ ਵਿਖੇ ਲਗਾਈ ਸੀ। ਅੱਜ ਕਲ੍ਹ ਭੋਲਾ ਸਿੰਘ ਸੰਘੇੜਾ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਦੇ ਜ਼ਿਲ੍ਹਾ ਜਨਰਲ ਸਕੱਤਰ ਹਨ। ਸੰਘੇੜਾ ਪਰਿਵਾਰ ਵੱਲੋਂ 2016 ਤੋਂ ਮਾਤਾ ਤੇਜ ਕੌਰ ਯਾਦਗਾਰੀ ਐਵਾਰਡ ਸ਼ੁਰੂ ਕੀਤਾ ਹੋਇਆ ਹੈ, ਜੋ ਹਰ ਸਾਲ ਇੱਕ ਪ੍ਰਬੁੱਧ ਲੇਖਕ ਨੂੰ ਦਿੱਤਾ ਜਾਂਦਾ ਹੈ। ਵਰਤਮਾਨ ਸਮੇਂ ਭੋਲਾ ਸਿੰਘ ਸੰਘੇੜਾ ਪੰਜਾਬੀ ਦੇ ਚਰਚਿਤ ਮੈਗਜ਼ੀਨ 'ਸਮਾਂਤਰ ਨਜ਼ਰੀਆ' ਦੇ ਸਹਾਇਕ ਸੰਪਾਦਕ ਵਜੋਂ ਸੇਵਾਵਾਂ ਨਿਭਾ ਰਹੇ ਹਨ। ਪੰਜਾਬੀ ਸਾਹਿਤ ਨੂੰ ਇਸ ਕਲਮ ਤੋਂ ਭਵਿੱਖ ਵਿੱਚ ਹੋਰ ਵਧੇਰੇ ਆਸ਼ਾਵਾਂ ਹਨ।

ਮੋਬਾਇਲ : 98147-87506

# ਮਾਲਵਿੰਦਰ ਸ਼ਾਇਰ



ਮਾਲਵਿੰਦਰ ਸ਼ਾਇਰ ਪੰਜਾਬੀ ਸਾਹਿਤਕ ਜਗਤ ਵਿੱਚ ਇੱਕ ਸਥਾਪਿਤ ਹਸਤਾਖਰ ਹੈ। ਉਨ੍ਹਾਂ ਦਾ ਪੂਰਾ ਨਾਂਅ ਮਾਲਵਿੰਦਰ ਸਿੰਘ ਬਰਾੜ ਹੈ। ਮਾਲਵਿੰਦਰ ਸ਼ਾਇਰ ਦਾ ਜਨਮ 10 ਜਨਵਰੀ, 1969 ਨੂੰ ਪਿਤਾ ਰਿਪੁਦਮਨ ਸਿੰਘ ਅਤੇ ਮਾਤਾ ਹਰਜਿੰਦਰ ਕੌਰ ਦੇ ਗ੍ਰਹਿ ਵਿਖੇ ਜ਼ਿਲ੍ਹਾ ਬਰਨਾਲਾ ਦੇ ਲਾਗਲੇ ਪਿੰਡ ਸ਼ੇਰ ਸਿੰਘ ਪੁਰਾ (ਨਾਈਵਾਲਾ) ਵਿਖੇ ਇੱਕ ਜ਼ਿਮੀਦਾਰ ਕਿਰਸਾਨ ਪਰਿਵਾਰ ਵਿੱਚ ਹੋਇਆ। ਉਨ੍ਹਾਂ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ, ਜੋ ਅੱਜਕੱਲ੍ਹ ਹਾਈ ਸਕੂਲ ਤੱਕ ਅੱਪਗ੍ਰੇਡ ਹੋ ਚੁੱਕਾ ਹੈ। 1985 ਈ: ਵਿੱਚ ਉਨ੍ਹਾਂ ਨੇ ਦਸਵੀਂ ਦਾ ਇਮਤਿਹਾਨ ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਹਾਈ ਸਕੂਲ, ਠੀਕਰੀਵਾਲਾ ਤੋਂ ਪਾਸ ਕੀਤਾ। ਹੁਣ ਇਸ ਸਕੂਲ ਦਾ ਦਰਜਾ ਹਾਇਰ ਸੈਕੰਡਰੀ ਸਕੂਲ ਤੱਕ ਬਣਿਆ ਹੋਇਆ ਹੈ। ਮਾਲਵਿੰਦਰ ਸ਼ਾਇਰ ਨੇ ਚਾਹੇ ਕਾਲਜ ਦੀ ਮੁੱਢਲੀ ਪੜ੍ਹਾਈ ਐਸ. ਡੀ. ਕਾਲਜ ਬਰਨਾਲਾ ਵਿਖੇ ਕੀਤੀ, ਪਰ ਗ੍ਰੈਜੂਏਸ਼ਨ ਡਿਗਰੀ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ (ਬਰਨਾਲਾ) ਤੋਂ ਪ੍ਰਾਪਤ ਕੀਤੀ। ਉਹ ਕਾਲਜ ਦੀ ਪੜ੍ਹਾਈ ਦੌਰਾਨ ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਸਰਗਰਮ ਰਹੇ। ਉਹ ਐਸ.ਡੀ. ਕਾਲਜ ਬਰਨਾਲਾ ਵਿਖੇ ਸਮੈਸਿੰਗ ਵਾਲੀਬਾਲ ਦੇ ਵਿੰਗ ਵਿੱਚ ਰਹੇ ਅਤੇ ਐਨ. ਐਸ. ਐਸ. ਵਲੰਟੀਅਰ ਵੀ ਰਹੇ। ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਵਿਖੇ ਪੜ੍ਹਾਈ ਦੌਰਾਨ ਉਹ ਕਾਲਜ ਦੀ 'ਲੋਕ-ਨਾਚ ਭੰਗੜਾ' ਦੀ ਟੀਮ ਦੇ ਦੋ ਸਾਲ ਕਪਤਾਨ ਵੀ ਰਹੇ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਵਿਦਿਆਰਥੀਆਂ ਨੂੰ ਭੰਗੜੇ ਦੀ ਕੋਚਿੰਗ ਵੀ ਦਿੰਦੇ ਰਹੇ। ਉਨ੍ਹਾਂ ਨੇ ਜਰਨਾਲਿਜ਼ਮ ਅਤੇ ਮਾਸ ਕਮਿਉਨੀਕੇਸ਼ਨ ਦਾ ਡਿਪਲੋਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਐਮ.ਏ. (ਪੰਜਾਬੀ) ਦੀ ਪੋਸਟ ਗਰੈਜੂਏਟ ਡਿਗਰੀ ਵੀ ਕੀਤੀ ਹੋਈ ਹੈ। ਕਿੱਤੇ ਵਜੋਂ ਅੱਜਕੱਲ੍ਹ ਉਹ ਖੇਤੀਬਾੜੀ ਕਰਦੇ ਹਨ ਅਤੇ ਫ੍ਰੀਲਾਂਸਰ ਪੱਤਰਕਾਰੀ ਨਾਲ਼ ਵੀ ਜੁੜੇ ਹੋਏ ਹਨ।

ਉਨ੍ਹਾਂ ਦੀ ਸ਼ਾਦੀ 1994 ਈ. ਵਿੱਚ ਲਖਵਿੰਦਰ ਕੌਰ ਨਾਲ ਹੋਈ। ਉਨ੍ਹਾਂ ਦੇ ਘਰ ਦੋ ਬੱਚੇ-ਬੇਟੀ ਸਿਮਰਜੀਤ ਕੌਰ ਬਰਾੜ ਅਤੇ ਬੇਟਾ ਲਿਵਜੋਤ ਸਿੰਘ ਬਰਾੜ ਹਨ। ਉਨ੍ਹਾਂ ਦੀ ਬੇਟੀ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਗਹਿਲ (ਬਰਨਾਲਾ) ਵਿਖੇ ਅੰਗਰੇਜ਼ੀ ਦੀ ਅਸਿਸਟੈਂਟ ਪ੍ਰੋਫੈਸਰ ਹੈ ਅਤੇ ਸਾਹਿਤ ਨਾਲ਼ ਵੀ ਜੁੜੀ ਹੋਈ ਹੈ, ਜਿਸਦੀਆਂ ਦੋ ਪੁਸਤਕਾਂ 'ਮਨ ਅੰਤਰ ਪ੍ਰਕਾਸ਼' ਤੇ 'Pangs Suppressed Smile' ਪੰਜਾਬੀ ਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜੋ ਰੂਪਕ ਪੱਖੋਂ ਪੰਜਾਬੀ ਸਾਹਿਤ ਦੀ ਨਵੀਂ ਵਿਧਾ ਹਾਇਕੂ ਨਾਲ਼ ਸੰਬੰਧਿਤ ਹਨ। ਉਨ੍ਹਾਂ ਦੇ ਬੇਟੇ ਨੇ ਐਮ.ਬੀ.ਏ. (ਫਾਇਨਾਂਸ) ਕੀਤੀ ਹੋਈ ਹੈ।

ਠੀਕਰੀਵਾਲਾ ਸਕੂਲ ਵਿਖੇ ਉਨ੍ਹਾਂ ਦੇ ਅਧਿਆਪਕ ਸ੍ਰੀ ਓਮ ਪ੍ਰਕਾਸ਼ ਗਾਸੋ (ਹੁਣ ਸ਼੍ਰੋਮਣੀ ਸਾਹਿਤਕਾਰ ਅਤੇ ਸਾਹਿਤ ਰਤਨ) ਸਨ ਜੋ ਉਸ ਸਮੇਂ ਡੀ.ਪੀ.ਈ. ਦੀ ਪੋਸਟ 'ਤੇ ਬਿਰਾਜਮਾਨ ਸਨ, ਜਿਨ੍ਹਾਂ ਨੇ ਮਾਲਵਿੰਦਰ ਨੂੰ ਸਰੀਰਕ ਸਿੱਖਿਆ ਦੀ ਪੜ੍ਹਾਈ ਦੇ ਨਾਲ਼-ਨਾਲ਼ ਨੈਸ਼ਨਲ ਸਟਾਈਲ ਕਬੱਡੀ ਖੇਡ ਖੇਡਣ ਵੱਲ ਵੀ ਪ੍ਰੇਰਿਤ ਕੀਤਾ। ਇਸ ਦੌਰਾਨ ਉਹ ਜਿਲ੍ਹਾ ਪੱਧਰ ਤੱਕ ਕਬੱਡੀ ਵੀ ਖੇਡੇ। ਉਨ੍ਹਾਂ ਦੇ ਮਾਮਾ ਜੀ ਉੱਘੇ ਨਾਟਕਕਾਰ ਸਰਦਾਰ ਕਪੂਰ ਸਿੰਘ ਘੁੰਮਣ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸਨ, ਜਿਨ੍ਹਾਂ ਦਾ ਉਨ੍ਹਾਂ ਦੇ ਘਰ ਅਕਸਰ ਆਉਣਾ-ਜਾਣਾ ਰਹਿੰਦਾ, ਜਿਸ ਤੋਂ ਲਿਖਣ ਦੀ ਚੇਟਕ ਲੱਗਣਾ ਸੁਭਾਵਿਕ ਸੀ। ਇਨ੍ਹਾਂ ਦੋਹਾਂ ਸ਼ਖਸ਼ੀਅਤਾਂ ਦਾ ਪ੍ਰਭਾਵ ਕਬੂਲਦਿਆਂ ਮਾਲਵਿੰਦਰ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦੋਂ ਸੁਤੇ ਸੁਭਾਵਿਕ ਹੀ ਸਾਹਿਤ ਦੇ ਨਾਲ਼ ਜੁੜ ਗਏ। ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਆਉਂਦਾ ਕਿ ਉਨ੍ਹਾਂ ਨੂੰ ਪਹਿਲਾਂ ਕਵਿਤਾ ਦੀ ਆਮਦ ਹੋਈ ਜਾਂ ਵਾਰਤਕ ਦੀ। ਪਰ ਉਹ ਇਹ ਦਾਅਵੇ ਨਾਲ ਦੱਸਦੇ ਹਨ ਕਿ ਮਿਡਲ ਜਮਾਤਾਂ ਦੀ ਪੜ੍ਹਾਈ ਦੇ ਸਮੇਂ ਤੱਕ ਉਨ੍ਹਾਂ ਦਾ ਝੁਕਾ ਲਾਜ਼ਮੀ ਸਾਹਿਤ ਵੱਲ ਹੋ ਗਿਆ ਸੀ। ਉਨ੍ਹਾਂ ਨੇ 2021 ਈ: ਵਿੱਚ ਰਸਮੀ ਤੌਰ 'ਤੇ ਦਸਤਾਰ ਭੇਂਟ ਕਰਕੇ ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਨੂੰ ਗ਼ਜ਼ਲ ਵਿਧਾ ਦਾ ਉਸਤਾਦ ਧਾਰਨ ਕੀਤਾ। ਰੁਬਾਈ ਦੇ ਖੇਤਰ ਵਿੱਚ ਉਨ੍ਹਾਂ ਦਾ ਮਾਰਗਦਰਸ਼ਨ ਉਸਤਾਦ ਗ਼ਜ਼ਲਗੋ ਅਤੇ ਉੱਘੇ ਰੁਬਾਈਕਾਰ ਮਰਹੂਮ ਸ੍ਰੀ ਸਿਰੀ ਰਾਮ ਅਰਸ਼ ਜੀ ਨੇ ਕੀਤਾ। ਗੀਤਕਾਰੀ ਵਿੱਚ ਉਨ੍ਹਾਂ ਦੇ ਮਾਰਗ-ਦਰਸ਼ਿਕ ਮਕਬੂਲ ਗੀਤਕਾਰ ਜਨਕ ਸੰਗਤ ਹਨ ਅਤੇ ਪਿੰਗਲੀਕ ਛੰਦਾਬੰਦੀ ਵਿੱਚ ਮਸ਼ਹੂਰ ਕਵੀਸ਼ਰ ਦਰਸ਼ਨ ਸਿੰਘ ਭੰਮੇ ਹਨ।

ਉਨ੍ਹਾਂ ਨੇ ਚਾਹੇ ਸਾਂਝੇ ਕਾਵਿ-ਸੰਗ੍ਰਹਿ 'ਰਿਸ਼ਮਾ ਦੇ ਬੋਲ' ਦੀ ਸੰਪਾਦਨਾ ਨਾਲ਼

2002 ਈ: ਵਿੱਚ ਪੰਜਾਬੀ ਸਾਹਿਤ ਜਗਤ ਵਿੱਚ ਪੈਰ ਧਰਾਵਾ ਕਰ ਲਿਆ ਸੀ, ਪਰ ਮੌਲਿਕ ਤੌਰ 'ਤੇ ਉਨ੍ਹਾਂ ਨੇ 'ਮੁਹੱਬਤ ਦੀ ਸਤਰ' ਕਾਵਿ-ਸੰਗ੍ਰਹਿ (2016 ਈ:) ਨਾਲ਼ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਹੁਣ ਤੱਕ ਚਾਰ ਗ਼ਜ਼ਲ-ਸੰਗ੍ਰਹਿ ਪਾਏ ਹਨ:- 'ਹੰਝੂਆਂ ਦੀ ਕਥਾ' (2021ਈ:), 'ਧੂਰੋਂ' (2022 ਈ:), 'ਪੌਣਾਂ ਕਰਨ ਸਰਗੋਸ਼ੀਆਂ' (2023 ਈ:), ਅਤੇ 'ਕਸਤੂਰੀ' (2025 ਈ:)। ਉਨ੍ਹਾਂ ਦੀ ਗ਼ਜ਼ਲ ਦੀ ਸੰਪਾਦਨਾ ਦਾ ਕਾਰਜ ਸ੍ਰੀ ਆਤਮਾ ਰਾਮ ਰੰਜਨ ਨੇ 'ਮਾਲਵਿੰਦਰ ਸ਼ਾਇਰ ਦੀ ਚੋਣਵੀਂ ਗ਼ਜ਼ਲ' ਨਾਂਅ ਹੇਠ 2024 ਈ: ਵਿੱਚ ਕੀਤਾ। ਮਾਲਵਿੰਦਰ ਸ਼ਾਇਰ ਭਾਵੇਂ ਮੂਲ ਰੂਪ ਵਿੱਚ ਮੁਹੱਬਤ ਦੇ ਸ਼ਾਇਰ ਹਨ, ਪਰ ਉਨ੍ਹਾਂ ਨੇ ਆਪਣੀਆਂ ਗ਼ਜ਼ਲਾਂ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ ਮਸਲਿਆਂ ਬਾਰੇ ਵੀ ਬੇਬਾਕੀ ਨਾਲ ਸਿਰਜਣਾ ਕੀਤੀ ਹੈ।

'ਗ਼ਮਾਂ ਵਿੰਨੇ ਹਰਫ਼' ਉਨ੍ਹਾਂ ਦਾ 2021 ਈ: ਵਿੱਚ ਪ੍ਰਕਾਸ਼ਿਤ ਹੋਇਆ (ਰੁਬਾਈ/ਤੁੱਰਿਆਈ) ਸੰਗ੍ਰਹਿ ਹੈ। ਇਸ ਸੰਗ੍ਰਹਿ ਲਈ ਉਨ੍ਹਾਂ ਨੂੰ ਉਸਤਾਦ ਗ਼ਜ਼ਲਗੋ ਅਤੇ ਰੁਬਾਈਕਾਰ ਸਿਰੀ ਰਾਮ ਅਰਸ਼ ਤੋਂ ਯੋਗ ਅਗਵਾਈ ਮਿਲੀ। ਉਨ੍ਹਾਂ ਦੀ ਪੁਸਤਕ 'ਕਸਤੂਰੀ' ਦਾ ਮੁੱਖ-ਬੰਦ ਜੋ ਜਨਾਬ ਕ੍ਰਿਸ਼ਨ ਭਨੋਟ ਦਾ ਲਿਖਿਆ ਹੋਇਆ ਹੈ, ਉਨ੍ਹਾਂ ਦਾ ਲਿਖਿਆ ਆਖਰੀ ਮੁੱਖ-ਬੰਦ ਬਣ ਗਿਆ, ਸਾਨੂੰ ਬੇਹੱਦ ਅਫ਼ਸੋਸ ਹੈ ਕਿ ਉਹ ਬੇਵਕਤੀ ਇਸ ਜਹਾਨ ਤੋਂ ਰੁਖ਼ਸਤ ਹੋ ਗਏ। ਭਨੋਟ ਸਾਹਿਬ ਮਾਲਵਿੰਦਰ ਸ਼ਾਇਰ ਦੀਆਂ ਗ਼ਜ਼ਲਾਂ ਬਾਰੇ ਲਿਖ ਗਏ ਹਨ, "ਮਾਲਵਿੰਦਰ ਸ਼ਾਇਰ ਨੇ ਗ਼ਜ਼ਲ ਦੇ ਵਿਧੀ-ਵਿਧਾਨ ਨੂੰ ਬੜੀ ਖ਼ੂਬੀ ਨਾਲ਼ ਨਿਭਾਇਆ ਹੈ। ਉਸ ਨੇ ਕਈ ਬਹਿਰਾਂ ਨੂੰ ਸਫ਼ਲਤਾ ਸਹਿਤ ਵਰਤਿਆ ਹੈ। ਉਸ ਨੇ ਸਾਲਿਮ ਵੀ ਨਿਭਾਈਆਂ, ਜ਼ਿਹਾਫੀਆਂ ਹੋਈਆਂ ਬਹਿਰਾਂ ਵੀ ਤੇ ਮਿਸ਼ਰਤ ਬਹਿਰਾਂ ਵੀ।"

ਬਹੁ-ਵਿਧਾਵੀ ਲੇਖਕ ਮਾਲਵਿੰਦਰ ਸ਼ਾਇਰ ਨੇ 'ਬੀਬੇ ਬਗਲੇ' ਹਜ਼ਲ-ਸੰਗ੍ਰਹਿ (2022 ਈ:), 'ਲੋਲ੍ਹੜੀਆਂ' ਮਿੰਨੀ ਹਾਸ-ਵਿਅੰਗ ਸੰਗ੍ਰਹਿ (2023 ਈ:), 'ਗੀਤਾਂ ਦੀ ਪਰਵਾਜ਼' ਗੀਤ-ਸੰਗ੍ਰਹਿ (2023 ਈ:), 'ਉਲ਼ਝੇ ਸੁਲ਼ਝੇ' ਹਾਸ-ਵਿਅੰਗ ਸੰਗ੍ਰਹਿ (2024 ਈ:), 'ਸਾਹਾਂ ਦਾ ਮੁੱਲ' ਨਿੱਕੀ-ਕਹਾਣੀ ਸੰਗ੍ਰਹਿ (2024 ਈ:), 'ਖ਼ੂਬ ਕਿਹਾ ਉਸਤਾਦ' ਹਾਸ-ਰਸ ਟੋਟਕੇ (2025 ਈ:) ਮੌਲਿਕ ਸਿਰਜਣਾ ਦੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਤਿੰਨ-ਸਾਢੇ ਤਿੰਨ ਦਰਜਨਾਂ ਸਾਂਝੇ ਸੰਗ੍ਰਹਿਆਂ ਵਿਚ ਉਨ੍ਹਾਂ ਦੀਆਂ ਕਾਵਿ ਰਚਨਾਵਾਂ, ਧਾਰਮਿਕ ਛੰਦ-ਬੱਧ ਰਚਨਾਵਾਂ, ਕਹਾਣੀਆਂ,

ਬਾਲ ਸਾਹਿਤ ਅਤੇ ਹੋਰ ਕਾਬਲੇ-ਗੌਰ ਲਿਖਤਾਂ ਸ਼ਾਮਿਲ ਹਨ। ਉਨ੍ਹਾਂ ਨੇ ਕੁੱਝ ਪੁਸਤਕਾਂ ਦਾ ਸੰਪਾਦਨ ਤੇ ਅਲੋਚਨਾ ਕਾਰਜ ਵੀ ਕੀਤਾ ਹੈ, ਜਿਨ੍ਹਾਂ ਵਿੱਚੋਂ ਕੁੱਝ ਪ੍ਰਕਾਸ਼ਿਤ ਹੋ ਚੁੱਕਾ ਹੈ ਤੇ ਕੁੱਝ ਪ੍ਰਕਾਸ਼ਨ ਅਧੀਨ ਹੈ। ਉਨ੍ਹਾਂ ਦੀਆਂ ਪੰਜ ਦੇ ਕਰੀਬ ਮੌਲਿਕ ਪੁਸਤਕਾਂ ਛਪਾਈ ਅਧੀਨ ਵੀ ਹਨ। ਉਨ੍ਹਾਂ ਦੀ ਸ਼ਾਇਰੀ ਦਾ ਅਧਿਐਨ ਕਰਦੀ ਪੁਸਤਕ 'ਮਾਲਵਿੰਦਰ ਸ਼ਾਇਰ : ਕਾਵਿ ਸੰਦਰਭ' ਜਗਮੀਤ ਹਰਫ਼ ਅਤੇ ਗੁਰਜੰਟ ਰਾਜਿਆਣਾ ਦੀ ਸੰਪਾਦਨਾ ਹੇਠ 2023 ਈ: ਵਿੱਚ ਪ੍ਰਕਾਸ਼ਿਤ ਹੋਇਆ ਸੰਗ੍ਰਹਿ ਹੈ। ਉਨ੍ਹਾਂ ਨੇ ਕਈ ਪੁਸਤਕਾਂ ਦੇ ਮੁੱਖ-ਬੰਦ ਵੀ ਲਿਖੇ ਹਨ, ਕਈ ਪੁਸਤਕਾਂ 'ਤੇ ਅਲੋਚਨਾ ਪੇਪਰ ਵੀ ਲਿਖੇ ਹਨ ਅਤੇ ਵੱਖ-ਵੱਖ ਵਿਧਾਵਾਂ ਦੀਆਂ ਕਈ ਪੁਸਤਕਾਂ ਦੀਆਂ ਸਮੀਖਿਆਵਾਂ ਵੀ ਲਿਖੀਆਂ ਹਨ, ਜੋ ਸਮੇਂ-ਸਮੇਂ 'ਤੇ ਪੰਜਾਬੀ ਅਖ਼ਬਾਰਾਂ ਅਤੇ ਸਾਹਿਤਕ ਮੈਗਜ਼ੀਨਾਂ ਦਾ ਸ਼ਿੰਗਾਰ ਬਣੀਆਂ ਹਨ। ਉਹ ਮਾਨ-ਸਨਮਾਨ ਲੈਣ ਲਈ ਕਿਸੇ ਤਰ੍ਹਾਂ ਦੀ ਜੁਗਾੜਬੰਦੀ ਤੋਂ ਕੋਹਾਂ ਦੂਰ ਹਨ ਅਤੇ ਆਪਣੇ ਸੁਹਿਰਦ ਪਾਠਕਾਂ ਵੱਲੋਂ ਮਿਲਦੇ ਹੁੰਗਾਰੇ ਨੂੰ ਹੀ ਆਪਣਾ ਅਸਲੀ ਸਨਮਾਨ ਮੰਨਦੇ ਹਨ। ਉਹ ਪਾਠਕਾਂ ਦੀ ਸਾਰਥਿਕ ਆਲੋਚਨਾ ਨੂੰ ਹੱਸਕੇ ਖਿੜੇ-ਮੱਥੇ ਪ੍ਰਵਾਨ ਕਰਦੇ ਹਨ ਜੋ ਉਨ੍ਹਾਂ ਨੂੰ ਆਮ ਤੇ ਖਾਸ ਪਾਠਕਾਂ ਵਿੱਚ ਹਰਮਨ ਪਿਆਰਤਾ ਵੀ ਬਖ਼ਸ਼ਦਾ ਹੈ।

ਅੱਜਕਲ੍ਹ ਮਾਲਵਿੰਦਰ ਸ਼ਾਇਰ ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਦੇ ਸੀਨੀਅਰ ਮੀਤ ਪ੍ਰਧਾਨ ਹਨ। ਇਸ ਤੋਂ ਇਲਾਵਾ ਉਹ ਲੇਖਕ ਪਾਠਕ ਸਾਹਿਤ ਸਭਾ (ਰਜਿ.) ਬਰਨਾਲਾ, ਮਾਲਵਾ ਸਾਹਿਤ ਸਭਾ (ਰਜਿ.) ਬਰਨਾਲਾ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਬਰਨਾਲਾ ਦੇ ਵੀ ਮੈਂਬਰ ਹਨ। ਇਸ ਦੇ ਨਾਲ਼-ਨਾਲ਼ ਉਹ ਸਾਹਿਤ ਅਕਾਦਮੀ ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਪੰਜਾਬ ਦੇ ਜੀਵਨ ਮੈਂਬਰ ਵੀ ਹਨ। ਉਹ ਹੋਰ ਬਹੁਤ ਸਾਰੀਆਂ ਸੱਭਿਆਚਾਰਿਕ, ਸਮਾਜਿਕ ਅਤੇ ਖੇਡ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ। ਉਹ 'ਅੰਟਾਰੀਓ ਫਰੈਂਡਜ਼ ਕਲੱਬ, ਕੈਨੇਡਾ' ਦੇ ਸੂਬਾ ਮੀਤ ਪ੍ਰਧਾਨ ਹਨ। ਉਹ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਨਿਰੰਤਰ ਯਤਨਸ਼ੀਲ ਹਨ। ਪੰਜਾਬੀ ਸਾਹਿਤ ਨੂੰ ਇਸ ਕਲਮ ਤੋਂ ਬਹੁਤ ਆਸਾਂ ਹਨ। ਉਹ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਇਸ ਪ੍ਰਤੀ ਮੈਂ ਆਸ ਵੀ ਕਰਦਾ ਹਾਂ ਤੇ ਅਰਦਾਸ ਵੀ। ਖੈਰੀਅਤ ਹੋਵੇ।

ਮੋਬਾਇਲ : 94781-85742

# ਲਾਲ ਸਿੰਘ ਕਲਸੀ



ਲਾਲ ਸਿੰਘ ਕਲਸੀ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਨੇ ਨਾਵਲ, ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ, ਲੇਖ ਸੰਗ੍ਰਹਿ, ਵਾਰਤਕ ਦੀਆਂ ਕਈ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਕਲਸੀ ਕੋਲ ਵਿਸ਼ਾਲ ਜੀਵਨ ਅਨੁਭਵ ਹੈ। ਉਹ ਰੋਜੀ ਰੋਟੀ ਲਈ ਦੇਸ਼ ਅਤੇ ਵਿਦੇਸ਼ ਵਿੱਚ ਸੰਘਰਸ਼ਸ਼ੀਲ ਰਿਹਾ ਹੈ। ਦੇਸ਼ ਤੋਂ ਇਲਾਵਾ ਵਿਦੇਸ਼ ਵਿੱਚ ਉਸਨੇ ਇਰਾਨ ਅਤੇ ਯੂ.ਏ.ਈ. ਵਿੱਚ ਕਰੜਾ ਜੀਵਨ ਸੰਘਰਸ਼ ਕੀਤਾ ਹੈ। ਇਹ ਸਾਰੇ ਅਨੁਭਵ ਨੂੰ ਉਸ ਦੇ ਚਿੰਤਨ ਨੇ ਸ਼ਬਦਾਂ ਦਾ ਅਮਲੀ ਜਾਮਾ ਪਹਿਨਾਇਆ ਹੈ।

ਲਾਲ ਸਿੰਘ ਕਲਸੀ ਦਾ ਜਨਮ 2 ਅਗਸਤ, 1945 ਨੂੰ ਪਿੰਡ ਢੁੱਡੀ, ਜ਼ਿਲ੍ਹਾ ਫ਼ਰੀਦਕੋਟ ਵਿਖੇ ਕਿਰਤੀ ਪਰਿਵਾਰ ਵਿੱਚ ਪਿਤਾ ਸਰਦਾਰ ਅਮਰ ਸਿੰਘ ਕਲਸੀ ਅਤੇ ਮਾਤਾ ਪ੍ਰਸਿੰਨ ਕੌਰ ਦੇ ਗ੍ਰਹਿ ਵਿਖੇ ਹੋਇਆ। ਲਾਲ ਸਿੰਘ ਕਲਸੀ ਨੇ ਮਿਡਲ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਉਨ੍ਹਾਂ ਨੌਵੀਂ ਅਤੇ ਦਸਵੀਂ ਜਮਾਤਾਂ ਖਾਲਸਾ ਹਾਈ ਸਕੂਲ ਫ਼ਰੀਦਕੋਟ ਤੋਂ ਪਾਸ ਕੀਤੀਆਂ। ਜੁਲਾਈ 1961 ਵਿੱਚ ਜਦੋਂ ਉਹ ਨੌਵੀਂ ਜਮਾਤ ਵਿੱਚ ਪੜ੍ਹਦੇ ਸਨ ਤਾਂ ਉਨ੍ਹਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਮੈਟ੍ਰਿਕ ਕਰਕੇ 1963-1965 ਬੈਚ ਵਿੱਚ ਸਰਕਾਰੀ ਆਈ.ਟੀ.ਆਈ. ਫ਼ਰੀਦਕੋਟ ਤੋਂ ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਹਾਸਿਲ ਕੀਤਾ। 1965-67 ਦੌਰਾਨ ਉਨ੍ਹਾਂ ਡੇਢ ਸਾਲ ਦੀ ਅਪਰੈਂਟਰਸ਼ਿਪ ਚੰਡੀਗੜ੍ਹ ਦੇ ਲਾਗੇ ਐਚ. ਐਮ.ਟੀ. ਪਿੰਜੌਰ ਤੋਂ ਕੀਤੀ। ਇਸ ਤੋਂ ਪਿੱਛੋਂ ਉਨ੍ਹਾਂ ਨੂੰ ਪੱਕੇ ਤੌਰ 'ਤੇ ਐਚ.ਐਮ.ਟੀ. ਪਿੰਜੌਰ ਵਿੱਚ ਨੌਕਰੀ ਮਿਲ ਗਈ। 1967 ਤੋਂ 1977 ਤੱਕ ਉਹ ਐਚ.ਐਮ.ਟੀ. ਕੰਪਨੀ ਵਿੱਚ ਨੌਕਰੀ ਕਰਦੇ ਰਹੇ। ਉਨ੍ਹਾਂ ਐਚ.ਐਮ.ਟੀ.ਪਿੰਜੌਰ ਵਿਖੇ ਪੰਜਾਬੀ ਲਿਖਾਰੀ ਸਹਿਯੋਗ ਸਭਾ ਬਣਾਈ ਅਤੇ ਰਜਿਸਟਰਡ ਕਰਾਕੇ ਤਿਮਾਹੀ ਮੈਗਜ਼ੀਨ ਉਡਾਰੀ ਦੀ ਪ੍ਰਕਾਸ਼ਨਾ ਕਰਦੇ ਰਹੇ ਅਤੇ ਇਸ ਦੇ ਜਨਰਲ ਸਕੱਤਰ ਵਜੋਂ ਵੀ ਕਾਰਜ ਕੀਤਾ। ਐਚ. ਐਮ.ਟੀ. ਦੀ ਨੌਕਰੀ ਦਾ ਉਨ੍ਹਾਂ ਨੂੰ ਇਹ ਵੀ ਲਾਭ ਹੋਇਆ ਕਿ ਉਨ੍ਹਾਂ ਚੰਡੀਗੜ੍ਹ ਦੇ ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ 26 ਤੋਂ ਸ਼ਾਮ ਦੀਆਂ ਕਲਾਸਾਂ ਲਗਾ ਕੇ 1975 ਵਿੱਚ

ਗ੍ਰੈਜੂਏਸ਼ਨ ਕਰ ਲਈ ਅਤੇ ਬਾਅਦ ਵਿੱਚ ਐਮ.ਏ. ਪੰਜਾਬੀ ਤੱਕ ਪੜ੍ਹਾਈ ਕੀਤੀ।

ਉਨ੍ਹਾਂ 1977 ਵਿੱਚ ਇਰਾਨ ਵਿੱਚ ਜਰਮਨ ਕੰਪਨੀ ਵੱਲੋਂ ਬਣਾਏ ਜਾ ਰਹੇ ਕੰਪਿਊਟਰ ਕੰਟਰੋਲ ਆਟੋਮੈਟਿਕ ਏਸ਼ੀਆ ਦੇ ਸੀਮਿੰਟ ਕਾਰਖਾਨੇ ਦੀ ਉਸਾਰੀ ਵਿਚ 52 ਪੰਜਾਬੀ ਟੈਕਨੀਕਲ ਸਟਾਫ ਵਿਚ ਕੰਮ ਕੀਤਾ। ਉਨ੍ਹਾਂ ਜਨਵਰੀ 1979 ਤੱਕ ਇਰਾਨ ਦੇ ਸ਼ਹਿਰ ਇਸਫਾਹਨ ਵਿੱਚ ਨੌਕਰੀ ਕੀਤੀ। ਇਰਾਨ ਵਿੱਚ ਰਾਜ ਪਲਟਾ ਹੋ ਜਾਣ ’ਤੇ ਉਥੋਂ ਸਾਰੇ ਵਿਦੇਸ਼ੀ ਕਾਮਿਆਂ ਨੂੰ ਕੱਢ ਦਿੱਤਾ ਗਿਆ। ਉਨ੍ਹਾਂ ਯੂ.ਏ.ਈ. ਵਿਚ ਇੰਗਲੈਂਡ ਕੰਪਨੀ ਵੱਲੋਂ ਲਾਏ ਜਾ ਰਹੇ ਏਨ. ਜੀ. ਐਲ. ਗੈਸ ਪਲਾਂਟ ਦੀ ਉਸਾਰੀ ਵਿਚ ਪ੍ਰਮੁੱਖ ਭੂਮਿਕਾ ਨਿਭਾਈ। 1986 ਤੋਂ ਬਾਅਦ ਉਹ ਘਰੇਲੂ ਹਾਲਾਤਾਂ ਕਰਕੇ ਦੇਸ਼ ਪਰਤ ਆਏ। ਫ਼ਰੀਦਕੋਟ ਵਿਖੇ ਸਹਿਕਾਰੀ ਖੰਡ ਮਿੱਲ ਸਥਾਪਿਤ ਹੋਣ ’ਤੇ ਉਨ੍ਹਾਂ ਨਵੰਬਰ 1989 ਤੋਂ 2004 ਤੱਕ ਵਰਕਸ਼ਾਪ ਇੰਚਾਰਜ ਵਜੋਂ ਨੌਕਰੀ ਕੀਤੀ। ਇਸ ਤੋਂ ਪਿੱਛੋਂ ਉਨ੍ਹਾਂ 2004 ਤੋਂ 2013 ਤੱਕ ਮਾਲਵਾ ਪੋਲੀਟੈਕਨਿਕ ਕਾਲਜ ਫ਼ਰੀਦਕੋਟ ਵਿੱਚ ਬਤੌਰ ਸੀਨੀਅਰ ਲੈਕਚਰਾਰ (ਇੰਜੀਨੀਅਰ ਵਿਭਾਗ) ਪੜ੍ਹਾਇਆ।

ਆਪਣੇ ਪਰਿਵਾਰਕ ਜੀਵਨ ਬਾਰੇ ਲਾਲ ਸਿੰਘ ਕਲਸੀ ਨੇ ਦੱਸਿਆ ਕਿ ਉਨ੍ਹਾਂ ਦਾ ਸ਼ਾਦੀ 12 ਦਸੰਬਰ, 1970 ਨੂੰ ਸ਼੍ਰੀਮਤੀ ਕੁਲਵੰਤ ਕੌਰ ਨਾਲ ਹੋਈ। ਉਨ੍ਹਾਂ ਦੇ ਘਰ ਬੇਟੀ ਪਰਮਜੀਤ ਕੌਰ ਅਤੇ ਤਿੰਨ ਬੇਟਿਆਂ ਨੇ ਜਨਮ ਲਿਆ। ਉਨ੍ਹਾਂ ਦਾ ਸਭ ਤੋਂ ਵੱਡਾ ਬੇਟਾ ਅਮਨਦੀਪ ਸਿੰਘ ਸੀ, ਜਿਸ ਦੀ ਦਸੰਬਰ 2005 ਵਿੱਚ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਦਾ ਬੇਟਾ ਅਰਵਿੰਦਰ ਪਾਲ ਸਿੰਘ ਥਾਪਰ ਯੂਨੀਵਰਸਿਟੀ ਤੋਂ ਡਿਗਰੀ ਲੈ ਕੇ ਅੱਜਕੱਲ੍ਹ ਕੈਨੇਡਾ ਵਿਖੇ ਰਹਿ ਰਿਹਾ ਹੈ। ਛੋਟਾ ਬੇਟਾ ਹਰਦੀਪ ਇੰਦਰ ਪਾਲ ਸਿੰਘ ਸੀ.ਐਸ.ਆਈ.ਓ. ਚੰਡੀਗੜ੍ਹ ਤੋਂ ਡਿਗਰੀ ਪ੍ਰਾਪਤ ਕਰਕੇ ਫਰਾਂਸ ਦੀ ਕੰਪਨੀ ਵਿੱਚ ਦੋਹਾ ਕਤਰ ਸਾਊਦੀ ਅਰਬ ਮੁਲਕਾਂ ਵਿੱਚ ਨੌਕਰੀ ਕਰ ਰਿਹਾ ਹੈ।

ਲਾਲ ਸਿੰਘ ਕਲਸੀ 2000 ਵਿੱਚ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਮੈਂਬਰ ਬਣ ਕੇ ਸਰਗਰਮ ਹੋ ਗਏ। ਉਨ੍ਹਾਂ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਨੂੰ ਰਜਿਸਟਰਡ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਸ ਸਮੇਂ ਉਨ੍ਹਾਂ ਨੂੰ ਡਾ.ਦਰਬਾਰਾ ਸਿੰਘ ਪੰਛੀ, ਨਵਰਾਹੀ ਘੁਗਿਆਣਵੀ ਅਤੇ ਹੋਰ ਬਹੁਤ ਸਾਰੇ ਸਾਹਿਤਕਾਰਾਂ ਦੀ ਸੰਗਤ ਮਿਲੀ, ਜਿਸ ਸਦਕਾ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਨਿਖਾਰ ਆਉਂਦਾ ਗਿਆ। ਉਹ 2002 ਤੋਂ 2008 ਤੱਕ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਜਨਰਲ ਸਕੱਤਰ ਰਹੇ। ਉਨ੍ਹਾਂ ਦਾ ਪਹਿਲਾ ਨਾਵਲ ਜੀਤੀ 2001 ਵਿੱਚ ਪ੍ਰਕਾਸ਼ਤ ਹੋਇਆ ਹੈ ਅਤੇ ਉਹ ਪੱਕੇ

ਪੈਰੀਂ ਪੰਜਾਬੀ ਸਾਹਿਤ ਵਿੱਚ ਸਰਗਰਮ ਹੋ ਗਏ। ਉਨ੍ਹਾਂ ਦਾ ਇਹ ਨਾਵਲ ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਵਿੱਚ ਇੱਕ ਲੜਕੀ ਦੇ ਤਲਖ਼ ਤਜਰਬਿਆਂ ਦਾ ਸੁੰਦਰ ਬਿਰਤਾਂਤ ਪੜ੍ਹਨ ਨੂੰ ਮਿਲਦਾ ਹੈ। ਨਾਵਲ ਜੀਤੀ ਪ੍ਰਕਾਸ਼ਿਤ ਹੋਣ ’ਤੇ ਪੰਜਾਬੀ ਦੇ ਸਿਰਮੌਰ ਨਾਵਲਕਾਰ ਸ.ਜਸਵੰਤ ਸਿੰਘ ਕੰਵਲ ਨੇ ਵਿਸ਼ੇਸ਼ ਤੌਰ ’ਤੇ ਉਨ੍ਹਾਂ ਨੂੰ ਸ਼ਾਬਾਸ਼ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਫਿਰ 2004 ਵਿੱਚ ਕਹਾਣੀ ਸੰਗ੍ਰਹਿ ਨੀਲੀ ਆਉਣ ’ਤੇ, ਕੰਵਲ ਜੀ ਨੇ “ਵਾਹ ਬਈ ਵਾਹ ਤੇਰੀ ਨੀਲੀ ਤਾਂ ਨੀਲ ਪਰੀ ਵਰਗੀ ਐ” ਕਹਿ ਕੇ ਆਪਣਾ ਆਸ਼ੀਰਵਾਦ ਦਿੱਤਾ। ਇਸ ਤਰ੍ਹਾਂ ਵੱਡੇ ਲੇਖਕ ਦਾ ਥਾਪੜਾ ਲੈ ਕੇ ਕਲਸੀ ਅੱਗੇ ਹੀ ਅੱਗੇ ਵਧਦਾ ਗਿਆ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਉਸ ਨੇ ਹੇਠ ਲਿਖੀਆਂ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ; ਵਿੱਚ ਪਰਦੇਸਾਂ ਦੇ (ਨਾਵਲ-2001), ਪੱਥਰ ਕੁੱਟ (ਕਾਵਿ ਸੰਗ੍ਰਹਿ-2007), ਯਾਦਾਂ ਦੇ ਮਣਕੇ (ਮਿੰਨੀ ਕਹਾਣੀ ਸੰਗ੍ਰਹਿ-2011), ਯਾਦਗਾਰੀ ਗੇਟ (ਕਹਾਣੀ ਸੰਗ੍ਰਹਿ-2015), ਰੋਟੀਆਂ ਕਾਰਣਿ ਪੂਰਹਿ ਤਾਲ (ਹਕੀਕਤ ਨਾਮਾ ਪਰਦੇਸ-2018), ਬੂੰਦ ਬੂੰਦ ਸਾਗਰ (ਕਾਵਿ ਸੰਗ੍ਰਹਿ 2020), ਸੱਤ ਰੰਗ (ਲੇਖ ਸੰਗ੍ਰਹਿ-2022), ਸਿਰ ਦੀ ਛੱਤ (ਕਹਾਣੀ ਸੰਗ੍ਰਹਿ-2025)। ਉਨ੍ਹਾਂ ਦੀਆਂ ਪੁਸਤਕਾਂ ‘ਚੁੱਪ ਦੀ ਆਵਾਜ਼’ (ਕਾਵਿ ਸੰਗ੍ਰਹਿ) ਅਤੇ ‘ਅਜੋਕੇ ਰਾਜੇ’ (ਮਿੰਨੀ ਕਹਾਣੀ ਸੰਗ੍ਰਹਿ) ਛਪਾਈ ਅਧੀਨ ਹਨ।

ਉੱਘੇ ਵਿਦਵਾਨ ਡਾ. ਜਲੌਰ ਸਿੰਘ ਖੀਵਾ ‘ਵਿੱਚ ਪਰਦੇਸਾਂ ਦੇ’ ਨਾਵਲ ਦੀ ਭੂਮਿਕਾ ਵਿੱਚ ਲਿਖਦੇ ਹਨ, “ਹੱਥਲੇ ਚਰਚਿਤ ਨਾਵਲ ਦਾ ਕਰਤਾ ਲਾਲ ਸਿੰਘ ਕਲਸੀ ਇੱਕ ਸਾਲ ਪਹਿਲਾਂ ‘ਜੀਤੀ’ ਨਾਵਲ ਰਾਹੀਂ ਪੰਜਾਬੀ ਨਾਵਲ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਪਹਿਲਾ ਨਾਵਲ ਜੀਤੀ ਦੇ ਜੀਵਨ ਦੁਆਲੇ ਘੁੰਮਦਾ ਹੋਇਆ ਉਸਦੇ ਜੀਵਨ ਦੀਆਂ ਪਰਤਾਂ ਨੂੰ ਨਹੀਂ ਸਗੋਂ ਉਨ੍ਹਾਂ ਸਮਾਜਿਕ ਵਰਤਾਰਿਆਂ ਨੂੰ ਚਿਤਰਦਾ ਹੈ ਜਿਸ ਵਿੱਚ ਜੀਤੀ ਘਿਰੀ ਹੁੰਦੀ ਹੈ। ਪਰ ਹੱਥਲਾ ਨਾਵਲ ਪਹਿਲੇ ਨਾਵਲ ਨਾਲੋਂ ਅਸਲੋਂ ਹੀ ਵੱਖਰਾ ਹੈ-ਵਿਸ਼ੇ ਖੇਤਰ ਪੱਖੋਂ ਵੀ ਤੇ ਪੇਸ਼ਕਾਰੀ ਪੱਖੋਂ ਵੀ। ਇਸ ਨਾਵਲ ਦੀ ਕਰਮ ਭੂਮੀ ਵਿਦੇਸ਼ (ਆਬੂਧਾਬੀ) ਵੀ ਹੈ ਅਤੇ ਦੇਸ਼ ਪੰਜਾਬ ਵੀ। ਯੂ.ਏ.ਈ. ਦੀ ਇਤਿਹਾਸਿਕ ਤੇ ਭੂਗੋਲਿਕ ਸਥਿਤੀ, ਲੋਕਾਂ ਦੇ ਜੀਵਨ ਰਹਿਣ ਸਹਿਣ, ਉੱਥੋਂ ਦਾ ਰਾਜਨੀਤਕ ਤੇ ਕਾਨੂੰਨੀ ਪ੍ਰਬੰਧ ਆਦਿ ਦੀ ਜਾਣਕਾਰੀ ਵਿਸਥਾਰ ਸਹਿਤ ਦੇ ਕੇ ਲੇਖਕ ਆਮ ਪਾਠਕ ਦੇ ਗਿਆਨ ’ਚ ਨਿੱਗਰ ਵਾਧਾ ਕਰਦਾ ਹੈ ਅਤੇ ਸਾਡੇ ਭਾਰਤੀ

ਕਾਨੂੰਨਾਂ ਤੇ ਪ੍ਰਬੰਧਾਂ ਉਪਰ ਚੋਟ ਵੀ। ਇਸ ਉਪਰੰਤ ਇਸ ਵਿਚਲੇ ਪਾਤਰ ਦੇਸ਼-ਵਿਦੇਸ਼ ਵਿੱਚ ਵਿਚਰਦੇ ਹੋਏ ਜਿਸ ਜੀਵਨ-ਲੀਲਾ 'ਚੋਂ ਗੁਜਰਦੇ ਹਨ, ਉਹ ਇਸ ਨਾਵਲ ਦਾ ਵਿਸ਼ਾ ਖੇਤਰ ਹੈ, ਕਈ ਥਾਈਂ ਮੁੱਖ ਪਾਤਰ ਲੇਖਕ ਆਪ ਹੈ ਜੋ ਵੱਖ-ਵੱਖ ਚਰਿੱਤਰਾਂ ਰਾਹੀਂ ਰੂਪਮਾਨ ਹੁੰਦਾ ਹੈ। ਲੇਖਕ ਪਾਸ ਵਿਸ਼ਾਲ ਜੀਵਨ ਅਨੁਭਵ ਹੀ ਨਹੀਂ ਸਗੋਂ ਉਸ ਕੋਲ ਚੇਤਨਾ ਤੇ ਸੂਝ ਵੀ ਹੈ, ਜਿਸ ਨਾਲ ਉਹ ਸਮੁੱਚੇ ਵਰਤਾਰਿਆਂ ਨੂੰ ਵੇਖਦਾ, ਪਰਖਦਾ ਤੇ ਆਪਣੇ ਨਾਵਲ ਵਿੱਚ ਚਿਤਰਦਾ ਹੈ।" (ਵਿੱਚ ਪਰਦੇਸਾਂ ਦੇ, ਪੰਨਾ 5)

ਬਾਬਾ ਫ਼ਰੀਦ ਦੀ ਚਰਨ ਛੋਹ ਪ੍ਰਾਪਤ ਧਰਤੀ ਰਿਆਸਤੀ ਸ਼ਹਿਰ ਫ਼ਰੀਦਕੋਟ ਨੇ ਬਹੁਤ ਸਾਰੇ ਰੂਬਾਈਗੋ ਪੈਦਾ ਕੀਤੇ ਹਨ। ਫਿਰ ਕਲਸੀ ਕਿਵੇਂ ਅਛੂਤਾ ਰਹਿ ਸਕਦਾ ਸੀ। ਉਸਨੇ ਵੀ ਰੂਬਾਈ 'ਤੇ ਹੱਥ ਅਜ਼ਮਾਇਆ ਹੈ ਅਤੇ ਸੈਂਕੜੇ ਖ਼ੂਬਸੂਰਤ ਰੂਬਾਈਆਂ ਲਿਖੀਆਂ ਹਨ।

1. ਚੰਗਾ ਸੀ ਜੇ ਨੇਤਾ ਬਣਦੇ, ਕੋਈ ਲੜਾ ਕੇ ਜੁਗਤੀ।
ਨਾ ਸੀ ਚਿੰਤਾ ਕਿਸੇ ਡਿਗਰੀ ਦੀ, ਉਮਰ ਨਾ ਸੇਵਾ ਮੁਕਤੀ।
ਮੁਲਾਜ਼ਮ ਕਹਿੰਦੇ "ਰਿਹਾ ਨਾ ਕੰਮ ਦਾ, ਉਮਰ ਹੋਈ ਅਠਵੰਜਾ",
ਵਿੱਚ ਸਿਆਸਤ ਸੱਠ ਤੋਂ ਉੱਤੇ, ਕਹਿੰਦੇ ਚਮਕੇ ਸੁਰਤੀ।
2. ਜ਼ਾਲਮ ਜ਼ੁਲਮ ਆਏ ਸਦਾ ਕਰਦੇ, ਮਜ਼ਲੂਮਾਂ ਦੇ ਉੱਤੇ।
ਤਾਹੀਓਂ ਤਾਂ ਕਿਹਾ ਸੀ ਨਾਨਕ, ਰਾਜੇ ਸ਼ੀਂਹ ਮੁਕੱਦਮ ਕੁੱਤੇ।
ਜ਼ੁਲਮ ਕਦੀ ਨਾ ਰੋਕੇ ਰੁਕਦਾ, ਚੁੱਕੀਏ ਨਾ ਜਿੱਚਰ ਖੰਡਾ...
ਹੋਵਣ ਕਦੀ ਆਜ਼ਾਦ ਨਾ 'ਕਲਸੀ', ਰਹਿਣ ਜੋ ਫ਼ਰਜੋਂ ਸੁੱਤੇ।


ਲਾਲ ਸਿੰਘ ਕਲਸੀ ਦੀ ਸਮੁੱਚੀ ਸਾਹਿਤਕਾਰੀ ਸਮਾਜ ਨੂੰ ਸੇਧ ਪ੍ਰਦਾਨ ਕਰਦੀ ਹੈ। ਉਸਦੀਆਂ ਰਚਨਾਵਾਂ ਸਮਾਜਿਕ ਵਿਸੰਗਤੀਆਂ, ਸਮੱਸਿਆਵਾਂ ਨੂੰ ਪੇਸ਼ ਕਰਦੀਆਂ ਹਨ ਅਤੇ ਪੂੰਜੀਪਤੀ ਨਿਜ਼ਾਮ ਦਾ ਵਿਰੋਧ ਕਰਦੀਆਂ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾਂ ਕਰਨ ਦਾ ਸੁਨੇਹਾ ਦਿੰਦੀਆਂ ਹਨ। ਲਾਲ ਸਿੰਘ ਕਲਸੀ ਦੀ ਸਾਹਿਤਕ ਘਾਲਣਾ ਨੂੰ ਸਤਿਕਾਰ ਦਿੰਦਿਆਂ ਹੋਇਆਂ ਬਹੁਤ ਸਾਰੀਆਂ ਸਭਾਵਾਂ ਵੱਲੋਂ ਉਨ੍ਹਾਂ ਦੇ ਮਾਨ-ਸਨਮਾਨ ਕੀਤੇ ਗਏ, ਜਿਨ੍ਹਾਂ ਵਿੱਚ ਸਾਹਿਤ ਸਭਾ ਭਲੂਰ ਅਤੇ ਪੰਜਾਬੀ ਸਾਹਿਤ ਸਭਾ ਰਜਿਸਟਰਡ ਫ਼ਰੀਦਕੋਟ ਵੱਲੋਂ ਮਿਲੇ ਵਿਸ਼ੇਸ਼ ਸਨਮਾਨ ਸ਼ਾਮਿਲ ਹਨ।

ਉਨ੍ਹਾਂ ਨੂੰ 2 ਦਸੰਬਰ, 2022 ਨੂੰ ਰਾਮਗੜ੍ਹੀਆ ਸਿੱਖ ਸੁਸਾਇਟੀ ਟੋਰਾਂਟੋ ਵੱਲੋਂ ਰਿਵਾਲਡਾ ਗੁਰਦੁਆਰਾ ਅੰਟਾਰੀਓ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਿਆ ਗਿਆ।

ਲਾਲ ਸਿੰਘ ਕਲਸੀ ਆਪਣੇ ਰਾਮਗੜ੍ਹੀਆ ਸਮਾਜ ਦੀ ਭਲਾਈ ਲਈ ਵੀ ਵਚਨਬੱਧ ਹਨ। ਉਨ੍ਹਾਂ ਨੂੰ ਆਲ ਇੰਡੀਆ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਫ਼ਰੀਦਕੋਟ ਜ਼ਿਲ੍ਹੇ ਦਾ ਪ੍ਰਧਾਨ ਬਣਾਇਆ ਗਿਆ ਹੈ। ਲਾਲ ਸਿੰਘ ਕਲਸੀ ਬੜੇ ਫ਼ਖਰ ਨਾਲ ਦੱਸਦੇ ਹਨ ਕਿ ਉਨ੍ਹਾਂ ਦੀਆਂ ਲਿਖਤਾਂ ਜਲੰਧਰ ਤੋਂ ਛਪਦੇ ਹਫ਼ਤਾਵਾਰੀ 'ਰਾਮਗੜ੍ਹੀਆ ਦਰਪਣ' ਅਤੇ ਦਿੱਲੀ ਤੋਂ ਛਪਦੇ 'ਰਾਮਗੜ੍ਹੀਆ ਪਾਰਲੀਆਮੈਂਟ' ਪੰਦਰਾ ਰੋਜ਼ਾ ਵਿਚ ਅਕਸਰ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ, ਜਿਸ ਨਾਲ ਉਨ੍ਹਾਂ ਦਾ ਦੇਸ਼ ਵਿਦੇਸ਼ ਵਿੱਚ ਭਾਈਚਾਰੇ ਨਾਲ ਰਾਬਤਾ ਬਣਿਆ ਹੈ। ਬਹੁ ਵਿਧਾਵੀ ਸਾਹਿਤਕਾਰ ਲਾਲ ਸਿੰਘ ਕਲਸੀ ਤੋਂ ਸਾਹਿਤ ਜਗਤ ਨੂੰ ਹੋਰ ਵੀ ਵਡੇਰੀਆਂ ਆਸ਼ਾਵਾਂ ਹਨ।

ਮੋਬਾਇਲ : 98149-76639

# ਲਾਲ ਸਿੰਘ ਦਸੂਹਾ



ਲਾਲ ਸਿੰਘ ਦਸੂਹਾ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ। ਉਹ ਮਾਰਕਸਵਾਦੀ ਚਿੰਤਨ ਨੂੰ ਪ੍ਰਗਤੀਵਾਦ ਦਾ ਆਧਾਰ ਮੰਨਦਾ ਹੈ। ਉਹ ਪ੍ਰਗਤੀਸ਼ੀਲਤਾ ਅਤੇ ਪ੍ਰਗਤੀਵਾਦ ਦਾ ਪੂਰੀ ਤਰ੍ਹਾਂ ਸਮਰਥਕ ਹੈ। ਉਸ ਦੀ ਸਾਦ-ਮੁਰਾਦੀ ਰਹਿਣੀ ਬਹਿਣੀ, ਸਾਊ ਸੁਭਾਅ ਅਤੇ ਮਿਲਾਪੜੀ ਸ਼ਖਸ਼ੀਅਤ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਦੁਆਬੇ ਦਾ ਜੰਮਪਲ ਹੋਣ ਕਰਕੇ ਉਸ ਦੀਆਂ ਕਹਾਣੀਆਂ ਵਿੱਚੋਂ ਦੁਆਬੇ ਦੀ ਮਿੱਟੀ ਦੀ ਖੁਸ਼ਬੂ ਮਾਣੀ ਜਾ ਸਕਦੀ ਹੈ। ਉਸ ਦੀਆਂ ਕਹਾਣੀਆਂ ਮਾਰਕਸਵਾਦੀ ਦ੍ਰਿਸ਼ਟੀਕੋਣ ਦੀਆਂ ਅਨੁਸਾਰੀ ਹਨ। ਲਾਲ ਸਿੰਘ ਲੋਕ ਹਿਤੂ, ਮਨੁੱਖ ਹਿਤੈਸ਼ੀ ਅਤੇ ਅਗਾਂਹਵਧੂ ਸੋਚ ਦਾ ਧਾਰਨੀ ਲੇਖਕ ਹੈ।

ਪੰਜਾਬੀ ਕਹਾਣੀ ਦੇ ਨਾਮਵਰ ਹਸਤਾਖਰ ਲਾਲ ਸਿੰਘ ਦਾ ਜਨਮ 20 ਅਪ੍ਰੈਲ, 1940 ਨੂੰ ਪਿੰਡ ਝੱਜਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਰਦਾਰ ਸੁਰੈਣ ਸਿੰਘ ਅਤੇ ਮਾਤਾ ਮਹਿੰਦਰ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਲਾਲ ਸਿੰਘ ਦਾ ਪਰਿਵਾਰ ਕਿਰਤੀ ਸ਼੍ਰੇਣੀ ਨਾਲ ਸਬੰਧਤ ਸੀ ਅਤੇ ਤੰਗੀਆਂ ਤੁਰਸ਼ੀਆਂ ਤਹਿਤ ਗੁਜ਼ਾਰਾ ਕਰ ਰਿਹਾ ਸੀ। ਲਾਲ ਸਿੰਘ ਨੇ ਮੁੱਢਲੀ ਵਿੱਦਿਆ ਸਰਕਾਰੀ ਸਕੂਲ ਬਡਾਲਾ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦਸਵੀਂ ਜਮਾਤ ਦਾ ਇਮਤਿਹਾਨ ਖਾਲਸਾ ਹਾਈ ਸਕੂਲ ਸਰਹਾਲਾ ਮੁੰਡੀਆਂ ਤੋਂ 1955 ਵਿੱਚ ਪਾਸ ਕੀਤਾ। ਉਨ੍ਹਾਂ ਸਰਕਾਰੀ ਕਾਲਜ ਟਾਂਡਾ ਤੋਂ ਐਫ. ਏ.1957 ਵਿੱਚ ਕੀਤੀ। ਐਫ.ਏ. ਦੀ ਪੜ੍ਹਾਈ ਕਰਨ ਦੇ ਦੌਰਾਨ ਹੀ ਉਨ੍ਹਾਂ ਕਹਾਣੀਕਾਰ ਹਰੀ ਸਿੰਘ ਦਿਲਬਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੜ੍ਹੀਆਂ ਅਤੇ ਪੰਜਾਬੀ ਦੇ ਪ੍ਰਸਿੱਧ ਕਵੀ ਬਾਵਾ ਬਲਵੰਤ ਦੀ ਕਵਿਤਾ ਡੂੰਘੀ ਨੀਝ ਨਾਲ ਪੜ੍ਹੀ। ਬਾਅਦ ਵਿੱਚ ਉਨ੍ਹਾਂ ਨੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੇ ਬਹੁਤ ਸਾਰੇ ਨਾਵਲ ਪੜ੍ਹੇ। ਉਹ ਇਨ੍ਹਾਂ ਸਾਹਿਤਕਾਰਾਂ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਿਤ ਹੋਏ।

ਐਫ.ਏ. ਕਰਨ ਤੋਂ ਪਿੱਛੋਂ ਘਰੇਲੂ ਹਾਲਾਤਾਂ ਕਰਕੇ ਉਨ੍ਹਾਂ ਦੀ ਪੜ੍ਹਾਈ ਕੁਝ ਸਮੇਂ ਲਈ ਛੁੱਟ ਗਈ। ਉਹ ਆਪਣੇ ਮਾਮੇ ਰਾਹੀਂ 1958 ਵਿੱਚ ਭਾਖੜਾ ਡੈਮ ਦੀ ਗਰਾਊਂਡਿੰਗ ਸਬ ਡਿਵੀਜ਼ਨ ਵਿੱਚ ਅਸਿਸਟੈਂਟ ਸੁਪਰਵਾਈਜ਼ਰ ਲੱਗ ਗਏ ਅਤੇ

1962 ਤੱਕ ਇੱਥੇ ਨੌਕਰੀ ਕੀਤੀ। 1963-72 ਦੇ ਦੌਰਾਨ ਉਨ੍ਹਾਂ ਫੈਕਟਰੀ ਕਾਮੇ ਵਜੋਂ ਜਲੰਧਰ ਵਿਖੇ ਸਰਵਿਸ ਕੀਤੀ। ਪੜ੍ਹਨ ਦੀ ਤੀਬਰ ਲਗਨ ਸਦਕਾ ਉਹ ਨੌਕਰੀ ਦੇ ਨਾਲ-ਨਾਲ ਪੜ੍ਹਾਈ ਵੀ ਕਰਦੇ ਰਹੇ। ਉਨ੍ਹਾਂ 1971 ਵਿੱਚ ਬੀ.ਐੱਡ. ਕਰ ਲਈ ਅਤੇ 1973 ਵਿੱਚ ਮੁਕੇਰੀਆਂ ਲਾਗੇ ਪਬਲਿਕ ਸਕੂਲ ਭੰਗਾਲਾ ਵਿਖੇ ਗਿਆਨੀ ਅਧਿਆਪਕ ਵਜੋਂ ਆਪਣਾ ਅਧਿਆਪਨ ਸਫ਼ਰ ਸ਼ੁਰੂ ਕੀਤਾ। 1975 ਵਿੱਚ ਉਨ੍ਹਾਂ ਐਮ.ਏ. (ਪੰਜਾਬੀ) ਕਰ ਲਈ। ਲਾਲ ਸਿੰਘ ਨੇ 1973 ਤੋਂ 1997 ਤੱਕ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਵਜੋਂ ਕਾਰਜ ਕੀਤਾ।

1962 ਵਿੱਚ ਉਨ੍ਹਾਂ ਦੀ ਸ਼ਾਦੀ ਸ਼੍ਰੀਮਤੀ ਪੂਰਨ ਕੌਰ ਜੇ.ਬੀ.ਟੀ. ਅਧਿਆਪਕਾ ਨਾਲ ਹੋਈ। ਉਨ੍ਹਾਂ ਦੇ ਘਰ ਦੋ ਲੜਕਿਆਂ ਅਤੇ ਦੋ ਲੜਕੀਆਂ ਨੇ ਜਨਮ ਲਿਆ। ਉਨ੍ਹਾਂ ਦਾ ਵੱਡਾ ਲੜਕਾ ਸੁਖਪਾਲ ਵੀਰ ਸਿੰਘ ਕੈਨੇਡਾ ਵਿੱਚ ਇੰਜਨੀਅਰ ਹੈ ਅਤੇ ਛੋਟਾ ਲੜਕਾ ਅਮਰਜੀਤ ਸਿੰਘ ਦਸੂਹਾ ਵਿਖੇ ਭੂਮੀ ਰੱਖਿਆ ਅਫਸਰ ਨਿਯੁਕਤ ਹੈ। ਉਨ੍ਹਾਂ ਦੀ ਇੱਕ ਬੇਟੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਨਿਯੁਕਤ ਹੈ ਅਤੇ ਇਕ ਕੈਨੇਡਾ ਰਹਿੰਦੀ ਬੇਟੀ ਦਾ ਪਿੱਛੇ ਜਿਹੇ ਦੇਹਾਂਤ ਹੋ ਗਿਆ ਸੀ।

1960 ਦੇ ਆਸ-ਪਾਸ ਉਹ ਉਸ ਸਮੇਂ ਦੇ ਚਰਚਿਤ ਕਵੀਆਂ ਚਰਨ ਸਿੰਘ ਸਫ਼ਰੀ, ਕਰਤਾਰ ਸਿੰਘ ਬਲੱਗਣ ਅਤੇ ਵਿਧਾਤਾ ਸਿੰਘ ਤੀਰ ਦੀਆਂ ਕਵਿਤਾਵਾਂ ਤੋਂ ਪ੍ਰਭਾਵਿਤ ਹੋਏ ਅਤੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਉਹ ਕਹਾਣੀ ਖੇਤਰ ਵਿੱਚ ਕਾਫ਼ੀ ਸਮੇਂ ਬਾਅਦ ਆਏ। ਉਨ੍ਹਾਂ ਨੇ ਦਸੰਬਰ 1980 ਵਿੱਚ ਮਿੰਨੀ ਕਹਾਣੀ 'ਈਡੀਅਟ' ਲਿਖ ਕੇ ਆਪਣੇ ਕਹਾਣੀ ਸਫ਼ਰ ਦੀ ਸ਼ੁਰੂਆਤ ਕੀਤੀ। ਕਹਾਣੀਕਾਰ ਲਾਲ ਸਿੰਘ ਨੇ ਮਾਰਖੋਰੇ (1984), ਬਲੌਰ (1986), ਧੁੱਪ-ਛਾਂ (1990), ਕਾਲੀ ਮਿੱਟੀ (1996), ਅੱਧੇ-ਅਧੂਰੇ (2003), ਗੜ੍ਹੀ ਬਖਸ਼ਾ ਸਿੰਘ (2009) ਅਤੇ ਸੰਸਾਰ (2017) ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਕਹਾਣੀਕਾਰ ਲਾਲ ਸਿੰਘ ਦਾ ਕਹਾਣੀ ਸੰਗ੍ਰਹਿ 'ਯੁੱਧਵੀਰ' ਮਾਰਚ 2026 ਵਿੱਚ ਛਪ ਕੇ ਆ ਰਿਹਾ ਹੈ। ਲਾਲ ਸਿੰਘ ਦੀਆਂ ਕਹਾਣੀਆਂ ਮੁੱਖ ਤੌਰ 'ਤੇ ਪਾਤਰ ਪ੍ਰਧਾਨ, ਘਟਨਾ ਪ੍ਰਧਾਨ ਅਤੇ ਪਿਛਲ ਝਾਤ ਪਾਉਂਦੀਆਂ ਕਹਾਣੀਆਂ ਹਨ। ਲਾਲ ਸਿੰਘ ਪੇਂਡੂ ਰਹਿਤਲ ਨਾਲ ਜੁੜਿਆ ਹੋਇਆ ਕਹਾਣੀਕਾਰ ਹੈ ਅਤੇ ਲਗਭਗ ਉਸ ਦੇ ਸਾਰੇ ਪਾਤਰ ਪੇਂਡੂ ਰਹਿਣੀ- ਸਹਿਣੀ ਦੀ ਤਰਜਮਾਨੀ ਕਰਦੇ ਹਨ। ਲਾਲ ਸਿੰਘ ਮੱਧ ਵਰਗੀ ਪਰਿਵਾਰ ਨਾਲ ਸਬੰਧਤ ਕਹਾਣੀਕਾਰ ਹੋਣ ਕਰਕੇ ਮੱਧ ਵਰਗ ਅਤੇ ਨਿਮਨ ਵਰਗ ਦੀਆਂ ਸਮੱਸਿਆਵਾਂ ਤੋਂ ਭਲੀ ਭਾਂਤ ਜਾਣੂ ਹੈ।

ਉਹ ਸਮਾਜਿਕ ਸਰੋਕਾਰਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਅਮੀਰੀ ਗਰੀਬੀ ਦੇ ਪਾੜੇ ਦੀ ਸਮੱਸਿਆ, ਕਿਸਾਨੀ ਅਤੇ ਮਜ਼ਦੂਰ ਤਬਕੇ ਦੀ ਮੰਦਹਾਲੀ ਅਤੇ ਆਰਥਿਕ ਦਸ਼ਾ, ਦਲਿਤ ਵਰਗ ਦੀ ਦਸ਼ਾ, ਜਾਗੀਰਦਾਰ ਅਤੇ ਰਾਜਨੀਤਕ ਤਬਕੇ ਵੱਲੋਂ ਕੀਤੀ ਜਾਂਦੀ ਅੰਨ੍ਹੀ ਲੁੱਟ, ਪੰਜਾਬ ਸੰਕਟ ਅਤੇ ਧਰਮ ਦੇ ਨਾਂ ਉੱਪਰ ਪਾਖੰਡਵਾਦ ਸਮੇਤ ਬਹੁਤ ਸਾਰੇ ਵਿਸ਼ਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਉਨ੍ਹਾਂ ਦੀ ਕਹਾਣੀ 'ਅਜੇ ਮੈਂ ਜਿਉਂਦਾ ਹਾਂ' ਦੀ ਪਿੱਠ ਭੂਮੀ ਵਿੱਚ 1975 ਦੀ ਐਮਰਜੈਂਸੀ ਵਿਰੁੱਧ ਰੰਜਿਸ਼ ਦੀ ਭਾਵਨਾ ਕਾਰਜਸ਼ੀਲ ਹੈ। ਉਨ੍ਹਾਂ ਦੀ ਕਹਾਣੀ 'ਅਕਾਲਗੜ੍ਹ' ਇਨਕਲਾਬੀ ਆਗੂਆਂ ਬਾਬਾ ਬੂਝਾ ਸਿੰਘ ਅਤੇ ਤੇਜਾ ਸਿੰਘ ਸੁਤੰਤਰ ਵੱਲੋਂ ਰਿਆਸਤੀ ਰਾਜਿਆਂ ਅਤੇ ਜਾਗੀਰਦਾਰਾਂ ਵਿਰੁੱਧ ਵਿੱਢੇ ਮੁਜ਼ਾਰਾ ਘੋਲ ਦੀ ਚਰਚਾ ਛੇੜਦੀ ਹੈ। ਲਾਲ ਸਿੰਘ ਦੇ ਕਹਾਣੀ ਸੰਗ੍ਰਹਿ ਸੰਸਾਰ ਵਿੱਚ ਸ਼ਾਮਿਲ ਦੋ ਕਹਾਣੀਆਂ 'ਸੰਸਾਰ' ਅਤੇ 'ਜੁਬਾੜੇ'ਕਰਮਵਾਰ ਪੇਂਡੂ ਅਤੇ ਸ਼ਹਿਰੀ ਜੀਵਨ ਦੇ ਧਨਾਢਾਂ ਦੇ ਦੁਆਲੇ ਘੁੰਮਦੀਆਂ ਹਨ। ਕਹਾਣੀ ਸੰਸਾਰ ਵਿੱਚ ਜ਼ੈਲਦਾਰ ਸੰਸਾਰ ਸਿੰਘ ਦੇ ਵਧਦੇ ਕਾਰੋਬਾਰ ਦਾ ਜ਼ਿਕਰ ਹੈ ਅਤੇ ਕਹਾਣੀ ਦੀਆਂ ਘਟਨਾਵਾਂ ਮੰਡ ਦੇ ਇੱਕ ਪਿੰਡ ਵਿੱਚ ਵਾਪਰਦੀਆਂ ਹਨ। 'ਜੁਬਾੜੇ' ਕਹਾਣੀ ਦੀਆਂ ਘਟਨਾਵਾਂ ਇੱਕ ਸ਼ਹਿਰ ਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਾਣੀਆਂ ਸੇਠ ਰਾਮ ਗੋਪਾਲ ਦਾ ਬਿਰਤਾਂਤ ਹੈ। ਉਸ ਦੇ ਪੁੱਤਰ ਸ਼ਹਿਰ ਵਿੱਚ ਮੌਲ ਖੋਲ੍ਹਦੇ ਹਨ ਅਤੇ ਉਨ੍ਹਾਂ ਦਾ ਕਾਰੋਬਾਰ ਬਹੁਤ ਵੱਧਦਾ ਹੈ, ਲੇਖਕ ਨੇ ਆਪਣੀਆਂ ਕਹਾਣੀਆਂ ਵਿੱਚ ਵਧ ਰਹੀ ਅਮੀਰੀ ਦਾ ਗੁਣਗਾਨ ਨਹੀਂ ਕੀਤਾ, ਸਗੋਂ ਮਨੁੱਖਤਾ ਦੇ ਦਰਦ ਨੂੰ ਬਿਆਨਿਆ ਹੈ। ਲਾਲ ਸਿੰਘ ਨੇ ਆਪਣੀਆਂ ਕਹਾਣੀਆਂ ਦੀ ਬਿਰਤਾਂਤਿਕਤਾ ਨੂੰ ਸਿਰਜਨਾਤਮਕ ਪੱਧਰ 'ਤੇ ਮਾਰਕਸਵਾਦੀ ਨਜ਼ਰੀਏ ਅਨੁਸਾਰ ਪੇਸ਼ ਕਰਨ ਦਾ ਹਰ ਸੰਭਵ ਯਤਨ ਕੀਤਾ ਹੈ। ਲਾਲ ਸਿੰਘ ਦਾ ਤਰਕ ਹੈ ਕਿ ਭਾਰਤੀ ਸਮਾਜ ਵਿੱਚ ਜਮਾਤੀ ਸਮਾਜ ਵੰਡ ਪ੍ਰਧਾਨ ਹੈ। ਧਨਵਾਨ ਤੇ ਵੱਡੇ ਭੂਮੀਪਤੀ ਜਾਇਜ਼-ਨਜਾਇਜ਼ ਢੰਗਾਂ ਨਾਲ ਅਮੀਰ ਹੋ ਰਹੇ ਹਨ ਅਤੇ ਗਰੀਬ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਹੈ। ਕਹਾਣੀਕਾਰ ਲਾਲ ਸਿੰਘ ਖੱਬੀਆਂ ਧਿਰਾਂ ਵਿੱਚ ਹੋਈ ਟੁੱਟ-ਭੱਜ ਅਤੇ ਇਨ੍ਹਾਂ ਦੇ ਰਸਾਤਲ ਵੱਲ ਜਾਣ ਤੋਂ ਡਾਢਾ ਚਿੰਤਤ ਹੈ। ਕਹਾਣੀਕਾਰ ਲਾਲ ਸਿੰਘ ਲੋਕਾਈ ਪ੍ਰਤੀ ਪ੍ਰਤੀਬੱਧ ਲੇਖਕ ਹੈ, ਉਸ ਦੀ ਪ੍ਰਤੀਬੱਧਤਾ ਸੱਤਾ ਹੀਨ ਲੁੱਟੇ-ਪੁੱਟੇ ਜਾ ਰਹੇ ਲੋਕਾਂ ਨਾਲ ਹੈ ਅਤੇ ਉਸ ਦਾ ਮੰਨਣਾ ਹੈ ਕਿ ਲੋਕ ਸਮੂਹ ਨੂੰ ਬਣਦੇ ਹਿੱਸੇ ਤੋਂ ਵਾਂਝੇ ਕਰਨ ਵਿੱਚ ਫਿਊਡਲ ਤੱਤਾਂ ਦਾ ਬਹੁਤ ਵੱਡਾ ਯੋਗਦਾਨ ਹੈ। ਲਾਲ ਸਿੰਘ ਦੀ ਕਹਾਣੀ ਕਲਾ ਬਾਰੇ ਉੱਘੇ ਵਿਦਵਾਨ ਪ੍ਰੋਫੈਸਰ ਜੇ.ਬੀ.

ਸੇਖੋਂ ਦੇ ਵਿਚਾਰ ਅਨੁਸਾਰ, "ਲਾਲ ਸਿੰਘ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਵੱਖਰੇ ਰੁਝਾਨਾਂ ਵਿੱਚ ਪ੍ਰਤੀਨਿਧੀ ਭੂਮਿਕਾ ਨਿਭਾ ਰਿਹਾ ਹੈ। ਚੌਥੇ ਪੜਾਅ ਦੀ ਕਹਾਣੀ ਨੂੰ ਵਸਤੂ, ਰੂਪ ਅਤੇ ਦ੍ਰਿਸ਼ਟੀ ਪੱਖੋਂ ਨਵਾਂਪਣ ਦੇਣ ਵਿੱਚ ਕਹਾਣੀ ਦੇ ਆਲੋਚਕਾਂ ਵੱਲੋਂ ਨੌਜਵਾਨ ਕਥਾਕਾਰਾਂ ਦੀ ਭੂਮਿਕਾ ਅਹਿਮ ਮੰਨੀ ਜਾ ਰਹੀ ਹੈ। ਲਾਲ ਸਿੰਘ ਪ੍ਰੌੜ ਕਥਾਕਾਰ ਹੈ, ਪਰ ਉਸ ਦੀ ਕਥਾ ਚੇਤਨਾ ਵਿੱਚ ਉਹ ਸਭ ਕੁਝ ਹੈ ਜੋ ਕਿ ਚੌਥੇ ਪੜਾਅ ਦੇ ਨੌਜਵਾਨ ਕਹਾਣੀਕਾਰਾਂ ਦੀਆਂ ਰਚਨਾਵਾਂ ਵਿੱਚ ਮੌਜੂਦ ਹੈ। ਲਾਲ ਸਿੰਘ ਦੀ ਕਥਾਕਾਰੀ ਜਟਿਲ ਬਿਰਤਾਂਤਕ ਬਣਤਰ ਵਾਲੀ ਹੈ, ਜਿਸ ਵਿੱਚੋਂ ਸਮਾਜਿਕ ਯਥਾਰਥ ਦੀਆਂ ਬਹੁਪਾਸਾਰੀ ਧੁੰਨੀਆਂ ਵਿਸਫੋਟਤ ਹੋ ਰਹੀਆਂ ਹਨ। ਉਸ ਦੀ ਬਿਰਤਾਂਤ ਦ੍ਰਿਸ਼ਟੀ ਮਾਰਕਸੀ ਵਿਚਾਰਧਾਰਾ ਦੇ ਰਚਨਾਤਮਿਕ ਰੂਪ ਵਾਲੀ ਹੈ। ਉਹ ਮਾਰਕਸੀ ਪ੍ਰਗਤੀਵਾਦੀ ਸਿਧਾਂਤ ਦੀ ਮੌਖਿਕ ਅਤੇ ਕੱਟੜਤਾ ਵਾਲੀ ਗਲਪੀ ਦ੍ਰਿਸ਼ਟੀ ਦਾ ਪੂਜਕ ਨਹੀਂ, ਸਗੋਂ ਕਾਰਪੋਰੇਟ ਸੈਕਟਰ ਦੀ ਸੱਤਾ ਨਾਲ ਸਾਂਝ ਭਿਆਲੀ ਦੇ ਯੁੱਗ ਵਿੱਚ ਲੋਕ ਹਿਤੂ ਸਿਧਾਂਤਾਂ ਦੀ ਪ੍ਰਸੰਗਕਿਤਾ ਨੂੰ ਸੰਵਾਦ ਦੇ ਨਜ਼ਰੀਏ ਤੋਂ ਪ੍ਰਸਤੁਤ ਕਰਨ ਵਾਲਾ ਲੇਖਕ ਹੈ। ਪੂੰਜੀਵਾਦੀ ਵਿਸ਼ਵੀਕਰਨ ਜਿਸ ਕਿਸਮ ਦੇ ਸੰਕਟ ਲੈ ਕੇ ਪੰਜਾਬੀ ਸੱਭਿਆਚਾਰ ਵਿੱਚ ਦਾਖਲ ਹੁੰਦਾ ਹੈ, ਇਸ ਵਰਤਾਰੇ ਨੂੰ ਸਮਕਾਲੀ ਕਹਾਣੀ ਵਿੱਚ ਲਾਲ ਸਿੰਘ ਵਰਗੇ ਕਥਾਕਾਰ ਚਿੰਤਨ ਦੀ ਪੱਧਰ ਤੇ ਜਾ ਕੇ ਪ੍ਰਸਤੁਤ ਕਰਦੇ ਹਨ।" (ਕਹਾਣੀਕਾਰ ਲਾਲ ਸਿੰਘ ਵਿਚਾਰਧਾਰਾ ਤੇ ਬਿਰਤਾਂਤ, ਸੰਪਾਦਕ: ਡਾ. ਕਰਮਜੀਤ ਸਿੰਘ, ਪੰਨਾ 286)

ਪ੍ਰਗਤੀਵਾਦੀ ਲੇਖਕ ਆਰਥਿਕ ਸਮਾਜਿਕ ਮਾਨਸਿਕ ਅਤੇ ਹਰ ਤਰ੍ਹਾਂ ਨਾਲ ਲੁੱਟੀ ਜਾ ਰਹੀ ਜਨਤਾ ਨੂੰ ਆਪਣੀ ਲੇਖਣੀ ਦਾ ਵਿਸ਼ਾ ਬਣਾਉਂਦੇ ਹਨ। ਲਾਲ ਸਿੰਘ ਨੇ ਵੀ ਇਸੇ ਤਰ੍ਹਾਂ ਕੀਤਾ ਹੈ, ਉਸ ਦੀਆਂ ਕਹਾਣੀਆਂ ਬਹੁਤ ਸਾਰੇ ਵਿਸ਼ਿਆਂ ਨੂੰ ਆਪਣੇ ਘੇਰੇ ਵਿੱਚ ਲੈਂਦੀਆਂ ਹਨ। ਉਸ ਨੇ ਲੱਕ ਤੋੜ ਮਹਿੰਗਾਈ, ਗਰੀਬੀ, ਭੁੱਖਮਰੀ, ਔਰਤਾਂ ਨਾਲ ਹੁੰਦੀਆਂ ਵਧੀਕੀਆਂ, ਮੂਲਵਾਦ ਧਾਰਮਿਕ ਜਨੂਨ, ਫਿਰਕਾ ਪ੍ਰਸਤੀ, ਬੇਰੁਜ਼ਗਾਰੀ, ਮੁਨਾਫ਼ਾਖੋਰੀ, ਰਿਸ਼ਤਿਆਂ ਦੀ ਟੁੱਟ ਭੱਜ, ਪੂੰਜੀਵਾਦ ਦਾ ਭਿਆਨਕ ਵਰਤਾਰਾ, ਭਾਈ ਭਤੀਜਾਵਾਦ, ਮਿਹਨਤਕਸ਼ ਲੋਕਾਂ ਦੀ ਅਧੋਗਤੀ ਅਤੇ ਸਰਕਾਰੀ ਸਿਸਟਮ ਵਿੱਚ ਪੱਸਰੇ ਭ੍ਰਿਸ਼ਟਾਚਾਰ ਸਮੇਤ ਅਣਗਿਣਤ ਵਿਸ਼ੇ ਆਪਣੀ ਲੇਖਣੀ ਰਾਹੀਂ ਪ੍ਰਸਤੁਤ ਕੀਤੇ ਹਨ।

ਕਹਾਣੀਕਾਰ ਲਾਲ ਸਿੰਘ ਦੀਆਂ ਕਹਾਣੀਆਂ ਉਪਰ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਅਨੇਕਾਂ ਖੋਜਾਰਥੀਆਂ ਵੱਲੋਂ ਪੀ.ਐਚ.ਡੀ. ਅਤੇ ਐਮ.ਫਿਲ ਦੇ ਥੀਸਿਸ ਲਿਖੇ

ਗਏ ਹਨ, ਜਿਵੇਂ ਕਿ ਸੁਰਜੀਤ ਸਿੰਘ ਨੰਨੂਆ ਵੱਲੋਂ ਲਾਲ 'ਸਿੰਘ ਦੀ ਕਹਾਣੀ ਕਲਾ' (ਪੰਜਾਬੀ ਯੂਨੀਵਰਸਿਟੀ 1992-93), ਭੁਪਿੰਦਰ ਕੌਰ ਵੱਲੋਂ 'ਲਾਲ ਸਿੰਘ ਦੀਆਂ ਕਹਾਣੀਆਂ ਦਾ ਸਮਾਜਿਕ ਯਥਾਰਥ' ਖੋਜ ਪ੍ਰਬੰਧ (ਕੁਰੂਕਸ਼ੇਤਰ ਯੂਨੀਵਰਸਿਟੀ 1996) ਅਤੇ ਖੋਜਾਰਥੀ ਊਸ਼ਾ ਰਾਣੀ ਵੱਲੋਂ 'ਲਾਲ ਸਿੰਘ ਦੀ ਕਹਾਣੀ ਰਚਨਾ ਦੇ ਸਮਾਜਿਕ ਸਰੋਕਾਰ' (ਪੰਜਾਬ ਯੂਨੀਵਰਸਿਟੀ 2000-2001) ਐਮ.ਫਿਲ ਕੀਤੀ ਗਈ ਹੈ। ਡਾ.ਭੁਪਿੰਦਰ ਕੌਰ ਕਪੂਰਥਲਾ ਵੱਲੋਂ 'ਅਜੋਕੀ ਪੰਜਾਬੀ ਕਹਾਣੀ ਦੇ ਸਮਾਜਿਕ ਸਰੋਕਾਰ' ਵਿਸ਼ੇ 'ਤੇ ਲਾਲ ਸਿੰਘ ਦਸੂਹਾ ਸਮੇਤ ਚਾਰ ਹੋਰ ਸਮਕਾਲੀ ਕਹਾਣੀਕਾਰਾਂ ਵਰਿਆਮ ਸਿੰਘ ਸੰਧੂ, ਪ੍ਰੇਮ ਗੋਰਖੀ, ਅਮਰਜੀਤ, ਰਘਵੀਰ ਢੰਡ ਉੱਪਰ ਸਾਂਝੇ ਤੌਰ 'ਤੇ ਖੋਜ ਕਾਰਜ ਕਰਕੇ ਪੀ.ਐਚ.ਡੀ. ਕੀਤੀ ਗਈ ਹੈ। ਲਾਲ ਸਿੰਘ ਦੀ ਕਹਾਣੀ ਕਲਾ ਉੱਪਰ 'ਪ੍ਰਤੀਬੱਧ ਕਹਾਣੀਕਾਰ- ਲਾਲ ਸਿੰਘ' ਲੇਖਿਕਾ ਡਾ. ਭੁਪਿੰਦਰ ਕੌਰ ਅਤੇ 'ਲਾਲ ਸਿੰਘ ਦੀ ਕਥਾ ਦਾ ਸੁਹਜ ਸ਼ਾਸਤਰ' ਲੇਖਕ ਡਾ. ਚੰਦਰ ਮੋਹਣ ਦੀਆਂ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਬਾਰੇ ਵੱਖ-ਵੱਖ ਲੇਖਕਾਂ ਦੇ ਵਿਚਾਰ ਪੇਸ਼ ਕਰਦੀ ਪੁਸਤਕ 'ਕਹਾਣੀਕਾਰ ਲਾਲ ਸਿੰਘ ਵਿਚਾਰਧਾਰਾ ਤੇ ਬਿਰਤਾਂਤ' ਡਾ. ਕਰਮਜੀਤ ਨੇ ਸੰਪਾਦਿਤ ਕੀਤੀ ਹੈ। ਲਾਲ ਸਿੰਘ ਦੀ ਵਿਚਾਰਧਾਰਾ ਅਤੇ ਬਿਰਤਾਂਤਕਾਰੀ ਦੀ ਸਹੀ ਸਮਝ ਲਈ ਇਹ ਪੁਸਤਕ ਸਹਾਈ ਬਣਦੀ ਹੈ।

ਲੇਖਕ ਨੇ ਬਹੁਤ ਸਾਰੀਆਂ ਪੁਸਤਕਾਂ ਦੇ ਅਨੁਵਾਦ ਵੀ ਕੀਤੇ ਹਨ। ਵਿਸ਼ੇਸ਼ ਤੌਰ 'ਤੇ ਖੱਬੀ ਪੱਖੀ ਵਿਚਾਰਧਾਰਾ ਦੇ ਮੈਗਜ਼ੀਨ ਚਿਰਾਗ ਲਈ ਉਨ੍ਹਾਂ ਨੇ 'ਕੀ ਤੁਸੀਂ ਕਮਿਊਨਿਸਟ ਪਾਰਟੀ ਦੇ ਮੈਂਬਰ ਹੋ'-ਚਾਂਗਲਿਨ, 'ਸੇਲਜ ਗ਼ਰਲ'-ਵਾਂਗ ਰੁਚਨੀ, 'ਦੇਹ ਤੇ ਆਤਮਾ'-ਚਾਂਗ ਸ਼ਏਨਯਾਂਗ, 'ਘਰ ਗ੍ਰਹਿਣੀ' -ਡਾਂਗ ਇੰਗ, 'ਬਹਿਸ ਵਿਚਲਾ ਇਕਲਾਪਾ'-ਪੰਖੁਰੀ ਰਾਏ ਪੁਸਤਕਾਂ ਅਨੁਵਾਦ ਕੀਤੀਆਂ ਹਨ। ਨੈਸ਼ਨਲ ਬੁੱਕ ਟਰੱਸਟ ਲਈ ਉਨ੍ਹਾਂ ਨੇ 'ਸਾਡੇ ਤੀਰਥ ਅਸਥਾਨ' ਪੁਸਤਕ ਅਨੁਵਾਦ ਕੀਤੀ ਅਤੇ ਇਕ ਅਨੁਵਾਦ 'ਪਿਆਰੇ ਪਿਤਾ' ਨਾਵਲ ਵੀ ਕੀਤਾ। ਉਨ੍ਹਾਂ ਨੇ ਨਵ-ਸਾਂਖਰਾਂ ਲਈ 'ਸੁਪਨਿਆਂ ਦੀ ਲੀਲਾ' ਅਤੇ 'ਆਪਣੇ ਆਪਣੇ ਕੰਮ' ਸਚਿੱਤਰ ਪੁਸਤਕਾਂ ਵੀ ਲਿਖੀਆਂ।

ਕਹਾਣੀਕਾਰ ਲਾਲ ਸਿੰਘ ਨੇ ਬਹੁਤ ਸਾਰਾ ਆਲੋਚਨਾਤਮਕ ਕਾਰਜ ਵੀ ਕੀਤਾ। ਉਨ੍ਹਾਂ ਨੇ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਦੇ ਰਿਵਿਊ ਲਿਖੇ, ਜੋ ਸਮੇਂ-ਸਮੇਂ ਤੇ ਸਿਰਜਣਾ, ਨਵਾਂ ਜ਼ਮਾਨਾ ਅਤੇ ਪੰਜਾਬੀ ਟ੍ਰਿਬਿਊਨ ਵਿੱਚ ਪ੍ਰਕਾਸ਼ਿਤ ਹੁੰਦੇ ਰਹੇ। ਉਨ੍ਹਾਂ ਦੁਆਰਾ ਵੱਖ-ਵੱਖ ਸ਼ਖਸ਼ੀਅਤਾਂ ਨਾਲ ਕੀਤੀਆਂ ਮੁਲਾਕਾਤਾਂ ਵੀ ਸਮੇਂ- ਸਮੇਂ 'ਤੇ ਪੰਜਾਬੀ ਟ੍ਰਿਬਿਊਨ ਤੇ ਨਵਾਂ ਜ਼ਮਾਨਾ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ।

ਲਾਲ ਸਿੰਘ ਦੀ ਸਵੈ-ਜੀਵਨੀ ਵਰਗੀ ਰਚਨਾ ਬੇਸਮਝੀਆਂ (ਸਵੈ ਜੀਵਨ ਕਥਾਵਾਂ) 2020 ਵਿੱਚ ਪ੍ਰਕਾਸ਼ਤ ਹੋਈ, ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ। ਜਿਸ ਵਿੱਚ ਉਨ੍ਹਾਂ ਆਪਣੀ ਜ਼ਿੰਦਗੀ ਦੇ ਅੱਧੀ ਸਦੀ ਤੋਂ ਵੀ ਵੱਧ ਸਮੇਂ ਦੇ ਲੇਖਣੀ ਦੇ ਅਨੁਭਵ ਅਤੇ ਨਿਜੀ ਜੀਵਨ ਦੇ ਤਜਰਬੇ ਆਪਣੇ ਪਾਠਕ ਵਰਗ ਨਾਲ ਸਾਂਝੇ ਕੀਤੇ ਹਨ। ਕਹਾਣੀਕਾਰ ਲਾਲ ਸਿੰਘ ਦੁਆਬੇ ਦੇ ਇਲਾਕੇ ਵਿੱਚ ਅਤੇ ਵਿਸ਼ੇਸ਼ ਕਰਕੇ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਬਹੁਤ ਸਾਰੀਆਂ ਸਾਹਿਤ ਸਭਾਵਾਂ ਨੂੰ ਬਣਾਉਣ ਅਤੇ ਸਰਗਰਮ ਰੱਖਣ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ। ਉਹ ਕਈ ਸਭਾਵਾਂ ਦੇ ਫਾਊਂਡਰ ਪ੍ਰਧਾਨ, ਵਰਤਮਾਨ ਸਮੇਂ ਸਰਪ੍ਰਸਤ ਹਨ। ਉਹ ਦਸੂਹਾ ਗੜ੍ਹਦੀਵਾਲਾ ਸਾਹਿਤ ਸਭਾ ਦੇ ਲੰਮਾ ਸਮਾਂ ਪ੍ਰਧਾਨ ਰਹੇ ਹਨ। ਉਹ ਸਮੇਂ-ਸਮੇਂ ’ਤੇ ਵੱਖ-ਵੱਖ ਸਭਾਵਾਂ ਵਿੱਚ ਵੱਖ-ਵੱਖ ਅਹੁਦਿਆਂ ’ਤੇ ਕਾਰਜਸ਼ੀਲ ਰਹੇ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: ਦੇ 1980 ਤੋਂ 1991 ਤੱਕ ਅਤੇ 2006 ਤੋਂ ਹੁਣ ਤੱਕ ਕਾਰਜਕਾਰੀ ਮੈਂਬਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਉਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਥੇਬੰਦੀਆਂ ਅਤੇ ਹੋਰ ਲੋਕ ਸੰਘਰਸ਼ਾਂ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਉਹ ਆਪਣੀਆਂ ਲਿਖਤਾਂ ਵਿੱਚ ਦੱਬੇ ਕੁਚਲੇ ਅਤੇ ਲਿਤਾੜੇ ਲੋਕਾਂ ਦੇ ਹੱਕ ਵਿੱਚ ਖੜ੍ਹਦੇ ਹਨ ਅਤੇ ਸੋਸ਼ਣ ਕਰਨ ਵਾਲਿਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਹਨ।

ਕਹਾਣੀਕਾਰ ਲਾਲ ਸਿੰਘ ਨੂੰ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ (1996), ਪਲਸ ਮੰਚ ਪੰਜਾਬ ਸਿਰਜਣਾ ਐਵਾਰਡ (2001), ਕਰਤਾਰ ਸਿੰਘ ਧਾਲੀਵਾਲ ਐਵਾਰਡ (2009), ਪ੍ਰਿੰਸੀਪਲ ਸੁਜਾਨ ਸਿੰਘ ਜਨਮ ਸ਼ਤਾਬਦੀ ਐਵਾਰਡ (2009), ਮਾਤਾ ਵਿਦਿਆਵਤੀ ਯਾਦਗਾਰੀ ਕਲਾ ਸਿਰਜਨਾ ਐਵਾਰਡ (2011), ਸਫ਼ਦਰ ਹਾਸ਼ਮੀ ਪੁਰਸਕਾਰ (2012), ਮਾਤਾ ਲਕਸ਼ਮੀ ਦੇਵੀ ਯਾਦਗਾਰੀ ਪੁਰਸਕਾਰ, ਚਰਨਦਾਸ ਜੈਨ ਯਾਦਗਾਰੀ ਪੁਰਸਕਾਰ (2014) ਅਤੇ 21ਵੀਂ ਸਦੀ ਦਾ ਕਹਾਣੀਕਾਰ ਸਨਮਾਨ (2018) ਸਮੇਤ ਬਹੁਤ ਸਾਰੇ ਮਾਨ-ਸਨਮਾਨ ਵੱਖ-ਵੱਖ ਸਮਿਆਂ ’ਤੇ ਬਹੁਤ ਸਾਰੀਆਂ ਸਾਹਿਤ ਸਭਾਵਾਂ ਵੱਲੋਂ ਦਿੱਤੇ ਗਏ ਹਨ। ਪੰਜਾਬੀ ਸਾਹਿਤ ਜਗਤ ਨੂੰ ਆਪਣੇ ਪ੍ਰਗਤੀਵਾਦੀ ਲੋਕ ਪੱਖੀ ਸਾਹਿਤਕਾਰ ’ਤੇ ਬਹੁਤ ਮਾਣ ਹੈ।

---

**ਨੋਟ:** ਬਹੁਤ ਹੀ ਖੇਦ ਨਾਲ ਲਿਖਣਾ ਪੈ ਰਿਹਾ ਹੈ ਕਿ ਕਹਾਣੀਕਾਰ ਲਾਲ ਸਿੰਘ ਦਸੂਹਾ 14 ਫ਼ਰਵਰੀ, 2026 ਨੂੰ ਅਕਾਲ ਚਲਾਣਾ ਕਰ ਗਏ।

# ਦਲਜੀਤ ਰਾਏ ਕਾਲੀਆ :
# ਇੱਕ ਕਵੀ-ਚਿੱਤ ਵਾਰਤਕਕਾਰ

— ਜਸਬੀਰ ਕਲਸੀ ਧਰਮਕੋਟ
ਮੋ:ਨੰ: 81468-13291



ਦਲਜੀਤ ਰਾਏ ਕਾਲੀਆ ਕਵੀ ਵੀ ਹੈ ਅਤੇ ਵਾਰਤਕਕਾਰ ਵੀ ਹੈ। ਉਸ ਦੀ ਕਵਿਤਾਕਾਰੀ ਅਤੇ ਵਾਰਤਕਕਾਰੀ, ਇੱਕ ਸਿੱਕੇ ਦੇ ਦੋ ਪਹਿਲੂ ਹਨ। ਉਸ ਦੀ ਕਵਿਤਾ ਵਿਚੋਂ ਵਾਰਤਕ ਅਤੇ ਵਾਰਤਕ ਵਿਚੋਂ ਕਵਿਤਾ ਵੀ ਡੂੰਘੀ ਨੀਝ ਵਾਲੀ ਨਜ਼ਰ ਦੇ ਨਾਲ਼ ਪਛਾਣੀ ਜਾ ਸਕਦੀ ਹੈ। ਪਰ! ਇਸ ਮੌਲਿਕ ਕੰਮ ਦੇ ਵਿਚੋਂ ਉਸ ਦੀ ਵਾਰਤਕਕਾਰੀ ਵਧੇਰੇ ਫੈਲੀ ਹੋਈ ਹੈ। ਹਾਂ, ਇਸ ਤਰ੍ਹਾਂ ਕਵਿਤਾ ਤੇ ਵਾਰਤਕ ਦੇ ਨਾਲ਼ ਨਾਲ਼ ਪੁਸਤਕ ਦੀ ਸੰਪਾਦਨਾ ਦਾ ਕਾਰਜ ਵੀ ਦਲਜੀਤ ਰਾਏ ਕਾਲੀਆ ਦੇ ਹਿੱਸੇ ਆਇਆ ਹੈ। ਇਹ ਸਾਰਾ ਕਾਰਜ ਦਲਜੀਤ ਰਾਏ ਕਾਲੀਆ ਦੀ ਚਾਲੀ ਸਾਲਾਂ ਤੋਂ ਵੀ ਵੱਧ ਲਗਾਤਾਰ ਲਗਨ ਦਾ ਨਤੀਜਾ ਹੈ।

ਜ਼ਿਲ੍ਹਾ ਫ਼ਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਦੇ ਅਧੀਨ ਆਉਂਦੇ ਪਿੰਡ ਪੰਡੋਰੀ ਖੱਤਰੀਆਂ ਦੇ ਸ਼੍ਰੀ ਰਾਮ ਚੰਦ ਕਾਲੀਆ ਉਰਫ਼ ਪੰਡਤ ਪੰਡੋਰੀ ਵਾਲਾ ਆਪਣੇ ਸਮੇਂ ਵਿੱਚ ਮਾਲਵੇ ਦੇ ਖਿੱਤੇ ਵਿੱਚ ਮਸ਼ਹੂਰ ਕਵੀਸ਼ਰ ਰਹੇ ਹਨ। ਜਿਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਦਰਜਨਾਂ ਪ੍ਰਸੰਗ ਤੇ ਕਿੱਸੇ ਵੀ ਲਿਖੇ ਹਨ। ਅਜਿਹੀ ਸਾਹਿਤਕ ਸ਼ਖ਼ਸੀਅਤ ਦੀ ਪਤਨੀ ਸ਼੍ਰੀਮਤੀ ਰੇਸ਼ਮ ਦੇਵੀ ਦੀ ਕੁੱਖੋਂ ਸੰਨ 1964 ਦੇ ਵਿੱਚ ਪੰਦਰਾਂ ਸਾਲ ਵੱਡੇ ਵੀਰ ਅਤੇ ਫਿਰ ਵੱਡੀ ਭੈਣ ਤੋਂ ਬਾਅਦ ਪੈਦਾ ਹੋਏ ਤੀਸਰੇ ਬੱਚੇ ਦਾ ਨਾਂ ਦਲਜੀਤ ਰਾਏ ਕਾਲੀਆ ਰੱਖਿਆ ਗਿਆ ਸੀ।

ਇਸ ਤੀਸਰੇ ਬੱਚੇ ਦਲਜੀਤ ਰਾਏ ਕਾਲੀਆ ਨੇ ਆਪਣੇ ਪਿਤਾ ਦੀ ਸਾਹਿਤਕ ਪ੍ਰਤਿਭਾ ਦੀ ਗੁੜ੍ਹਤੀ ਦੇ ਗੁਣਾਂ ਦਾ ਪ੍ਰਗਟਾਵਾ ਆਪਣੇ ਪਿੰਡ ਪੰਡੋਰੀ ਖੱਤਰੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਸਮੇਂ ਹੀ ਸਕੂਲ ਦੀ ਬਾਲ ਸਭਾ ਵਿੱਚ ਆਪਣੇ ਪਿਤਾ ਜੀ ਦੀਆਂ ਲਿਖੀਆਂ ਹੋਈਆਂ ਰਚਨਾਵਾਂ ਸੁਣਾਉਣ ਜ਼ਰੀਏ ਪ੍ਰਗਟ

ਕੀਤਾ ਸੀ। ਉਸ ਸਮੇਂ ਹੀ ਸਕੂਲ ਦੀ ਲਾਇਬ੍ਰੇਰੀ ਦੇ ਵਿਚੋਂ ਪੁਸਤਕਾਂ ਲੈ ਕੇ ਪੜ੍ਹਨ ਦੀ ਰੁਚੀ ਦਾ ਵੀ ਪ੍ਰਗਟਾਵਾ ਕਰ ਦਿੱਤਾ ਗਿਆ ਸੀ। ਜਿਸ ਦੀ ਬਦੌਲਤ ਸਰਕਾਰੀ ਮਿਡਲ ਸਕੂਲ ਕਾਲੀਏ ਵਾਲਾ ਵਿਖੇ ਆਰੰਭ ਕੀਤੀ ਗਈ ਛੇਵੀਂ ਜਮਾਤ ਦੇ ਦੌਰਾਨ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਦੇ ਮੌਕੇ ਉੱਤੇ ਦਲਜੀਤ ਰਾਏ ਕਾਲੀਆ ਦੇ ਵੱਲੋਂ ਸਪੀਚ ਪ੍ਰੋਗਰਾਮ ਵਿੱਚ ਹਿੱਸਾ ਲਿਆ ਗਿਆ। ਜਿਸ ਵਿਚੋਂ ਪਹਿਲਾ ਸਥਾਨ ਪ੍ਰਾਪਤ ਹੋਇਆ। ਜਿਸ ਲਈ ਸਮਾਗਮ ਦੇ ਵਿੱਚ ਸ਼ਾਮਿਲ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਸੂਬੇਦਾਰ ਰਤਨ ਸਿੰਘ ਦੇ ਹੱਥੋਂ ਸਨਮਾਨ ਹਾਸਿਲ ਹੋਇਆ ਸੀ।

ਇਉਂ ਦਲਜੀਤ ਰਾਏ ਕਾਲੀਆ ਆਪਣੇ ਬਚਪਨ ਵਿੱਚ ਹੀ ਕਵਿਤਾ ਅਤੇ ਵਾਰਤਕ ਦੇ ਨਾਲ਼ ਪਰਿਵਾਰ ਅਤੇ ਸਕੂਲ ਦੀਆਂ ਸਾਹਿਤਕ ਸਰਗਰਮੀਆਂ ਜ਼ਰੀਏ ਸਰਗਰਮ ਹੋਇਆ। ਪਰ ! ਉਸ ਨੇ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਮੈਡੀਕਲ ਦੀ ਪੜ੍ਹਾਈ ਕੀਤੀ। ਫ਼ਿਰ, ਪ੍ਰਾਈਵੇਟ ਹਸਪਤਾਲ ਵਿੱਚ ਨੌਕਰੀ ਮਿਲ ਗਈ ਸੀ। ਪਰ ਉਹ ਕੁਝ ਸਮੇਂ ਬਾਅਦ ਹੀ ਫਰਵਰੀ 1983 ਵਿੱਚ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਅਧੀਨ ਸਿਵਲ ਹਸਪਤਾਲ ਜ਼ੀਰਾ ਦਾ ਕਰਮਚਾਰੀ ਬਣ ਗਿਆ ਸੀ। ਮਾਂ ਦੀ ਬਿਮਾਰੀ ਦੇ ਕਾਰਨ ਸੰਨ 1983 ਦੇ ਦੌਰਾਨ ਹੀ ਛੋਟੀ ਉਮਰ ਵਿੱਚ ਵਿਆਹ ਸ਼ਹਿਰ ਜ਼ੀਰਾ ਵਾਸੀ ਦਰਸ਼ਨਾ ਰਾਣੀ ਦੇ ਨਾਲ ਹੋਇਆ। ਪਰ ਸੰਨ 1985 ਦੇ ਵਿੱਚ ਮਾਂ ਦੀ ਮੌਤ ਦਾ ਵਿਛੋੜਾ ਸਹਿਣਾ ਪੈ ਗਿਆ। ਫ਼ਿਰ, ਸੰਨ 1987 ਦੇ ਵਿੱਚ ਪਿੰਡ ਤੋਂ ਵਿਛੋੜਾ ਪਿਆ ਕਿ ਸ਼ਹਿਰ ਜ਼ੀਰਾ ਦਾ ਪੱਕਾ ਵਾਸੀ ਬਣ ਗਿਆ ਤਾਂ ਪਿੰਡ ਤੋਂ ਕੁਝ ਕਿਲੋਮੀਟਰਾਂ ਦੀ ਦੂਰੀ ਦਾ ਪਰਵਾਸੀ ਵੀ ਬਣਨਾ ਪਿਆ।

ਦਲਜੀਤ ਰਾਏ ਕਾਲੀਆ ਦਾ ਸਾਹਿਤਕ ਸਫ਼ਰ 29 ਸਤੰਬਰ, 1985 ਨੂੰ 'ਅਜੀਤ' ਅਖ਼ਬਾਰ ਵਿੱਚ ਪਹਿਲੀ ਰਚਨਾ ਛਪੀ ਤੋਂ ਆਰੰਭ ਹੋਇਆ, ਤਾਂ ਫਿਰ ਚੱਲ ਸੋ ਚੱਲ ਲਗਾਤਾਰਤਾ ਦੇ ਨਾਲ਼ ਪੰਜਾਬੀ ਦੇ ਸਾਰੇ ਹੀ ਰੋਜ਼ਾਨਾ ਅਖ਼ਬਾਰਾਂ ਜਿਵੇਂ, 'ਅਜੀਤ, ਅਕਾਲੀ ਪੱਤ੍ਰਕਾ, ਜੱਗ ਬਾਣੀ, ਨਵਾਂ ਜ਼ਮਾਨਾ, ਪੰਜਾਬੀ ਟ੍ਰਿਬਿਊਨ, ਅੱਜ ਦੀ ਆਵਾਜ਼, ਦੇਸ਼ ਸੇਵਕ, ਪੰਜਾਬੀ ਜਾਗਰਣ' ਆਦਿ ਹਨ ਉੱਥੇ, ਮਾਸਿਕ ਤੇ ਤ੍ਰੈ-ਮਾਸਿਕ ਸਾਹਿਤਕ ਮੈਗਜ਼ੀਨਾਂ ਵਿੱਚ 'ਪ੍ਰੀਤ ਲੜੀ, ਜਾਗ੍ਰਿਤੀ, ਪੰਜ ਦਰਿਆ, ਪੰਖੜੀਆਂ, ਪ੍ਰਾਇਮਰੀ ਸਿੱਖਿਆ, ਜਨ ਸਾਹਿਤ, ਪੰਜਾਬੀ ਦੁਨੀਆਂ, ਸਤਲੁਜ, ਵਿਗਿਆਨ ਜੋਤ, ਅਲਖ, ਮੁਹਾਂਦਰਾ, ਚੇਤਨਾ ਸ਼ਕਤੀ, ਲੋਹਮਣੀ, ਸਮਾਂਤਰ ਨਜ਼ਰੀਆ,

ਸ਼ਿਵਾਲਕ' ਆਦਿ ਦੇ ਨਾਲ਼ ਨਾਲ਼ ਧਾਰਮਿਕ ਮੈਗਜ਼ੀਨਾਂ ਵਿੱਚੋਂ ਗੁਰਮਤਿ ਪ੍ਰਕਾਸ਼, ਸੀਸ ਗੰਜ, ਸੱਚ ਖੰਡ ਪੱਤਰ, ਸਾਡਾ ਵਿਰਸਾ ਸਾਡਾ ਗੌਰਵ, ਸਿੱਖ ਫੁੱਲਵਾੜੀ ਆਦਿ ਦੇ ਵਿੱਚ ਰਚਨਾਵਾਂ ਛਪਦੀਆਂ ਹਨ।

ਦਲਜੀਤ ਰਾਏ ਕਾਲੀਆ ਸਿਹਤ ਵਿਭਾਗ ਪੰਜਾਬ ਸਰਕਾਰ ਦੀ ਕਰਮਚਾਰੀ ਯੂਨੀਅਨ ਦੇ ਵਿੱਚ ਸਥਾਨਕ ਪੱਧਰ ਤੋਂ ਲੈ ਕੇ ਪੰਜਾਬ ਪੱਧਰ ਤੱਕ ਵੱਖ-ਵੱਖ ਅਹੁਦਿਆਂ ਵਜੋਂ ਸਰਗਰਮ ਰਿਹਾ। ਤਾਂ 'ਕਰਮਚਾਰੀ ਲਹਿਰ, ਮੁਲਾਜ਼ਮ ਲਹਿਰ ਦੇ' ਨਾਂ ਹੇਠ ਪ੍ਰਕਾਸ਼ਿਤ ਹੁੰਦੇ ਮੈਗਜ਼ੀਨਾਂ ਦੇ ਪੰਨਿਆਂ ਉੱਤੇ ਕਰਮਚਾਰੀਆਂ ਦੀਆਂ ਸਮੱਸਿਆਵਾਂ ਦੇ ਨਾਲ਼ ਸਬੰਧਤ ਲੇਖ, ਕਵਿਤਾਵਾਂ ਵੀ ਛਪਵਾਉਂਦਾ ਰਿਹਾ। ਇਸ ਤੋਂ ਇਲਾਵਾ 1989 ਤੋਂ 1992-93 ਤੱਕ ਅਕਾਸ਼ਵਾਣੀ ਦੇ ਜਲੰਧਰ ਕੇਂਦਰ ਤੋਂ ਰੇਡੀਓ ਲਈ ਰਚਨਾਵਾਂ ਪੇਸ਼ ਕਰਨ ਦਾ ਸਫ਼ਰ ਵੀ ਚੱਲਿਆ ਸੀ।

ਹੁਣ ਜੇ ਦਲਜੀਤ ਰਾਏ ਕਾਲੀਆ ਦੇ ਪੁਸਤਕ ਸੰਸਾਰ ਦੀ ਗੱਲ ਕਰੀਏ ਤਾਂ ਸੰਨ 1995 ਤੋਂ ਸਾਂਝੇ ਸੰਗ੍ਰਹਿ ਜਿਵੇਂ, ਹਾਸਰਸ ਸੰਗ੍ਰਹਿ (1995), ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਕਾਵਿ (2005), ਸ਼ਹੀਦ ਕਰਤਾਰ ਸਿੰਘ ਸਰਾਭਾ ਕਾਵਿ ਸ਼ਰਧਾਂਜਲੀ (2011), ਤ੍ਰਿਵੈਣੀ (2013), ਹਰਫ਼ਾਂ ਦੇ ਅੰਗ ਸੰਗ ਕਾਵਿ (2022), ਸੁਪਨਾ ਤੇ ਸਾਂਝਾ ਸਫ਼ਰ ਗ਼ਜ਼ਲਾਂ (2022), ਖੇਤ ਜਾਗ ਪਏ ਕਿਸਾਨੀ ਸੰਘਰਸ਼ ਕਾਵਿ (2022), ਸਿਤਾਰਿਆਂ ਦਾ ਕਾਫ਼ਲਾ ਗ਼ਜ਼ਲਾਂ (2023), ਸ਼ਬਦ ਸਾਗਰ ਕਾਵਿ (2024), ਗੁਲਿਸਤਾਨ ਏ ਗ਼ਜ਼ਲ (2025), ਸੋਚਾਂ ਦੀ ਦਹਿਲੀਜ਼ (2025) ਦੇ ਵਿੱਚ ਕਵਿਤਾ ਅਤੇ ਵਾਰਤਕ ਵਜੋਂ ਹਾਜ਼ਰੀ ਹੈ।

ਦਲਜੀਤ ਰਾਏ ਕਾਲੀਆ ਨੇ ਆਪਣੇ ਚਾਲੀ ਸਾਲਾਂ (1985-2025) ਦੇ ਸਾਹਿਤਕ ਸਫ਼ਰ ਦੌਰਾਨ ਬਹੁਤ ਵੱਡੀ ਗਿਣਤੀ ਦੇ ਵਿੱਚ ਕਾਵਿ ਅਤੇ ਵਾਰਤਕ ਰਚਨਾ ਦੀ ਮੌਲਿਕ ਸਿਰਜਣਾ ਕੀਤੀ ਹੈ। ਜਿਸ ਨੂੰ ਬਹੁਤ ਵੱਡੀ ਗਿਣਤੀ ਦੇ ਵਿੱਚ ਵੱਖ-ਵੱਖ ਰੋਜ਼ਾਨਾ ਅਖ਼ਬਾਰਾਂ ਅਤੇ ਮੈਗਜ਼ੀਨਾਂ ਦੇ ਪੰਨਿਆਂ ਰਾਹੀਂ ਪਾਠਕਾਂ ਦੇ ਰੂ-ਬਰੂ ਵੀ ਕੀਤਾ ਗਿਆ ਹੈ। ਇਸ ਦੇ ਨਾਲ਼ ਨਾਲ਼ ਸਾਂਝੇ ਸੰਗ੍ਰਹਿਆਂ ਅੰਦਰ ਸ਼ਾਮਿਲ ਹੋਇਆ ਹੈ। ਪਰ! ਆਪਣੀਆਂ ਮੌਲਿਕ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਦੇ ਕੰਮ ਵਿੱਚ ਬਹੁਤ ਘੱਟ ਗਿਣਤੀ ਤੱਕ ਸੀਮਤ ਰਿਹਾ ਹੈ। ਸੋ, ਦਲਜੀਤ ਰਾਏ ਕਾਲੀਆ ਦੀਆਂ ਮੌਲਿਕ ਪੁਸਤਕਾਂ ਦੇ ਸੰਸਾਰ ਦੀ ਜਾਣਕਾਰੀ ਇਉਂ ਹੈ ਸੰਨ 2010 ਦੇ ਵਿੱਚ 'ਭਾਰਤ ਦੇ ਉੱਘੇ ਸੁਤੰਤਰਤਾ' ਸੰਗਰਾਮੀ, ਸੰਨ 2019 ਦੇ ਵਿੱਚ 'ਗ਼ਦਰ ਲਹਿਰ ਦੇ ਸ਼ਹੀਦ', ਸੰਨ

2024 ਦੇ ਵਿੱਚ 'ਉੱਘੇ ਗ਼ਦਰੀ ਸੂਰਬੀਰ'। ਇਹ ਤਿੰਨ ਦੀਆਂ ਤਿੰਨ ਪੁਸਤਕਾਂ ਵਾਰਤਕ ਵਿਧਾ ਦੇ ਨਾਲ਼ ਸਬੰਧਤ ਹਨ। ਇਹਨਾਂ ਦੇ ਨਾਲ਼ ਹੋਰ ਤਿੰਨ ਪੁਸਤਕਾਂ ਸੰਪਾਦਿਤ ਕੀਤੀਆਂ ਗਈਆਂ ਜੁੜਦੀਆਂ ਹਨ। ਉਹ ਕਵਿਤਾ ਵਿਧਾ ਦੀਆਂ ਹੀ ਹਨ। ਜਿਵੇਂ ਸੰਨ 2010 ਦੇ ਵਿੱਚ ਹੀ ਦਲਜੀਤ ਰਾਏ ਕਾਲੀਆ ਨੇ ਆਪਣੇ ਪਿਤਾ ਜੀ ਦੀ ਕਵੀਸ਼ਰੀ ਤੇ ਸੰਖੇਪ ਵਿੱਚ ਜੀਵਨ ਵਿਚੋਂ ਚੋਣਵੇਂ ਅੰਸ਼ ਲੈ ਕੇ 'ਪੰਡਤ ਰਾਮ ਚੰਦ ਪੰਡੋਰੀ ਦੀ ਕਵੀਸ਼ਰੀ' ਨਾਮ ਹੇਠ ਪ੍ਰਕਾਸ਼ਿਤ ਕਰਵਾਈ ਸੀ। ਫ਼ਿਰ, ਆਪਣੇ ਸ਼ਹਿਰ ਜ਼ੀਰਾ ਦੇ ਅਤੇ ਪੰਜਾਬ ਦੇ ਕੁਝ ਹਿੱਸੇ ਵਿਚੋਂ ਚੁਣੇ ਕਵੀਆਂ ਦੀਆਂ ਕਵਿਤਾਵਾਂ 'ਮਹਿਕ ਸ਼ਬਦਾਂ ਦੀ' (2019), ਵਿੱਚ ਅਤੇ ਹੁਣ ਸਾਹਿਤ ਸਭਾ ਜ਼ੀਰਾ ਦੇ ਮੈਂਬਰਾਂ ਦੀਆਂ ਕਵਿਤਾਵਾਂ ਨਾਲ ਸਬੰਧਤ 'ਸੋਚਾਂ ਦੀ ਦਹਿਲੀਜ਼' (2025) ਹਨ।

ਦਲਜੀਤ ਰਾਏ ਕਾਲੀਆ ਦੀ ਸ਼ਖ਼ਸੀਅਤ ਨੂੰ ਨਿਖ਼ਾਰਨ ਵਿੱਚ ਸ਼ਹਿਰ ਜ਼ੀਰਾ ਦਾ ਸਭ ਤੋਂ ਵੱਡਾ ਯੋਗਦਾਨ ਹੈ। ਜਿੱਥੇ ਇੱਕ ਸਧਾਰਨ ਪਿੰਡ ਦਾ ਪਰ ਪੜ੍ਹੇ-ਲਿਖੇ ਪਰਿਵਾਰ ਦੀ ਗੁੜ੍ਹਤੀ ਨਾਲ਼ ਜਵਾਨ ਹੋਇਆ ਪੁੱਤ ਸ਼ਹਿਰ ਜ਼ੀਰਾ ਦਾ ਵਾਸੀ ਅਤੇ ਪਿੰਡ ਦਾ ਪਰਵਾਸੀ ਪੁੱਤ ਬਣ ਗਿਆ ਤਾਂ ਉੱਥੇ ਸ਼ਹਿਰ ਜ਼ੀਰਾ ਦੀਆਂ ਸਾਹਿਤਕ ਸ਼ਖ਼ਸੀਅਤਾਂ ਦੇ ਸੰਪਰਕ ਵਿੱਚ ਆ ਗਿਆ ਸੀ, ਜਿਵੇਂ ਕਵਿਤਾ ਅਤੇ ਵਾਰਤਕ ਨਾਲ਼ ਸਬੰਧਤ ਦੋ ਸ਼ਖ਼ਸੀਅਤਾਂ ਪ੍ਰੋਫੈਸਰ ਡਾ. ਗੁਰਚਰਨ ਸਿੰਘ ਔਲਖ ਅਤੇ ਪ੍ਰੋਫੈਸਰ ਅਤੈ ਸਿੰਘ ਜੋ ਕਿ ਸ਼ਹਿਰ ਜ਼ੀਰਾ ਦੇ ਵਾਸੀ ਸਨ ਅਤੇ ਸ਼ਹਿਰ ਦੇ ਸਰਕਾਰੀ ਕਾਲਜ ਜ਼ੀਰਾ ਵਿੱਚ ਪ੍ਰਾ-ਅਧਿਆਪਕ ਸਨ। ਇਨ੍ਹਾਂ ਦੋ ਸ਼ਖ਼ਸੀਅਤਾਂ ਦੇ ਨਾਲ਼ ਵਾਹ-ਵਾਸਤਾ ਪਿਆ ਤਾਂ ਦਲਜੀਤ ਰਾਏ ਕਾਲੀਆ ਨੇ ਪ੍ਰਾਈਵੇਟ ਤੌਰ 'ਤੇ ਬੀ.ਏ. ਅਤੇ ਐਮ.ਏ. ਪੰਜਾਬੀ ਅਤੇ ਇਤਿਹਾਸ ਤੱਕ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ। ਮੈਂ ਸਮਝਦਾ ਹਾਂ ਕਿ ਦਲਜੀਤ ਰਾਏ ਕਾਲੀਆ ਨੂੰ ਜਿੱਥੇ ਬਚਪਨ ਵਿੱਚ ਹੀ ਕਵਿਤਾ ਅਤੇ ਸਪੀਚ ਜ਼ਰੀਏ ਵਾਰਤਕ ਦੀ ਗੁੜ੍ਹਤੀ ਮਿਲੀ ਸੀ ਉੱਥੇ, ਉਸ ਦੀ ਕਵਿਤਾ ਅਤੇ ਵਾਰਤਕ ਨੂੰ ਪ੍ਰੋੜਤਾ ਪੰਜਾਬੀ ਦੇ ਪ੍ਰੋਫੈਸਰ ਅਤੈ ਸਿੰਘ ਅਤੇ ਇਤਿਹਾਸ ਦੇ ਪ੍ਰੋਫੈਸਰ ਡਾ. ਗੁਰਚਰਨ ਸਿੰਘ ਔਲਖ ਨੇ ਪ੍ਰਦਾਨ ਕੀਤੀ ਹੈ। ਇਸ ਦੇ ਨਾਲ਼ ਹੀ ਸਾਹਿਤ ਸਭਾ ਜ਼ੀਰਾ ਵਿੱਚ ਸ਼ਾਮਿਲ ਹੋਣ ਦੇ ਕਾਰਨ ਦਲਜੀਤ ਰਾਏ ਕਾਲੀਆ ਦਾ ਸਾਹਿਤਕ ਸਫ਼ਰ ਪੈੜ-ਦਰ-ਪੈੜ ਨਾਲੋਂ ਨਾਲ਼ ਹੀ ਟੁਰਦਾ ਰਿਹਾ। ਇਉਂ ਇੱਕ ਸ਼ਹਿਰ ਜ਼ੀਰਾ ਦਾ ਵਿਦਿਅਕ ਅਤੇ ਸਾਹਿਤਕ ਮਾਹੌਲ ਦਲਜੀਤ ਰਾਏ ਕਾਲੀਆ ਦੀ ਸ਼ਖ਼ਸੀਅਤ ਨੂੰ ਨਿਖ਼ਾਰਦਾ ਵੀ ਹੈ ਤੇ ਉਸਾਰਦਾ ਵੀ ਹੈ।

ਉਪਰੋਕਤ ਸ਼ਖ਼ਸੀਅਤਾਂ ਤੇ ਸੰਸਥਾਵਾਂ ਨੇ ਦਲਜੀਤ ਰਾਏ ਕਾਲੀਆ ਦੀ ਚੇਤਨਾ ਦੇ ਸਿਰ ਵਿੱਚ ਗਰਮ ਘਿਉ ਝੱਸ ਕੇ ਗਰਮਾਇਸ਼ ਦੇਣ ਵਾਂਗੂੰ ਹੀ ਬਚਪਨ ਤੇ ਜਵਾਨੀ ਦੇ ਸਮੇਂ ਕਵਿਤਾ ਅਤੇ ਇਤਿਹਾਸਕ ਵਾਰਤਕ ਪੜ੍ਹਨ ਅਤੇ ਸਮਝਣ ਦੇ ਰਾਹ ਪਾਉਣ ਦਾ ਰੋਲ ਨਿਭਾਇਆ ਹੈ। ਜਿਸ ਕਰਕੇ ਦਲਜੀਤ ਰਾਏ ਕਾਲੀਆ ਦੀ ਕਵਿਤਾ ਅਤੇ ਵਾਰਤਕ ਵਿੱਚ ਪਰਿਵਾਰ ਤੋਂ ਸੰਸਾਰ ਦਰਮਿਆਨ ਲੋੜੀਂਦੇ ਸ਼ਖ਼ਸੀਅਤ ਪਿਆਰ, ਦੇਸ਼ ਪਿਆਰ, ਬੋਲੀ ਅਤੇ ਸੱਭਿਆਚਾਰ ਦੇ ਪਿਆਰ ਨਾਲ਼ ਆਜ਼ਾਦੀ ਨਾਲ਼ ਪਿਆਰ ਦੀ ਭਾਵਨਾ ਦੇ ਪ੍ਰਗਟਾਵੇ ਦੀ ਪਛਾਣ ਗੂੜ੍ਹੇ ਰੰਗਾਂ ਦੇ ਵਿੱਚ ਰੰਗੀ ਹੋਈ ਪ੍ਰਾਪਤ ਹੁੰਦੀ ਹੈ। ਇਸ ਲਈ ਦਲਜੀਤ ਰਾਏ ਕਾਲੀਆ ਦੀ ਕਵਿਤਾ ਦੇ ਵਿਚੋਂ ਕੁਝ ਨਮੂਨੇ ਇੱਥੇ ਉਦਾਹਰਣ ਵਜੋਂ ਪੇਸ਼ ਹਨ:

- ਬਚਪਨ ਵਿੱਚ ਜਦੋਂ ਵੀ ਵਿਚਰਾਂ,
  ਦਿਸਦੀ ਲੋਰੀ ਦਿੰਦੀ ਮਾਂ।
- ਧਰਤ ਮਾਤਾ ਵੀ ਹੈ ਮੰਦੇ ਹਾਲ ਹੁਣ,
  ਪੁੱਤਰਾਂ ਦੇ ਕਾਰਿਆਂ ਤੇ ਰੋ ਰਹੀ।
  ਪੌਣ ਪਾਣੀ ਗੰਧਲੇ ਸਭ ਕਰ ਧਰੇ,
  ਜ਼ਿੰਦਗੀ ਦਾ ਮੌਲਣਾ ਮੁਸ਼ਕਲ ਬੜਾ।
- ਭਾਰਤ ਦੇਸ਼ ਹੈ ਜਾਨ ਤੋਂ ਵੱਧ ਸਾਨੂੰ,
  ਅਸੀਂ ਦੇਸ਼ ਦੇ ਹਾਂ ਹੀਰੇ ਲਾਲ ਸਾਰੇ।
  ਲਾਜਪਤ ਨੇ ਲਾਜ ਤੇ ਪੱਤ ਰੱਖੀ,
  ਭਗਤ ਸਿੰਘ ਹੋਏ ਕੁਰਬਾਨ ਇਸ ਤੋਂ।
- ਮਿਲੋ-ਗਿਲੋ ਤੇ ਆਓ ਜਾਓ,
  ਜਿੱਥੇ ਮਿਲਦਾ ਆਦਰ ਮਾਣ।
  ਬਿਨ ਸੱਦੇ ਮਹਿਮਾਨ ਜੇ ਬਣ ਕੇ,
  ਕਦਰ ਘਟਾਓ, ਕੀ ਫਾਇਦਾ।

ਜਿਵੇਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਦਲਜੀਤ ਰਾਏ ਕਾਲੀਆ ਨੇ ਕਵਿਤਾ ਦੇ ਨਾਲ਼ੋਂ ਵਾਰਤਕ ਵਧੇਰੇ ਲਿਖੀ ਹੈ। ਜਿਸ ਵਿਚੋਂ ਗ਼ਦਰੀ ਬਾਬਿਆਂ, ਸੁਤੰਤਰਤਾ ਸੰਗਰਾਮੀਆਂ ਅਤੇ ਪ੍ਰਸਿੱਧ ਪੰਜਾਬੀ ਸਾਹਿਤਕਾਰਾਂ ਸਬੰਧੀ ਜੀਵਨੀ-ਮੂਲਕ ਲੇਖ ਪੜ੍ਹਨ ਨੂੰ ਮਿਲਦੇ ਹਨ। ਜਿਨ੍ਹਾਂ ਵਿਚੋਂ ਵਾਰਤਕ ਦੀ ਪੇਸ਼ਕਾਰੀ ਦੇ ਵੀ ਇੱਕ-ਦੋ ਨਮੂਨੇ

ਇੱਥੇ ਸੰਖੇਪ ਵਿੱਚ ਪੇਸ਼ ਹਨ:

- ‘ਦੇਸ਼ ਪਹੁੰਚ ਕੇ ਸਰਾਭਾ ਲਹਿਰ ਨੂੰ ਸੰਗਠਿਤ ਕਰਨ ਲਈ ਸਰਗਰਮ ਹੋ ਗਿਆ।... ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ... ਸਮੇਤ...16 ਨਵੰਬਰ, 1916 ਨੂੰ ਹੱਸਦੇ ਹੋਏ ਫਾਂਸੀ ਚੜ੍ਹ ਗਏ।’ (ਪੰਨਾ 87, 88 ਪੁਸਤਕ ‘ਗਦ੍ਰ ਲਹਿਰ ਦੇ ਸ਼ਹੀਦ’)।
- ‘ਦੇਸ਼ ਦੀ ਵੰਡ ਬਨਾਮ ਪੰਜਾਬ ਦੀ ਵੰਡ’ ਲੇਖ ਦੇ ਅੰਤ ਵਿੱਚ ਦਲਜੀਤ ਰਾਏ ਕਾਲੀਆ ਜੀ ਲਿਖਦੇ ਹਨ, ‘ਪੰਜਾਬ ਦੀ ਵੰਡ ਭਾਰਤ ਦੇ ਇਤਿਹਾਸ ਵਿੱਚ ਘਟੀ ਅਜਿਹੀ ਖੂਨੀ ਅਮਾਨਵੀ ਅਤੇ ਭਿਆਨਕ ਘਟਨਾ ਹੈ, ਜਿਸ ਦੀ ਉਦਾਹਰਨ ਵਿਸ਼ਵ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਪੰਜਾਬੀਆਂ ਲਈ ਵੰਡ ਦਾ ਸੰਤਾਪ ਭੁੱਲ ਸਕਣਾ ਅਸੰਭਵ ਹੈ, ਪੁਰਾਣੇ ਬਜ਼ੁਰਗ ਅਕਸਰ ਆਪਣੀ ਜਨਮ ਭੋਏਂ ਦੇ ਦਰਸ਼ਣਾਂ ਲਈ ਤਾਂਘਦੇ ਰਹਿੰਦੇ ਹਨ।’ (ਸਰੋਕਾਰ ਕੈਨੇਡਾ 14 ਅਗਸਤ, 2025)।
- ‘ਗਿਆਨੀ ਸੋਹਣ ਸਿੰਘ ਸੀਤਲ ਵਿਸ਼ਵ ਪ੍ਰਸਿੱਧ ਢਾਡੀ, ਉੱਚ ਕੋਟੀ ਦੇ ਸਾਹਿਤਕਾਰ ਤੇ ਉੱਘੇ ਸਿੱਖ ਪ੍ਰਚਾਰਕ ਸਨ। ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ... ਵਿਖੇ ਹੋਇਆ।’ (21 ਸਤੰਬਰ 2025, ‘ਪੰਜਾਬੀ ਜਾਗਰਣ’)।

ਇਉਂ ਦਲਜੀਤ ਰਾਏ ਕਾਲੀਆ ਪੰਜਾਬੀ ਸਾਹਿਤ ਦੇ ਕਵਿਤਾ ਅਤੇ ਵਾਰਤਕ ਖੇਤਰ ਵਿੱਚ ਆਪਣੇ ਰਚਨਾ-ਸੰਸਾਰ ਦੀ ਭੂਮਿਕਾ ਦਰਜ ਕਰਵਾਉਂਦਾ ਹੈ। ਇਉਂ ਕਰਦਿਆਂ ਉਸ ਨੇ ਸਾਹਿਤ ਦੇ ਮਾਨਵੀ ਤੇ ਇਨਕਲਾਬੀ ਅਤੇ ਸਾਹਿਤਕ ਸਰੋਕਾਰਾਂ ਨੂੰ ਪੰਜਾਬੀ ਪਾਠਕ ਤੱਕ ਆਪਣੀ ਪਹੁੰਚ ਤੇ ਪਛਾਣ ਦੇ ਮਾਧਿਅਮ ਰੋਜ਼ਾਨਾ ਅਖ਼ਬਾਰਾਂ, ਮਾਸਿਕ ਤੇ ਤ੍ਰੈਮਾਸਿਕ ਸਾਹਿਤਕ ਮੈਗਜ਼ੀਨਾਂ ਅਤੇ ਪੁਸਤਕਾਂ ਜ਼ਰੀਏ ਪਹੁੰਚਾਇਆ ਹੈ। ਦਲਜੀਤ ਰਾਏ ਕਾਲੀਆ ਦੀ ਇਸ ਦੇਣ ਦਾ ਯੋਗ-ਮੁੱਲ ਪਾਇਆ ਜਾਣਾ ਅਜੇ ਬਾਕੀ ਹੈ।

ਦਲਜੀਤ ਰਾਏ ਕਾਲੀਆ ਇੱਕ ਸਾਹਿਤਕਾਰ ਵਜੋਂ ਵਿਚਰਣ ਲਈ ਸ਼ਹਿਰ ਜ਼ੀਰਾ ਵਿਖੇ ਸਾਹਿਤ ਸਭਾ ਦਾ ਗਠਨ ਵੀ ਕਰਦਾ ਹੈ। ਜਿਸ ਜ਼ਰੀਏ ਆਪਣੇ ਆਲੇ-ਦੁਆਲੇ ਦੇ ਅਤੇ ਦੂਰ ਤੱਕ ਦੇ ਸਾਹਿਤਕਾਰਾਂ ਨਾਲ਼ ਸਾਹਿਤਕ ਪ੍ਰੋਗਰਾਮਾਂ ਵਿੱਚ ਮਿਲਣ-ਗਿਲਣ ਦਾ ਸਿੱਧਾ ਸੰਪਰਕ ਵੀ ਸਿਰਜਦਾ ਹੈ। ਅੱਜ ਵੀ ਸਾਹਿਤ ਸਭਾ ਜ਼ੀਰਾ

ਦੀ ਪ੍ਰਧਾਨਗੀ ਵਾਲੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ਼ ਨਾਲ਼ ਸਾਹਿਤਕ ਸੱਜਣਾਂ ਦੇ ਨਾਲ਼ ਸਿੱਧਾ ਸੰਪਰਕ ਰੱਖਣ, ਆਪਣਾ ਮੌਲਿਕ ਸਾਹਿਤ ਸਿਰਜਣ ਤੇ ਪ੍ਰਕਾਸ਼ਿਤ ਕਰਵਾਉਣ ਦਾ ਕਾਰਜ ਕਰ ਰਿਹਾ ਹੈ। ਜਿਸ ਦੇ ਨਾਲ਼-ਨਾਲ਼ ਆਪਣੇ ਘਰ-ਪਰਿਵਾਰ ਵਿੱਚ ਦੋ ਧੀਆਂ ਤੇ ਇੱਕ ਪੁੱਤਰ ਨਾਲ਼ ਸਬੰਧਤ ਕੁੜਮਾਚਾਰੀ ਦੀਆਂ ਜ਼ਿੰਮੇਵਾਰੀਆਂ ਵੀ ਨਿਭਾ ਰਿਹਾ ਹੈ। ਹਾਂ, ਸਰਕਾਰੀ ਨੌਕਰੀ ਵਿੱਚ ਐਮ.ਐਲ.ਟੀ. ਗ੍ਰੇਡ-II ਤੋਂ ਐਮ.ਐਲ.ਟੀ. ਗ੍ਰੇਡ-I ਵਜੋਂ ਤਰੱਕੀ ਪ੍ਰਾਪਤ ਕਰਨ ਉਪਰੰਤ ਸੇਵਾ-ਮੁਕਤ ਹੋਇਆ ਹੈ। ਸਰੀਰਕ ਤੌਰ ਉੱਤੇ ਤੰਦਰੁਸਤ ਹੈ ਤੇ ਆਪਣੇ ਸਾਹਿਤਕ ਸ਼ੌਕ ਪੱਖੋਂ ਲਾਲ ਟਾਹਲੀ ਵਾਂਗ ਮਜ਼ਬੂਤ ਤੇ ਲੰਮੇ ਕੱਦ ਵਾਲਾ ਹੈ। ਗੋਰੇ ਰੰਗ ਦਾ ਹੈ। ਵੱਡੇ ਮੱਥੇ ਵਾਲਾ ਹੈ। ਫੁਰਤੀਲੀਆਂ ਮੋਟੀਆਂ ਅੱਖਾਂ ਤੇ ਮੁਸਕਰਾਉਂਦੇ ਚਿਹਰੇ ਵਾਲਾ ਹੈ। ਜ਼ੁਬਾਨ ਦਾ ਮਿੱਠ-ਬੋਲੜਾ ਹੈ। ਆਪਣੇ ਮੁੱਢਲੇ ਸਮੇਂ ਦੇ ਮੇਰੇ ਵਰਗੇ ਸਾਥੀਆਂ ਦੇ ਨਾਲ਼ ਲਗਾਤਾਰ ਸੰਪਰਕ ਵਿੱਚ ਰਹਿਣ ਵਾਲਾ ਦਲਜੀਤ ਰਾਏ ਕਾਲੀਆ ਕਵੀ-ਚਿੱਤ ਵਾਰਤਕਕਾਰ ਹੈ। ਜਿਸ ਵਿੱਚ ਸ਼ਖ਼ਸੀਅਤ ਪਿਆਰ, ਦੇਸ਼ ਪਿਆਰ, ਬੋਲੀ ਤੇ ਸੱਭਿਆਚਾਰ ਦੇ ਪਿਆਰ ਦੇ ਨਾਲ਼ ਨਾਲ਼ ਆਜ਼ਾਦੀ ਨਾਲ਼ ਪਿਆਰ ਦੀ ਭਾਵਨਾ ਦੇ ਪ੍ਰਗਟਾਵੇ ਦੀ ਪਛਾਣ ਗੂੜ੍ਹੇ ਰੰਗਾਂ ਵਿੱਚ ਪਈ ਹੋਈ ਹੈ। ਨਿਰਸੰਦੇਹ ਇੱਕ ਅਜ਼ੀਮ ਸ਼ਖ਼ਸੀਅਤ ਹੈ।